@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 11 August 2024

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 11 ਅਗਸਤ 2024, 27 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 276, qpatrika@gmail.com ਫੋਨ : 9971359517 www.qaumipatrika.org

## ਬੰਗਲਾਦੇਸ਼ 'ਚ ਜੋ ਹੋ ਰਿਹਾ ਹੈ, ਉਹ ਇੱਥੇ ਵੀ ਹੋ ਸਕਦੈ : ਸਲਮਾਨ ਖੁਰਸ਼ੀਦ

ਨਵੀਂ ਦਿੱਲੀ 10 ਅਗਸਤ। ਕਾਂਗਰਸ ਨੇਤਾ ਸਲਮਾਨ ਖੁਰਸੀਦ ਨੇ ਬੀਤੇ ਦਿਨੀਂ ਕਿਹਾ ਕਿ 'ਉੱਪਰੋਂ-ਉੱਪਰੋਂ ਸਭ ਕੁਝ ਭਾਵੇਂ ਆਮ ਲੱਗੇ' ਪਰ ਜੋ ਬੰਗਲਾਦੇਸ ਵਿਚ ਜੋ ਹੋ ਰਿਹਾ ਹੈ, ਉਹ ਭਾਰਤ ਵਿਚ ਵੀ ਹੋ ਸਕਦਾ ਹੈ। ਸਾਬਕਾ ਕੇਂਦਰੀ ਮੰਤਰੀ ਖੁਰਸੀਦ ਨੇ ਸਿੱਖਿਆ ਸਾਸਤਰੀ ਮੁਜੀਬੁਰ ਰਹਿਮਾਨ ਦੀ ਕਿਤਾਬ 'ਸ਼ਿਕਵਾ-ਏ-ਹਿੰਦ : ਭਾਰਤੀ ਮੁਸਲਮਾਨਾਂ ਦਾ ਸਿਆਸੀ ਭਵਿੱਖ' ਦੇ ਰਿਲੀਜ ਮੌਕੇ ਇਹ ਗੱਲ ਆਖੀ। ਉਨ੍ਹਾਂ ਕਿਹਾ ਕਿ ਕਸਮੀਰ ਵਿਚ ਸਭ ਕੁਝ ਆਮ ਵਾਂਗ ਲੱਗ ਸਕਦਾ ਹੈ। ਅਸੀਂ ਜਿੱਤ ਦਾ ਜਸ਼ਨ ਮਨਾ ਰਹੇ ਹਾਂ। ਹਾਲਾਂਕਿ ਕੁਝ ਲੋਕਾਂ ਦਾ ਮੰਨਣਾ ਹੈ ਕਿ ਉਹ ਜਿੱਤ ਜਾਂ 2024 ਦੀ ਸਫਲਤਾ ਮਾਮੂਲੀ ਸੀ, ਸ਼ਾਇਦ ਅਜੇ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਸਾਬਕਾ ਕੇਂਦਰੀ ਮੰਤਰੀ ਨੇ ਕਿਹਾ ਕਿ ਤੱਥ ਇਹ ਹੈ ਕਿ ਅੰਦਰ ਹੀ ਅੰਦਰ ਕੁਝ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਬੰਗਲਾਦੇਸ 'ਚ ਜੋ ਹੋ ਰਿਹਾ ਹੈ, ਉਹ ਇੱਥੇ ਵੀ ਹੋ ਸਕਦਾ ਹੈ। ਬੰਗਲਾਦੇਸ 'ਚ ਚੀਜਾਂ ਨੂੰ ਲੈ ਕੇ ਜਿਸ ਤਰ੍ਹਾਂ ਲੋਕਾਂ ਦਾ ਗੁੱਸਾ ਭੜਕਿਆ, ਸਾਡੇ ਦੇਸ ਦਾ



ਸੁਭਾਅ ਸਾਨੂੰ ਅਜਿਹੀਆਂ ਚੀਜਾਂ 'ਤੇ ਗੁੱਸੇ ਹੋਣ ਤੋਂ ਰੋਕਦਾ ਹੈ। ਜਦਕਿ ਭਾਜਪਾ ਨੇ ਖੁਰਸੀਦ ਦੇ ਬਿਆਨ ਨੂੰ 'ਅਰਾਜਕਤਾਵਾਦੀ' ਕਰਾਰ ਦਿੱਤਾ ਹੈ। ਭਾਜਪਾ ਦੇ ਸੰਸਦ ਮੈਂਬਰ ਸੰਬਿਤ ਪਾਤਰਾ ਨੇ ਸੰਸਦ ਦੇ ਬਾਹਰ ਪੱਤਰਕਾਰਾਂ ਨੂੰ ਕਿਹਾ ਕਿ ਇਹ ਇਕ ਗੰਭੀਰ ਮੁੱਦਾ ਹੈ। ਜਦੋਂ ਅਸੀਂ ਗੁਆਂਢੀ ਦੇਸਾਂ ਵਿਚ ਅਜਿਹੀ ਸਥਿਤੀ ਦੇਖ ਰਹੇ ਹਾਂ ਤਾਂ ਮੁੱਖ ਵਿਰੋਧੀ ਪਾਰਟੀ ਕਾਂਗਰਸ ਚਾਹੁੰਦੀ ਹੈ ਕਿ ਭਾਰਤ ਵਿਚ ਵੀ ਅਜਿਹੀ ਹੀ ਸਥਿਤੀ ਪੈਦਾ ਹੋਵੇ। ਓਧਰ ਸ਼ਿਵ ਸੈਨਾ (ਯੂ. ਬੀ. ਟੀ.) ਦੇ ਮੁਖੀ ਊਧਵ ਠਾਕਰੇ ਨੇ ਕਿਹਾ ਕਿ ਬੰਗਲਾਦੇਸ ਵਿਚ ਹਾਲ ਹੀ ਦੇ ਘਟਨਾਚੱਕਰ ਨੇ ਦੁਨੀਆ ਨੂੰ ਸੰਦੇਸ ਦਿੱਤਾ ਹੈ ਕਿ ਲੋਕ ਸਰਵਉੱਚ ਹਨ ਅਤੇ ਸਰਕਾਰਾਂ ਨੂੰ ਉਨ੍ਹਾਂ ਦੇ ਸਬਰ ਦਾ ਇਮਤਿਹਾਨ ਨਹੀਂ ਲੈਣਾ ਚਾਹੀਦਾ। ਦਿੱਲੀ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਊਧਵ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸਾਹ ਨੂੰ ਬੰਗਲਾਦੇਸ ਵਿਚ ਹਿੰਸਾ ਅਤੇ ਅੱਤਿਆਚਾਰ ਦਾ ਸ਼ਿਕਾਰ ਹੋਏ ਹਿੰਦੂਆਂ ਨੂੰ ਬਚਾਉਣ ਦੀ ਚੁਣੌਤੀ ਵੀ ਦਿੱਤੀ। ਮੁੱਖ ਮੰਤਰੀ ਊਧਵ ਨੇ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਮੋਦੀ ਯੂਕ੍ਰੇਨ ਵਿਚ ਜੰਗ ਨੂੰ ਰੋਕ ਸਕਦੇ ਹਨ, ਤਾਂ ਉਨ੍ਹਾਂ ਨੂੰ ਬੰਗਲਾਦੇਸ ਵਿਚ ਵੀ ਅਜਿਹਾ ਕਦਮ ਚੁੱਕਣਾ ਚਾਹੀਦਾ ਹੈ ਅਤੇ ਉੱਥੋਂ ਦੇ ਹਿੰਦੂਆਂ ਨੂੰ ਬਚਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੀਲੰਕਾ ਅਤੇ ਇਜਰਾਈਲ ਵਿਚ ਵੀ ਇਸੇ ਤਰ੍ਹਾਂ ਦੇ ਪ੍ਰਦਰਸਨ ਦੇਖਣ ਨੂੰ ਮਿਲੇ ਹਨ।

## ਪੀਰਨਿਗਾਹ ਤੋਂ ਮੱਥਾ ਟੇਕ ਕੇ ਪਰਤ ਰਹੇ ਸ਼ਰਧਾਲੂਆਂ ਨਾਲ ਵਾਪਰਿਆ ਵੱਡਾ ਹਾਦਸਾ

ਨੈਸਨਲ ਡੈਸਕ 10 ਅਗਸਤ। ਹਿਮਾਚਲ ਪ੍ਰਦੇਸ ਦੇ ਊਨਾ ਜ਼ਿਲ੍ਹੇ ਵਿੱਚ ਪੀਰਨਿਗਾਹ ਤੋਂ ਮੱਥਾ ਟੇਕ ਕੇ ਪਰਤ ਰਹੇ ਸਰਧਾਲੂਆਂ ਨਾਲ ਭਰੀ ਟਰੈਕਟਰ-ਟਰਾਲੀ ਪਲਟ ਜਾਣ ਕਾਰਨ ਵੱਡਾ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿਚ ਕਰੀਬ 15 ਸਰਧਾਲੂਆਂ ਦੇ ਜਖਮੀ ਹੋਣ ਦੀ ਸੂਚਨਾ ਮਿਲੀ ਹੈ। ਫਿਲਹਾਲ ਜਖਮੀਆਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਇਹ ਸਾਰੇ ਸਰਧਾਲੂ ਪੰਜਾਬ ਦੇ ਮਾਨਸਾ ਤੋਂ ਧਾਰਮਿਕ ਸਥਾਨਾਂ ਦੇ ਦਰਸਨਾਂ ਲਈ ਆਏ ਸਨ। ਦੱਸ ਦੇਈਏ ਕਿ ਰਾਹਗੀਰਾਂ ਅਤੇ ਹੋਰ ਲੋਕਾਂ ਦੀ ਮਦਦ ਨਾਲ ਹਾਦਸੇ ਵਿਚ ਜਖਮੀ ਹੋਏ ਸਾਰੇ ਸਰਧਾਲੂਆਂ ਨੂੰ ਇਲਾਜ ਲਈ ਊਨਾ ਦੇ ਖੇਤਰੀ ਹਸਪਤਾਲ ਪਹੁੰਚਾਇਆ ਗਿਆ ਹੈ। ਜਖਮੀਆਂ 'ਚ ਜ਼ਿਆਦਾਤਰ ਬੱਚੇ ਸਨ। ਉਕਤ ਲੋਕ ਮਾਤਾ ਚਿੰਤਪੂਰਨੀ ਵਿਖੇ ਮੱਥਾ ਟੇਕਣ ਤੋਂ ਬਾਅਦ ਸਰਧਾਲੂ ਵੀਰਵਾਰ ਨੂੰ ਪੀਰਨੀਗਾਹ ਵਿਖੇ ਮੱਥਾ ਟੇਕਣ ਲਈ ਪੁੱਜੇ ਸਨ। ਜਦੋਂ ਸਰਧਾਲੂ ਪੀਰਨੀਗਾਹ ਵਿਖੇ ਮੱਥਾ ਟੇਕ ਕੇ ਆਪਣੇ ਪਿੰਡ ਜਾ ਰਹੇ ਸਨ ਤਾਂ ਟਰੈਕਟਰ-ਟਰਾਲੀ ਬੇਕਾਬੂ ਹੋ ਕੇ ਪਲਟ ਗਈ, ਜਿਸ ਕਾਰਨ ਇਹ ਹਾਦਸਾ ਵਾਪਰ ਗਿਆ।

### ਨਿੱਜੀ ਝਗੜੇ ਨੇ ਧਾਰਿਆ ਖੂਨੀ ਰੂਪ, ਪਤੀ ਨੇ ਮੌਤ ਦੇ ਘਾਟ ਉਤਾਰ ਦਿੱਤੀ ਪਤਨੀ ਤੇ 4 ਮਹੀਨੇ ਦੀ ਧੀ

ਜਮੁਈ 10 ਅਗਸਤ। ਬਿਹਾਰ ਦੇ ਜਮੁਈ ਜ਼ਿਲ੍ਹੇ ਦੇ ਸੋਨੋ ਥਾਣਾ ਖੇਤਰ 'ਚ ਸੁੱਕਰਵਾਰ ਨੂੰ ਇਕ ਵਿਅਕਤੀ ਨੇ ਨਿੱਜੀ ਝਗੜੇ ਕਾਰਨ ਆਪਣੀ ਪਤਨੀ ਅਤੇ ਬੇਟੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਇਸ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਉਕਤ ਵਿਅਕਤੀ ਨੇ ਖੁਦ ਨੂੰ ਚਾਕੂ ਨਾਲ ਜਖਮੀ ਕਰ ਲਿਆ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪਹੁੰਚੀ ਪੁਲਸ ਵਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਨੇ ਲਾਸ਼ਾਂ ਨੂੰ ਕਬਜੇ ਵਿਚ ਲੈ ਗਿਆ। ਇਸ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਪੁਲਸ ਸੂਤਰਾਂ ਨੇ ਦੱਸਿਆ ਕਿ ਪੇਲਵਜਾਨ ਪਿੰਡ ਦੇ ਰਹਿਣ ਵਾਲੇ ਓਲਾਇਤ ਮੀਆਂ ਨੇ ਆਪਣੀ ਵਿਵਾਦ ਕਾਰਨ ਹੋਏ ਝਗੜੇ ਦੌਰਾਨ ਆਪਣੀ ਪਤਨੀ ਨਸਰੀਨ ਖਾਤੂਨ (26) ਅਤੇ ਚਾਰ ਮਹੀਨੇ ਦੀ ਬੇਟੀ ਅਲੀਸਾ ਦਾ ਗਲਾ ਘੁੱਟ ਕੇ ਹੱਤਿਆ ਕਰ ਦਿੱਤਾ ਅਤੇ ਫਿਰ ਖੁਦ ਨੂੰ ਚਾਕੂ ਮਾਰ ਕੇ ਗੰਭੀਰ ਜਖਮੀ ਕਰ ਲਿਆ। ਸੂਤਰਾਂ ਨੇ ਦੱਸਿਆ ਕਿ ਓਲਾਇਤ ਮੀਆਂ ਨੂੰ ਜਮੁਈ ਸਦਰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।

# ਵਿਕਸਿਤ ਦੇਸ਼ ਬਣਾਉਣ ਲਈ ਹਰ ਬੱਚੇ ਨੂੰ ਸਿੱਖਿਆ ਦੇਣੀ ਪਵੇਗੀ : ਸਿਸੋਦੀਆ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 10 ਅਗਸਤ। ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ ਸਿਸੋਦੀਆ ਨੇ ਕਿਹਾ ਕਿ ਭਾਰਤ ਨੂੰ ਵਿਕਸਿਤ ਦੇਸ ਬਣਾਉਣ ਲਈ ਹਰ ਬੱਚੇ ਨੂੰ ਸਿੱਖਿਆ ਦੇਣੀ ਹੋਵੇਗੀ। ਅੱਜ ਇੱਥੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਸਿਸੋਦੀਆ ਨੇ ਕਿਹਾ ਕਿ ਜੇਕਰ ਭਾਰਤ ਨੂੰ 2047 ਤੱਕ ਵਿਕਸਿਤ ਦੇਸ਼ ਬਣਾਉਣਾ ਹੈ ਤਾਂ ਦੇਸ ਦੇ ਹਰ ਬੱਚੇ ਨੂੰ ਸਿੱਖਿਆ ਦੇਣੀ ਪਵੇਗੀ। ਫਿਰ ਜੇਕਰ ਕੋਈ ਚੰਗੀ ਸਿੱਖਿਆ ਦਿੱਤੇ ਬਿਨਾਂ, ਹਸਪਤਾਲ ਬਣਾਏ ਬਿਨਾਂ ਅਤੇ ਚੰਗਾ ਇਲਾਜ ਦਿੱਤੇ ਬਿਨਾਂ ਦੇਸ ਨੂੰ ਵਿਕਸਿਤ ਦੇਸ਼ ਬਣਾਉਂਦਾ ਹੈ, ਤਾਂ ਉਹ ਸਿਰਫ ਬਿਆਨਬਾਜੀ ਹੀ ਹੋ ਸਕਦੀ ਹੈ। ਸਿਸੋਦੀਆ ਨੇ ਕਿਹਾ ਕਿ ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਜੋ 'ਚ ਨਵੇਂ-ਨਵੇਂ ਗਏ ਹਨ, ਇਹ ਨਾ ਸੋਚੋ ਕਿ ਸਿਰਫ ਆਮ ਆਦਮੀ ਪਾਰਟੀ ਦੇ ਆਗੂ ਹੀ ਜੇਲ੍ਹ ਜਾਣਗੇ, ਉਨ੍ਹਾਂ ਦਾ ਨੰਬਰ ਵੀ ਆਵੇਗਾ। ਜੇਕਰ ਵਿਰੋਧੀ ਧਿਰ ਇਕਜੁੱਟ ਹੋ ਕੇ ਹੁੰਕਾਰ ਭਰ ਦੇਵੇਗੀ ਹੈ ਤਾਂ ਅਰਵਿੰਦ ਕੇਜਰੀਵਾਲ ਵੀ 24 ਘੰਟਿਆਂ ਵਿਚ ਬਾਹਰ ਆ ਜਾਣਗੇ। ਉਨ੍ਹਾਂ ਭਾਜਪਾ 'ਤੇ ਨਿਸਾਨਾ ਵਿੰਨ੍ਹਦੇ ਹੋਏ ਕਿਹਾ ਕਿ ਅਸੀਂ ਭਗਤ ਸਿੰਘ ਦੇ ਚੇਲੇ ਹਾਂ, ਡਰਨ ਵਾਲੇ ਨਹੀਂ। ਭਾਜਪਾ ਦੇ ਤੋਤੇ-ਮੈਨਾ ਕਿੰਨੇ ਵੀ ਤਾਕਤਵਰ ਕਿਉਂ ਨਾ ਹੋਣ ਪਰ ਉਹ ਬਾਬਾ ਸਾਹਿਬ ਦੇ ਸੰਵਿਧਾਨ ਤੋਂ ਜ਼ਿਆਦਾ ਤਾਕਤਵਰ ਨਹੀਂ ਹਨ। 'ਆਪ' ਆਗੂ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਸੀ ਕਿ 7-8 ਮਹੀਨਿਆਂ ਵਿਚ ਇਨਸਾਫ ਮਿਲੇਗਾ ਪਰ 17 ਮਹੀਨੇ ਲੱਗ ਗਏ ਆਖਰਕਾਰ ਸੱਚਾਈ ਦੀ ਜਿੱਤ ਹੋਈ।



## ਐਕਸ਼ਨ ਮੋਡ 'ਚ ਭਾਰਤ ਸਰਕਾਰ ! ਹਿੰਦੂਆਂ 'ਤੇ ਹਮਲਿਆਂ ਨੂੰ ਲੈ ਕੇ ਵੱਡੀ ਕਾਰਵਾਈ ਦੀ ਤਿਆਰੀ

ਨਵੀਂ ਦਿੱਲੀ 10 ਅਗਸਤ। ਸੇਖ ਹਸੀਨਾ ਦੇ ਦੇਸ ਛੱਡਣ ਤੋਂ ਬਾਅਦ ਬੰਗਲਾਦੇਸ ਵਿੱਚ ਵਿਗੜਦੇ ਹਾਲਾਤ ਦਰਮਿਆਨ ਭਾਰਤ ਸਰਕਾਰ ਨੇ ਸੁੱਕਰਵਾਰ ਨੂੰ ਵੱਡਾ ਕਦਮ ਚੁੱਕਿਆ। ਸਰਕਾਰ ਨੇ ਭਾਰਤ-ਬੰਗਲਾਦੇਸ ਸਰਹੱਦ () 'ਤੇ ਸਥਿਤੀ ਦੀ ਨਿਗਰਾਨੀ ਕਰਨ ਲਈ ਇੱਕ ਕਮੇਟੀ ਦਾ ਗਠਨ ਕੀਤਾ ਹੈ। ਇਹ ਕਮੇਟੀ ਭਾਰਤੀ ਨਾਗਰਿਕਾਂ ਅਤੇ ਬੰਗਲਾਦੇਸ ਵਿੱਚ ਰਹਿ ਰਹੇ ਘੱਟ ਗਿਣਤੀ ਭਾਈਚਾਰਿਆਂ ਦੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਬੰਗਲਾਦੇਸ ਦੇ ਹਮਰੁਤਬਾ ਅਧਿਕਾਰੀਆਂ ਨਾਲ ਸੰਪਰਕ ਬਣਾਏਗੀ। ਇਸ ਕਮੇਟੀ ਵਿੱਚ ਐਡੀਸਨਲ ਡਾਇਰੈਕਟਰ ਜਨਰਲ (ਏਡੀਜੀ), ਸੀਮਾ ਸੁਰੱਖਿਆ ਬਲ (ਬੀਐੱਸਐੱਫ), ਪੂਰਬੀ ਕਮਾਂਡ ਇਸ ਕਮੇਟੀ ਦੇ ਚੇਅਰਮੈਨ ਹੋਣਗੇ। ਕਮੇਟੀ ਦੇ ਹੋਰ ਮੈਂਬਰਾਂ 'ਚ ਇੰਸਪੈਕਟਰ ਜਨਰਲ (ਆਈਜੀ), ਬੀਐੱਸਐੱਫ ਫਰੰਟੀਅਰ ਹੈੱਡਕੁਆਰਟਰ ਦੱਖਣੀ ਬੰਗਾਲ, ਇੰਸਪੈਕਟਰ ਜਨਰਲ (ਆਈਜੀ), ਬੀਐੱਸਐੱਫ ਫਰੰਟੀਅਰ ਹੈੱਡਕੁਆਰਟਰ ਤ੍ਰਿਪੁਰਾ, ਮੈਂਬਰ (ਯੋਜਨਾ ਅਤੇ ਵਿਕਾਸ), ਲੈਂਡ ਪੋਰਟ ਅਥਾਰਟੀ ਆਫ ਇੰਡੀਆ (ਐੱਲਪੀਏਆਈ) ਤੇ ਸਕੱਤਰ, ਐੱਲਪੀਏਆਈ ਸਾਮਲ ਹਨ। ਬੰਗਲਾਦੇਸ 'ਚ ਹਿੰਸਾ ਤੋਂ ਡਰੇ ਘੱਟ ਗਿਣਤੀਆਂ ਦੀ ਵੱਡੀ ਗਿਣਤੀ ਪੱਛਮੀ ਬੰਗਾਲ ਦੀ ਸਰਹੱਦ ਵੱਲ ਵਧ ਰਹੀ ਹੈ। ਉਥੇ ਹਾਲਾਤ ਵਿਗੜਨ ਤੋਂ ਬਾਅਦ ਘੱਟ ਗਿਣਤੀਆਂ ਦੀ ਭਾਰੀ ਭੀੜ ਸਰਹੱਦ 'ਤੇ ਇਕੱਠੀ ਹੋ ਰਹੀ ਹੈ। ਬੰਗਲਾਦੇਸੀ ਹਿੰਦੂ ਭਾਰਤ 'ਚ ਦਾਖਲ ਹੋਣਾ ਚਾਹੁੰਦੇ ਹਨ। ਭਾਰਤ-ਬੰਗਲਾਦੇਸ ਸਰਹੱਦ 'ਤੇ ਸਿਲੀਗੁੜੀ, ਕਿਸਨਗੰਜ ਅਤੇ ਮੁਕੇਸ ਚੌਕੀਆਂ 'ਤੇ ਗੁਆਂਢੀ ਦੇਸ ਦੇ ਹਿੰਦੂ ਇਕੱਠੇ ਹੋ ਰਹੇ ਹਨ। ਬੀਐੱਸਐੱਫ ਬਾਰਡਰ ਗਾਰਡ ਲਗਾਤਾਰ ਬੰਗਲਾਦੇਸ ਨਾਲ ਸੰਪਰਕ ਬਣਾ ਰਿਹਾ ਹੈ ਅਤੇ ਨਿਯਮਾਂ ਅਨੁਸਾਰ ਇਨ੍ਹਾਂ ਨਾਗਰਿਕਾਂ ਨੂੰ ਆਪਣੇ ਦੇਸ ਵਿੱਚ ਰੋਕ ਰਿਹਾ ਹੈ। ਇਸ ਪ੍ਰਣਾਲੀ ਨੂੰ ਕਾਇਮ ਰੱਖਣ ਲਈ ਬੀਐੱਸਐੱਫ ਤੇ ਬਾਰਡਰ ਗਾਰਡ ਬੰਗਲਾਦੇਸ ਦੇ ਕਮਾਂਡਰ ਪੱਧਰ ਦੇ ਅਧਿਕਾਰੀ ਆਪਸ 'ਚ ਗੱਲਬਾਤ ਕਰ ਰਹੇ ਹਨ। ਸਿਰਫ ਉਨ੍ਹਾਂ ਨੂੰ ਹੀ ਜਾਇਜ ਕਾਨੂੰਨੀ ਦਸਤਾਵੇਜਾਂ ਵਾਲੇ ਭਾਰਤੀ ਸਰਹੱਦ 'ਚ ਏਕੀਕ੍ਰਿਤ ਚੈੱਕ ਪੋਸਟ ਰਾਹੀਂ ਦਾਖਲ ਹੋਣ ਦੀ ਇਜਾਜਤ ਦਿੱਤੀ ਜਾਂਦੀ ਹੈ ਜਿੱਥੋਂ ਨਿਯਮਤ ਵਪਾਰ ਵੀ ਸੁਰੂ ਹੋ ਗਿਆ ਹੈ।

## ਸਵਾਮੀ ਪ੍ਰਸਾਦ ਮੌਰਿਆ ਨੂੰ ਸੁਪਰੀਮ ਕੋਰਟ ਵੱਲੋਂ ਰਾਹਤ, ਧੀ ਦੇ ਵਿਵਹਾਰਿਕ ਵਿਵਾਦ ਮਾਮਲੇ 'ਚ ਅਪਰਾਧਿਕ ਕਾਰਵਾਈ 'ਤੇ ਰੋਕ

ਨਵੀਂ ਦਿੱਲੀ, 10 ਅਗਸਤ। ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਉੱਤਰ ਪ੍ਰਦੇਸ਼ ਦੇ ਸਾਬਕਾ ਮੰਤਰੀ ਸਵਾਮੀ ਪ੍ਰਸਾਦ ਮੌਰਿਆ ਖਿਲਾਫ ਉਨ੍ਹਾਂ ਦੀ ਧੀ ਅਤੇ ਸਾਬਕਾ ਸੰਸਦ ਮੈਂਬਰ ਸੰਘਮਿਤਰਾ ਮੌਰਿਆ ਨਾਲ ਜੁੜੇ ਵਿਵਹਾਰਿਕ ਵਿਵਾਦ ਦੇ ਮਾਮਲੇ 'ਚ ਅਪਰਾਧਿਕ ਕਾਰਵਾਈ 'ਤੇ ਰੋਕ ਲਾ ਦਿੱਤੀ। ਮੌਰਿਆ ਨੇ ਇਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਦੇ ਉਸ ਹੁਕਮ ਖਿਲਾਫ ਸੁਪਰੀਮ ਕੋਰਟ ਦਾ





ਦਰਵਾਜਾ ਖੜਕਾਇਆ, ਜਿਸ 'ਚ ਦੀਪਕ ਕੁਮਾਰ ਵੱਲੋਂ ਦਰਜ ਮਾਮਲੇ 'ਚ ਉਨ੍ਹਾਂ ਖਿਲਾਫ ਅਪਰਾਧਿਕ ਕਾਰਵਾਈ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਦੀਪਕ ਨੇ ਸੰਘਮਿਤਰਾ ਦਾ ਪਤੀ ਹੋਣ ਦਾ ਦਾਅਵਾ ਕੀਤਾ ਹੈ। ਸ਼ਿਕਾਇਤ 'ਚ ਖੁਦ ਨੂੰ ਪੱਤਰਕਾਰ ਦੱਸਣ ਵਾਲੇ ਵਿਅਕਤੀ ਨੇ ਦੋਸ਼ ਲਾਇਆ ਹੈ ਕਿ ਸੰਘਮਿਤਰਾ ਨੇ 2019 ਦੀਆਂ ਸੰਸਦੀ ਚੋਣਾਂ ਤੋਂ ਪਹਿਲਾਂ ਬੋਧੀ ਰੀਤੀ-ਰਿਵਾਜਾਂ ਨਾਲ ਉਸ ਨਾਲ ਵਿਆਹ ਕੀਤਾ ਸੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਉਹ ਚੋਣਾਂ ਤੋਂ ਬਾਅਦ ਇਸ ਗੱਲ ਨੂੰ ਜਨਤਕ ਕਰ ਦੇਣਗੇ।

# ਰਾਹੁਲ ਨੇ ਸੋਰੇਨ ਨੂੰ ਜਨਮ ਦਿਨ ਦੀ ਦਿੱਤੀ ਵਧਾਈ, ਗਰੀਬਾਂ ਦੇ ਹੱਕ ਲਈ ਲੜੇਗਾ 'ਇੰਡੀਆ' ਗਠਜੋੜ

**ਏਜੰਸੀਆਂ**

ਨਵੀਂ ਦਿੱਲੀ 10 ਅਗਸਤ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸ਼ਨੀਵਾਰ ਨੂੰ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਜਨਮ ਦਿਨ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਵਿਰੋਧੀ ਗਠਜੋੜ 'ਇੰਡੀਆ' (ਇੰਡੀਅਨ ਨੈਸ਼ਨਲ ਡੈਵਲਪਮੈਂਟਲ ਇੰਕਲੂਸਿਵ ਅਲਾਇੰਸ) ਗਰੀਬਾਂ, ਵਾਂਝੇ ਅਤੇ ਆਦਿਵਾਸੀਆਂ ਦੇ ਹੱਕ ਦੀ ਲੜਾਈ ਲੜੇਗਾ ਅਤੇ ਜਿੱਤੇਗਾ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਵੀ ਸੋਰੇਨ ਨੂੰ ਜਨਮ ਦਿਨ ਦੀ ਵਧਾਈ ਦਿੱਤੀ। ਉਨ੍ਹਾਂ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਅਸੀਂ ਉਨ੍ਹਾਂ ਦੀ ਲੰਬੀ ਉਮਰ ਅਤੇ ਚੰਗੀ ਸਿਹਤ ਦੀ ਕਾਮਨਾ ਕਰਦੇ ਹਾਂ। 'ਇੰਡੀਆ' ਗਠਜੋੜ ਦੇਸ਼ ਸਮਾਜਿਕ ਨਿਆਂ, ਆਰਥਿਕ ਸਸ਼ਕਤੀਕਰਣ ਅਤੇ ਸਮਾਵੇਸ਼ੀ ਵਿਕਾਸ ਲਈ ਮਿਲ ਕੇ ਲੜ ਰਿਹਾ ਹੈ।" ਝਾਰਖੰਡ ਮੁਕਤੀ ਮੋਰਚਾ (ਝਾਮੁਮੋ) ਦੇ ਕਾਰਕਾਰੀ ਪ੍ਰਧਾਨ ਸੋਰੇਨ ਸ਼ਨੀਵਾਰ ਨੂੰ 49 ਸਾਲ ਦੇ ਹੋ ਗਏ। ਰਾਹੁਲ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਜੀ ਨੂੰ ਜਨਮ ਦਿਨ ਦੀ ਹਾਰਦਿਕ ਵਧਾਈ ਅਤੇ ਸ਼ੁੱਭਕਾਮਨਾਵਾਂ। ਦੇਸ਼ ਦੇ ਗਰੀਬਾਂ, ਵਾਂਝੇ ਅਤੇ ਆਦਿਵਾਸੀਆਂ ਦੇ ਹੱਕ ਦੀ ਲੜਾਈ ਅਤੇ ਉਨ੍ਹਾਂ 'ਤੇ ਹੋਣ ਵਾਲੇ ਹਰ ਅਨਿਆਂ ਖ਼ਿਲਾਫ 'ਇੰਡੀਆ' ਡਟ ਕੇ ਲੜੇਗਾ ਅਤੇ ਜਿੱਤੇਗਾ।" ਝਾਰਖੰਡ 'ਚ ਇਸ ਸਾਲ ਦੇ ਅੰਤ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਕਾਂਗਰਸ ਅਤੇ ਝਾਮੁਮੋ ਰਾਜ 'ਚ ਸੱਤਾਧਾਰੀ ਗਠਜੋੜ ਦਾ ਹਿੱਸਾ ਸਨ। ਦੋਵੇਂ ਪਾਰਟੀਆਂ ਝਾਰਖੰਡ 'ਚ ਭਾਜਪਾ ਦੀ ਅਗਵਾਈ ਵਾਲੀ ਗਠਜੋੜ ਨੂੰ ਪਟਖਨੀ ਦੇ ਕੇ ਰਾਜ 'ਚ ਸੱਤਾ ਬਰਕਰਾਰ ਰੱਖਣਾ ਚਾਹੁੰਦੀਆਂ ਹਨ।



### ਜੰਮੂ-ਕਸਮੀਰ ਦੇ ਅਨੰਤਨਾਗ ਜਿਲ੍ਹੇ 'ਚ ਅੱਤਵਾਦੀਆਂ ਤੇ ਸੁਰੱਖਿਆ ਬਲਾਂ 'ਚ ਹੋਈ ਮੁੱਠਭੇੜ

ਸ੍ਰੀਨਗਰ 10 ਅਗਸਤ। ਜੰਮੂ-ਕਸਮੀਰ ਦੇ ਅਨੰਤਨਾਗ ਜ਼ਿਲ੍ਹੇ 'ਚ ਸਨੀਵਾਰ ਨੂੰ ਅੱਤਵਾਦੀਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਮੁੱਠਭੇੜ ਸੁਰੂ ਹੋ ਗਈ। ਇਸ ਮੁੱਠਭੇੜ ਦੀ ਜਾਣਕਾਰੀ ਅਧਿਕਾਰੀਆਂ ਵਲੋਂ ਦਿੱਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਸੁਰੱਖਿਆ ਬਲਾਂ ਨੇ ਅੱਤਵਾਦੀਆਂ ਦੀ ਮੌਜੂਦਗੀ ਦੀ ਸੂਚਨਾ ਮਿਲਣ ਤੋਂ ਬਾਅਦ ਦੱਖਣੀ ਕਸਮੀਰ ਜ਼ਿਲ੍ਹੇ ਦੇ ਕੋਕਰਨਾਗ ਖੇਤਰ ਦੇ ਅਹਲਾਨ ਗਡੋਲੇ 'ਚ ਘੇਰਾਬੰਦੀ ਅਤੇ ਤਲਾਸੀ ਮੁਹਿੰਮ ਚਲਾਈ। ਇਸ ਦੌਰਾਨ ਅਧਿਕਾਰੀਆਂ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਅੱਤਵਾਦੀਆਂ ਵਲੋਂ ਜਦੋਂ ਸਰਚ ਪਾਰਟੀ 'ਤੇ ਗੋਲੀਬਾਰੀ ਕੀਤੀ ਗਈ ਤਾਂ ਸੁਰੱਖਿਆ ਬਲਾਂ ਨੇ ਵੀ ਜਵਾਬ ਕਾਰਵਾਈ ਦੌਰਾਨ ਗੋਲੀਬਾਰੀ ਕੀਤੀ। ਇਸ ਤੋਂ ਬਾਅਦ ਮੁਕਾਬਲਾ ਸ਼ੁਰੂ ਹੋ ਗਿਆ। ਉਨ੍ਹਾਂ ਕਿਹਾ ਕਿ ਗੋਲੀਬਾਰੀ ਜਾਰੀ ਹੈ ਅਤੇ ਵਿਸਥਾਰਤ ਜਾਣਕਾਰੀ ਦੀ ਉਡੀਕ ਹੈ।

# ਕੇਰਲ ਹਾਦਸੇ 'ਤੇ ਪੁਲਸ ਦਾ ਵੱਡਾ ਬਿਆਨ, ਅਸੀਂ ਲੋਕਾਂ ਨੂੰ ਮਲਬੇ ਨਾਲ ਵਹਿੰਦੇ ਹੋਏ

**ਨਵਦੀਪ ਸਿੰਘ ਸਾਹਨੀ**

ਵਾਇਨਾਡ 10 ਅਗਸਤ। ਵਾਇਨਾਡ ਵਿੱਚ ਜਮੀਨ ਖਿਸਕਣ ਕਾਰਨ ਵਾਪਰੀ ਘਟਨਾ ਨੂੰ ਇਕ ਹਫਤੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਉਸ ਭਿਆਨਕ ਦਿਨ ਦੀਆਂ ਯਾਦਾਂ ਅਜੇ ਵੀ ਮੇਪਦੀ ਪੁਲਸ ਸਟੇਸਨ ਦੇ ਇੱਕ ਪੁਲਸ ਅਧਿਕਾਰੀ ਨੂੰ ਸਤਾ ਰਹੀਆਂ ਹਨ। ਮੇਪਦੀ ਥਾਣੇ ਦੇ ਸਿਵਲ ਪੁਲਸ ਅਧਿਕਾਰੀ ਜਿਬਲੂ ਰਹਿਮਾਨ ਨੇ ਜਮੀਨ ਖਿਸਕਣ ਦੀ ਘਟਨਾ ਤੋਂ ਬਾਅਦ ਤੁਰੰਤ ਕਾਰਵਾਈ ਕਰਦੇ ਹੋਏ ਉੜੀਸਾ ਦੇ ਦੋ ਸੈਲਾਨੀਆਂ ਨੂੰ ਮਲਬੇ ਤੋਂ ਬਚਾਇਆ। ਜਦੋਂ ਰਹਿਮਾਨ ਮੌਕੇ 'ਤੇ ਪਹੁੰਚੇ ਤਾਂ ਜਿਉਂਦੇ ਲੋਕਾਂ ਵਿਚੋਂ ਇਕ ਦੇ ਹੱਥ-ਪੈਰ ਟੁੱਟੇ ਹੋਏ ਸਨ ਅਤੇ ਦੂਜੇ ਦੇ ਕੱਪੜੇ ਫੱਟੇ ਸਨ ਅਤੇ ਸੱਟਾਂ ਲੱਗੀਆਂ ਹੋਈਆਂ ਸਨ। ਉਹ ਮਦਦ ਲਈ ਰੌਲਾ ਪਾ ਰਹੇ ਸਨ। ਰਹਿਮਾਨ ਨੇ ਪੀਟੀਆਈ ਨੂੰ ਦੱਸਿਆ, "ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉੱਪਰ ਦੋ ਹੋਰ ਲੋਕ ਹਨ। ਮੈਂ ਉਹਨਾਂ ਨੂੰ ਆਪਣੀ ਟੀ-ਸਰਟ ਅਤੇ ਕੋਟ ਦਿੱਤਾ ਅਤੇ ਉੱਥੇ ਪਹੁੰਚੇ ਸਥਾਨਕ ਨੌਜਵਾਨਾਂ ਨੂੰ ਸੌਂਪ ਦਿੱਤਾ। ਫਿਰ, ਮੈਂ ਦੂਜੇ ਦੋ ਆਦਮੀਆਂ ਨੂੰ ਲੱਭਣ ਲਈ ਉੱਪਰ ਵੱਲ ਗਿਆ।" ਜਿਉਂ ਹੀ ਰਹਿਮਾਨ ਦੋ ਵਿਅਕਤੀਆਂ ਵੱਲ ਉੱਪਰ ਵੱਲ ਵਧਿਆ, ਉਨ੍ਹਾਂ ਨੇ ਇੱਕ ਉੱਚੀ ਆਵਾਜ ਸੁਣੀ ਅਤੇ ਮਹਿਸੂਸ ਕੀਤਾ ਕਿ ਇੱਕ ਹੋਰ ਜਮੀਨ ਖਿਸਕਣ ਦੀ ਘਟਨਾ ਵਾਪਰ ਗਈ ਹੈ। ਹੋਰ ਕੋਈ ਚਾਰਾ ਨਾ ਹੋਣ ਕਰਕੇ ਉਹ ਸੁਰੱਖਿਆ ਥਾਂ ਵੱਲ ਨੂੰ ਭੱਜ ਗਏ। ਉਨ੍ਹਾਂ ਨੇ ਦੇਖਿਆ ਕਿ ਪਾਣੀ ਪੂਰੀ ਰਫਤਾਰ ਨਾਲ ਹੇਠਾਂ ਵੱਲ ਵਹਿ ਰਿਹਾ ਸੀ ਅਤੇ ਆਪਣੇ ਨਾਲ ਚਿੱਕੜ, ਪੱਥਰ ਅਤੇ ਦਰੱਖਤ ਲੈ ਜਾ ਰਿਹਾ ਸੀ। ਉਹਨਾਂ ਨੇ ਉਸ ਸਮੇਂ ਲੋਕਾਂ ਨੂੰ ਮਲਬੇ ਨਾਲ ਵਹਿੰਦੇ ਹੋਏ ਦੇਖਿਆ, ਜਿਸ ਨਾਲ ਉਹਨਾਂ ਦੇ ਰੌਂਗਟੇ ਖੜ੍ਹੇ ਹੋ ਗਏ। ਉਸ ਸਮੇਂ ਉਹ ਆਪਣੇ ਆਪ ਨੂੰ ਕੁਝ ਵੀ ਕਰਨ ਤੋਂ ਅਸਮਰੱਥ ਮਹਿਸੂਸ ਕਰ ਰਹੇ ਸਨ। ਰਹਿਮਾਨ ਤੋਂ ਪਹਿਲਾਂ ਜੰਗਲਾਤ ਵਿਭਾਗ ਦੀ ਰਾਤ ਦੀ ਗਸਤ ਟੀਮ ਮੌਕੇ 'ਤੇ ਸੀ, ਜੋ ਰਿਹਾਇਸੀ ਖੇਤਰ ਵਿੱਚ ਹਾਥੀਆਂ ਦੇ ਘੁੰਮਣ ਬਾਰੇ ਸਥਾਨਕ ਲੋਕਾਂ ਦੀਆਂ ਕਾਲਾਂ ਦਾ ਜਵਾਬ ਦੇ ਰਹੇ ਸੀ। ਮੇਪੜੀ ਦੇ ਉਪ ਜੰਗਲਾਤ ਰੇਂਜ ਅਧਿਕਾਰੀ ਕੇ ਪ੍ਰਦੀਪ ਨੇ ਪੀਟੀਆਈ ਨੂੰ ਦੱਸਿਆ, "ਸਥਾਨਕ ਲੋਕਾਂ ਤੋਂ ਸੂਚਨਾ ਮਿਲਣ ਤੋਂ ਬਾਅਦ ਸਾਡੀ ਰਾਤ ਦੀ ਗਸਤ ਟੀਮ ਮੌਕੇ 'ਤੇ ਪਹੁੰਚ ਗਈ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਹਾਥੀ ਰਿਹਾਇਸੀ ਖੇਤਰ ਵਿੱਚ ਦਾਖਲ ਹੋ ਗਏ ਹਨ। ਅਸੀਂ ਹਾਥੀਆਂ ਨੂੰ ਵਾਪਿਸ ਜੰਗਲ ਵਿਚ ਭਜਾਉਣ ਲਈ ਉਥੇ ਗਏ ਸੀ।" ਮੌਕੇ 'ਤੇ ਪਹੁੰਚ ਕੇ ਉਨ੍ਹਾਂ ਨੇ ਨਦੀ 'ਚ ਪਾਣੀ ਦਾ ਪੱਧਰ ਵਧਦਾ ਦੇਖਿਆ, ਜਿਸ ਮਗਰੋਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਦੀ ਚਿਤਾਵਨੀ ਦਿੱਤੀ। ਪ੍ਰਦੀਪ ਨੇ ਕਿਹਾ, "ਜਦੋਂ ਅਸੀਂ ਵਾਪਸ ਆ ਰਹੇ ਸੀ ਤਾਂ ਅਸੀਂ ਇੱਕ ਉੱਚੀ ਆਵਾਜ ਸੁਣੀ ਅਤੇ ਪਹਿਲੀ ਜਮੀਨ ਖਿਸਕਣ ਦੀ ਘਟਨਾ ਵਾਪਰੀ। ਇਸ ਮੌਕੇ ਲੋਕਾਂ ਨੇ ਸੁਰੱਖਿਆ ਲਈ ਭੱਜਣਾ ਸੁਰੂ ਕਰ ਦਿੱਤਾ ਅਤੇ ਅਸੀਂ ਲੋਕਾਂ ਨੂੰ ਸੁਰੱਖਿਆ ਥਾਂ 'ਤੇ ਪਹੁੰਚਾਉਣ ਵਿਚ ਮਦਦ ਲਈ ਆਪਣੀਆਂ ਸਰਚ ਲਾਈਟਾਂ ਅਤੇ ਵਾਹਨਾਂ ਦੀਆਂ ਹੈੱਡਲਾਈਟਾਂ ਨੂੰ ਚਾਲੂ ਕਰ ਦਿੱਤਾ।



## ਵਿਨੇਸ ਫੋਗਾਟ ਨੂੰ ਇਨਸਾਫ ਦਿਵਾਉਣ ਲਈ ਖਾਪ ਪੰਚਾਇਤਾਂ ਹੋਈਆਂ ਇਕਜੁੱਟ

ਭਿਵਾਨੀ 10 ਅਗਸਤ। ਪੈਰਿਸ ਓਲੰਪਿਕ 2024 'ਚ ਮਹਿਲਾ ਕੁਸਤੀ ਦੇ 50 ਕਿਲੋ ਭਾਰ ਵਰਗ ਦੇ ਫਾਈਨਲ 'ਚ ਅਯੋਗ ਕਰਾਰ ਦਿੱਤੇ ਜਾਣ ਵਾਲੀ ਪਹਿਲਵਾਨ ਵਿਨੇਸ ਫੋਗਾਟ ਨੂੰ ਇਨਸਾਫ ਦਿਵਾਉਣ ਦੀ ਮੰਗ ਨੂੰ ਲੈ ਕੇ ਇਥੇ ਸੁੱਕਰਵਾਰ ਨੂੰ ਸਹੀਦ ਸਮਾਰਕ ਵਿਚ ਨੌਗਾਮਾ ਖਾਪ ਦੀ ਪੰਚਾਇਤ ਹੋਈ। ਪੰਚਾਇਤ 'ਚ ਵਿਨੇਸ ਫੋਗਾਟ ਨੂੰ ਅਯੋਗ ਠਹਿਰਾਉਣ ਨੂੰ ਸਾਜ਼ਿਸ ਕਰਾਰ ਦਿੱਤਾ ਗਿਆ। ਇਸ ਦੌਰਾਨ ਨੌਗਾਮਾ ਖਾਪ ਦੇ ਬੁਲਾਰੇ ਉਮੇਦ ਸਿੰਘ ਜਾਗਲਾਨ ਨੇ ਦੱਸਿਆ ਕਿ ਪੰਚਾਇਤ ਵਿੱਚ ਇਸ ਮਾਮਲੇ ਦੀ ਖੇਡ ਮੰਤਰੀ ਤੋਂ ਢੁੱਕਵੀਂ ਜਾਂਚ ਕਰਵਾਉਣ ਅਤੇ ਸਖਤ ਨਾਰਾਜਗੀ ਜਾਹਰ ਕਰਨ ਦੀ ਮੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਜੋ ਵੀ ਦੋਸੀ ਹੈ, ਉਸ ਖ਼ਿਲਾਫ ਕਾਰਵਾਈ ਕਰਕੇ ਸਜਾ ਦਿੱਤੀ ਜਾਵੇ ਤਾਂਕਿ ਵਿਨੇਸ ਫੋਗਾਟ ਨੂੰ ਇਨਸਾਫ ਮਿਲ ਸਕੇ। ਜਗਲਾਨ ਨੇ ਕਿਹਾ ਕਿ ਜੇਕਰ ਵਿਨੇਸ ਫੋਗਾਟ ਨੂੰ ਇਨਸਾਫ ਨਾ ਮਿਲਿਆ ਤਾਂ ਨੌਗਾਮਾ ਖਾਪ ਪ੍ਰਦਰਸਨ ਕਰਨ ਤੋਂ ਪਿੱਛੇ ਨਹੀਂ ਹਟੇਗੀ ਅਤੇ ਜੀਂਦ ਦੇ ਸਾਰੇ ਖਾਪ ਇਕੱਠੇ ਹੋ ਕੇ ਵਿਨੇਸ ਫੋਗਾਟ ਨੂੰ ਇਨਸਾਫ ਦਿਵਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ।

# ਚੀਫ ਜਸਟਿਸ ਚੰਦਰਚੂੜ ਨੇ ਕਿਹਾ ਜੱਜ ਅਤੇ ਵਕੀਲ ਸੰਜਮ ਨਾਲ ਟਿੱਪਣੀਆਂ ਕਰਨ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 10 ਅਗਸਤ। ਜਸਟਿਸ ਡੀ.ਵਾਈ. ਚੰਦਰਚੂੜ 13 ਮਈ, 2016 ਨੂੰ ਸੁਪਰੀਮ ਕੋਰਟ ਦੇ ਜੱਜ ਬਣਨ ਪਿੱਛੋਂ 9 ਨਵੰਬਰ, 2022 ਨੂੰ ਭਾਰਤ ਦੇ ਚੀਫ ਜਸਟਿਸ ਬਣੇ। ਜਸਟਿਸ ਚੰਦਰਚੂੜ ਦੇ ਨਾਂ 'ਤੇ ਸੁਪਰੀਮ ਕੋਰਟ ਦੇ ਮੌਜੂਦਾ ਜੱਜਾਂ 'ਚ ਸਭ ਤੋਂ ਵੱਧ ਲੋਕਹਿੱਤਕਾਰੀ ਫੈਸਲੇ ਸੁਣਾਉਣ ਅਤੇ ਟਿੱਪਣੀਆਂ ਕਰਨ ਦਾ ਰਿਕਾਰਡ ਦਰਜ ਹੈ। ਇਨ੍ਹਾਂ ਵੱਲੋਂ ਸਿਰਫ ਇਕ ਹਫਤੇ 'ਚ ਕੀਤੀਆਂ ਗਈਆਂ ਮਹੱਤਵਪੂਰਨ ਟਿੱਪਣੀਆਂ ਹੇਠਾਂ ਦਰਜ ਹਨ : "ਲੋਕ ਅਦਾਲਤਾਂ 'ਚ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਮਾਮਲਿਆਂ ਦਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਨਬੇੜਾ ਹੋ ਜਾਂਦਾ ਹੈ। ਇਸੇ ਕਾਰਨ ਲੋਕ ਅਦਾਲਤਾਂ ਹਰਮਨਪਿਆਰੀਆਂ ਹੋ ਰਹੀਆਂ ਹਨ। ਲੋਕ ਲੰਬੀ ਚੱਲਣ ਵਾਲੀ ਅਦਾਲਤੀ ਕਾਰਵਾਈ 'ਚ ਨਸ਼ਟ ਹੋਣ ਵਾਲੇ ਸਮੇਂ ਤੋਂ ਇੰਨਾ ਤੰਗ ਆ ਗਏ ਹਨ ਕਿ ਉਹ ਚਾਹੁੰਦੇ ਹਨ ਕਿ ਬਸ ਕਿਸੇ ਤਰ੍ਹਾਂ ਉਨ੍ਹਾਂ ਦੀ ਇਸ ਅਦਾਲਤੀ ਕਾਰਵਾਈ ਤੋਂ ਮੁਕਤੀ ਹੋ ਜਾਵੇ ਕਿਉਂਕਿ ਲੰਬੀ ਅਦਾਲਤੀ ਪ੍ਰਕਿਰਿਆ ਕਿਸੇ ਸਜਾ ਤੋਂ ਘੱਟ ਨਹੀਂ ਹੈ ਅਤੇ ਇਸੇ ਕਾਰਨ ਇਹ ਜੱਜਾਂ ਲਈ ਚਿੰਤਾ ਦਾ ਵਿਸ਼ਾ ਹੈ।" "ਲੋਕ ਅਦਾਲਤ ਦਾ ਮਕਸਦ ਲੋਕਾਂ ਦੇ ਘਰਾਂ ਤੱਕ ਨਿਆਂ ਪਹੁੰਚਾਉਣਾ ਅਤੇ ਲੋਕਾਂ ਨੂੰ ਇਹ ਭਰੋਸਾ ਦਿਵਾਉਣਾ ਹੈ ਕਿ ਅਸੀਂ ਉਨ੍ਹਾਂ ਦੀ ਜ਼ਿੰਦਗੀ 'ਚ ਨਿਰੰਤਰ ਮੌਜੂਦ ਹਾਂ। ਆਪਸੀ ਸਮਝੌਤੇ ਨਾਲ ਹੋਏ ਫੈਸਲੇ ਵਿਰੁੱਧ ਕੋਈ ਅਪੀਲ ਵੀ ਨਹੀਂ ਕੀਤੀ ਜਾ ਸਕਦੀ।" ਵਰਨਣਯੋਗ ਹੈ ਕਿ ਲੋਕ ਅਦਾਲਤਾਂ 'ਚ ਨਾਗਰਿਕਾਂ ਨਾਲ ਸਬੰਧਤ ਮਾਮਲਿਆਂ ਨੂੰ ਪੂਰੀ ਤਰ੍ਹਾਂ ਨਾਲ ਸਵੈ-ਇੱਛੁਕ ਅਤੇ ਸਹਿਮਤੀ ਭਰੇ ਤਰੀਕੇ ਨਾਲ ਦੋਵਾਂ ਧਿਰਾਂ ਦੀ ਤਸੱਲੀ ਅਨੁਸਾਰ ਹੱਲ ਕੀਤਾ ਜਾਂਦਾ ਹੈ ਅਤੇ ਦੋਵਾਂ ਧਿਰਾਂ ਦੇ ਅਦਾਲਤੀ ਖਰਚ 'ਚ ਵੀ ਕਮੀ ਆਉਂਦੀ ਹੈ। 6 ਅਗਸਤ ਨੂੰ ਵਕੀਲਾਂ ਵੱਲੋਂ ਜੱਜਾਂ 'ਤੇ ਮਾਮਲੇ ਦੀ ਛੇਤੀ ਸੁਣਵਾਈ ਲਈ ਜੋਰ ਦੇਣ ਦੇ ਰੁਝਾਨ ਤੋਂ ਨਾਰਾਜ ਸ਼੍ਰੀ ਚੰਦਰਚੂੜ ਨੇ ਉਨ੍ਹਾਂ 'ਤੇ ਨਾਰਾਜਗੀ ਜਤਾਉਂਦਿਆਂ ਕਿਹਾ, "ਕਿਰਪਾ ਕਰ ਕੇ ਅਦਾਲਤ ਨੂੰ ਹਦਾਇਤਾਂ ਨਾ ਦਿਓ। ਤੁਸੀਂ ਇਕ ਦਿਨ ਲਈ ਇੱਥੇ ਆ ਕੇ ਬੈਠ ਕਿਉਂ ਨਹੀਂ ਜਾਂਦੇ? ਤਦ ਤੁਸੀਂ ਅਦਾਲਤ ਨੂੰ ਦੱਸੋ ਕਿ ਤੁਸੀਂ ਕਿਹੜੀ ਤਰੀਕ ਚਾਹੁੰਦੇ ਹੋ?" "ਤੁਸੀਂ ਮਹਿਸੂਸ ਕਰੋਗੇ ਕਿ ਅਦਾਲਤ 'ਚ ਕੰਮ ਦਾ ਕਿੰਨਾ ਦਬਾਅ ਹੁੰਦਾ ਹੈ। ਕਿਰਪਾ ਕਰ ਕੇ ਇੱਥੇ ਆਓ ਅਤੇ ਇਕ ਦਿਨ ਲਈ ਬੈਠੋ। ਮੈਂ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਤੁਸੀਂ ਆਪਣੀ ਜਾਨ ਛੁਡਾ ਕੇ ਭੱਜੋਗੇ।" ਜਸਟਿਸ ਚੰਦਰਚੂੜ ਨੇ ਜਿੱਥੇ ਵਕੀਲਾਂ ਨੂੰ ਉਕਤ ਨਸੀਹਤ ਦਿੱਤੀ ਹੈ ਉੱਥੇ ਹੀ ਉਨ੍ਹਾਂ ਨੇ ਜੱਜਾਂ ਦੇ ਫੈਸਲਿਆਂ ਅਤੇ ਟਿੱਪਣੀਆਂ 'ਤੇ ਵੀ ਬੇਬਾਕ ਰਾਇ ਪ੍ਰਗਟ ਕੀਤੀ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਰਾਜਬੀਰ ਸਹਿਰਾਵਤ ਨੇ ਸੁਪਰੀਮ ਕੋਰਟ ਵਿਰੁੱਧ ਟਿੱਪਣੀ ਕਰਦਿਆਂ ਕਿਹਾ ਸੀ ਕਿ "ਸੁਪਰੀਮ ਕੋਰਟ 'ਚ ਇਹ ਮੰਨ ਲੈਣ ਦਾ ਰੁਝਾਨ ਹੈ ਕਿ ਉਹ ਵੱਧ ਸਰਵਉੱਚ ਹੈ।" 7 ਅਗਸਤ ਨੂੰ ਉਕਤ ਟਿੱਪਣੀਆਂ ਦਾ ਖੁਦ ਨੋਟਿਸ ਲੈਂਦਿਆਂ ਇਨ੍ਹਾਂ ਨੂੰ ਹਟਾਉਂਦੇ ਹੋਏ ਸ਼੍ਰੀ ਚੰਦਰਚੂੜ ਦੀ ਪ੍ਰਧਾਨਗੀ ਵਾਲੀ 5 ਜੱਜਾਂ ਦੀ ਬੈਂਚ ਨੇ ਕਿਹਾ : "ਪੰਜਾਬ-ਹਰਿਆਣਾ ਹਾਈ ਕੋਰਟ ਦੇ ਜਸਟਿਸ ਰਾਜਬੀਰ ਸਹਿਰਾਵਤ ਦੀਆਂ ਟਿੱਪਣੀਆਂ ਡੂੰਘੀ ਚਿੰਤਾ ਦਾ ਵਿਸ਼ਾ ਹਨ। ਨਾ ਤਾਂ ਸੁਪਰੀਮ ਕੋਰਟ ਸਰਵਉੱਚ ਹੈ ਅਤੇ ਨਾ ਹੀ ਹਾਈ ਕੋਰਟ। ਅਸਲ 'ਚ ਭਾਰਤ ਦਾ ਸੰਵਿਧਾਨ ਸਰਵਉੱਚ ਹੈ।



## ਉਮਰ ਅਬਦੁੱਲਾ ਨੇ ਧਾਰਾ 370 ਨੂੰ ਖਤਮ ਕਰਨ ਨੂੰ ਲੈ ਕੇ ਭਾਜਪਾ 'ਤੇ ਕੀਤੇ ਤਿੱਖੇ ਹਮਲੇ

ਨੈਸ਼ਨਲ ਡੈਸਕ 10 ਅਗਸਤ। ਨੈਸਨਲ ਕਾਨਫਰੰਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਨੇ ਬੁੱਧਵਾਰ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਧਾਰਾ 370 ਦੀਆਂ ਜ਼ਿਆਦਾਤਰ ਵਿਵਸਥਾਵਾਂ ਨੂੰ ਖਤਮ ਕਰਨ ਤੋਂ ਬਾਅਦ 'ਨਵਾਂ ਅਤੇ ਖੁਸਹਾਲ' ਜੰਮੂ-ਕਸਮੀਰ ਬਣਾਉਣ ਦੇ ਦਾਅਵਿਆਂ 'ਤੇ ਨਿਸਾਨਾ ਸਾਧਦੇ ਹੋਏ ਦੋਸ ਲਗਾਇਆ ਕਿ ਜਮੀਨੀ ਪੱਧਰ 'ਤੇ ਸਥਿਤੀ ਪੂਰੀ ਤਰ੍ਹਾਂ ਉਲਟ ਹੈ। ਉਨ੍ਹਾਂ ਕਿਹਾ, "ਮੈਂ ਇਹ ਪੁੱਛਣ ਲਈ ਮਜਬੂਰ ਹਾਂ ਕਿ ਪਿਛਲੇ ਪੰਜ ਸਾਲਾਂ ਵਿਚ (ਕੇਂਦਰ ਸਾਸਿਤ ਪ੍ਰਦੇਸ) ਦੇ ਲੋਕਾਂ ਨੂੰ ਕੀ ਮਿਲਿਆ ਹੈ।" ਕਠੂਆ ਜ਼ਿਲ੍ਹੇ ਦੇ ਨਗਰੀ ਵਿਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਅਬਦੁੱਲਾ ਨੇ ਕਿਹਾ, "ਉਹ (ਧਾਰਾ 370 ਹਟਾਏ ਜਾਣ ਤੋਂ ਬਾਅਦ) ਇਕ ਨਵਾਂ ਅਤੇ ਖੁਸਹਾਲ ਜੰਮੂ-ਕਸਮੀਰ ਬਣਾਉਣ ਦੀ ਗੱਲ ਕਰ ਰਹੇ ਸਨ, ਪਰ ਜਮੀਨੀ ਸਥਿਤੀ ਇਸ ਦੇ ਬਿਲਕੁਲ ਉਲਟ ਹੈ ਅਤੇ ਇਸੇ ਕਾਰਨ ਉਹ ਹਾਰ ਦੇ ਡਰ ਕਾਰਨ ਵਿਧਾਨ ਸਭਾ ਚੋਣਾਂ ਨਹੀਂ ਕਰਵਾ ਸਕੇ। ਕੇਂਦਰੀ ਮੰਤਰੀ ਜੀ. ਕਿਸਨ ਰੈੱਡੀ ਦੇ ਇਸ ਬਿਆਨ ਦਾ ਹਵਾਲਾ ਦਿੰਦੇ ਹੋਏ ਕਿ ਸਤੰਬਰ 'ਚ ਵਿਧਾਨ ਸਭਾ ਚੋਣਾਂ ਹੋਣਗੀਆਂ, ਉਨ੍ਹਾਂ ਕਿਹਾ ਕਿ ਜੇਕਰ ਉਹ ਹੁਣ ਚੋਣਾਂ ਦੀ ਗੱਲ ਕਰ ਰਹੇ ਹਨ ਤਾਂ ਉਹ ਸਾਡੇ 'ਤੇ ਕੋਈ ਅਹਿਸਾਨ ਨਹੀਂ ਕਰ ਰਹੇ ਹਨ। ਉਨ੍ਹਾਂ ਕਿਹਾ, "ਇਹ ਸੁਪਰੀਮ ਕੋਰਟ ਸੀ, ਜਿਸ ਨੇ ਧਾਰਾ 370 ਦੀਆਂ ਜ਼ਿਆਦਾਤਰ ਵਿਵਸਥਾਵਾਂ ਨੂੰ ਹਟਾਉਣ ਬਾਰੇ ਆਪਣਾ ਫੈਸਲਾ ਦਿੰਦੇ ਹੋਏ ਵਿਧਾਨ ਸਭਾ ਚੋਣਾਂ ਕਰਵਾਉਣ ਲਈ 30 ਸਤੰਬਰ ਦੀ ਸਮਾਂ ਸੀਮਾ ਨਿਸਚਿਤ ਕੀਤੀ ਸੀ, ਨਹੀਂ ਤਾਂ ਉਹ ਕਿਸੇ ਨਾ ਕਿਸੇ ਬਹਾਨੇ ਇਸ ਨੂੰ ਦੁਬਾਰਾ ਟਾਲ ਦਿੰਦੇ। ਉਪ ਰਾਜਪਾਲ (ਮਨੋਜ ਸਿਨਹਾ) ਨੇ ਵੀ ਚੋਣਾਂ ਕਰਵਾਉਣ ਦੀ ਗੱਲ ਕੀਤੀ ਹੈ ਅਤੇ ਅਸੀਂ ਚੋਣਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਾਂ।



# ਕੋਰੀਅਰ ਰਾਹੀਂ ਨਸ਼ੀਲੀਆਂ ਗੋਲੀਆਂ ਸਪਲਾਈ ਕਰਨ ਵਾਲੇ ਮੈਡੀਕਲ ਸਟੋਰ ਦੇ ਮਾਲਕ ਸਣੇ 3 ਮੁਲਜਮ ਗ੍ਰਿਫਤਾਰ

ਨਵਾਂਸ਼ਹਿਰ 10 ਅਗਸਤ। ਨਵਾਂਸ਼ਹਿਰ ਦੀ ਪੁਲਸ ਨੇ ਉੱਤਰ ਪ੍ਰਦੇਸ਼ ਦੇ ਸਿਕੋਹਾਬਾਦ ਤੋਂ ਕੋਰੀਅਰ ਰਾਹੀਂ ਨਸ਼ੇ ਵਾਲੇ ਪਦਾਰਥਾਂ ਦੀ ਸਪਲਾਈ ਦਾ ਰੈਕੇਟ ਚਲਾ ਰਹੇ ਮੈਡੀਕਲ ਸਟੋਰ ਮਾਲਕ ਸਣੇ 3 ਵਿਅਕਤੀਆਂ ਨੂੰ ਕਾਬੂ ਕਰਕੇ 30,270 ਨਸ਼ੇ ਵਾਲੀਆਂ ਗੋਲੀਆਂ ਅਤੇ 20 ਹਜਾਰ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਐੱਸ. ਐੱਸ. ਪੀ. ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਮੁਲਜ਼ਮ ਦਲੀਪ ਕੁਮਾਰ ਉਰਫ਼ ਦੀਪ ਵਾਸੀ ਬੰਗਾ ਨੂੰ ਪੁਲਸ ਥਾਣਾ ਸਿਟੀ ਬੰਗਾ ਨੇ 270 ਨਸ਼ੇ ਵਾਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ। ਡਾ. ਚੌਧਰੀ ਨੇ ਦੱਸਿਆ ਕਿ ਉਕਤ ਦੋਸ਼ੀ ਕੋਲੋਂ ਪੁੱਛਗਿੱਛ ਦੌਰਾਨ ਸੁਖਵਿੰਦਰ ਸਿੰਘ ਉਰਫ ਬਿੰਦਾ ਵਾਸੀ ਪਿੰਡ ਲਕਸੀਹਾ ਥਾਣਾ ਮਾਹਿਲਪੁਰ ਜੋਕਿ ਨਸ਼ੇ ਦਾ ਧੰਦਾ ਕਰਦਾ ਹੈ ਅਤੇ ਈਸਾਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮੈਡੀਕਲ ਸਟੋਰ ਚਲਾਉਂਦਾ ਹੈ, ਨੂੰ ਰੇਡ ਕਰਕੇ 20 ਹਜ਼ਾਰ ਰੁਪਏ ਡਰੱਗ ਮਨੀ ਸਮੇਤ ਕਾਬੂ ਕੀਤਾ ਹੈ। ਉਕਤ ਦੋਸ਼ੀ ਦੀ ਤਫ਼ਤੀਸ਼ ਦੌਰਾਨ ਦੋਸ਼ੀ ਫਿਗਰ ਹੋਏ ਅੰਕਿਤ ਅਗਰਵਾਲ ਵਾਸੀ ਫਿਰੋਜ਼ਾਬਾਦ ਜ਼ਿਲ੍ਹਾ ਫਿਰੋਜ਼ਾਬਾਦ (ਯੂ.ਪੀ.) ਜੋਕਿ ਸਿਕੋਹਾਬਾਦ ਵਿਖੇ ਮੈਡੀਕਲ ਸਟੋਰ ਚਲਾਉਂਦਾ ਹੈ, 'ਚ ਛਾਪਾ ਮਾਰ ਕੇ ਨਸ਼ੇ ਵਾਲੀਆਂ ਦਵਾਈਆਂ ਵੱਜੋਂ ਵਰਤੀਆਂ ਜਾਣ ਵਾਲੀਆਂ 3 ਹਜ਼ਾਰ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ। ਐੱਸ. ਐੱਸ. ਪੀ. ਡਾ. ਚੌਧਰੀ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਦੋਸ਼ੀ ਉੱਤਰ ਪ੍ਰਦੇਸ਼ ਤੋਂ ਕੋਰੀਅਰ ਰਾਹੀਂ ਨਸ਼ੇ ਵਾਲੀਆਂ ਗੋਲੀਆਂ ਪਹੁੰਚਾਉਂਦੇ ਸਨ ਅਤੇ ਬੈਂਕ ਐਂਟਰੀ ਤੋਂ ਪੈਸੇ ਲੈਂਦੇ ਰਹੇ ਸਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਪੁਲਸ ਨੇ ਅੰਤਰਰਾਜੀ ਨਸ਼ਿਆਂ ਦੇ ਵਪਾਰ ਦੀ ਲੜੀ ਨੂੰ ਤੋੜਨ



ਵਿਚ ਸਫਲਤਾ ਹਾਸਲ ਕੀਤੀ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਜਿਨ੍ਹਾਂ ਮਾਮਲਿਆਂ ਵਿਚ ਸਪਲਾਇਰ ਕਿਸੇ ਹੋਰ ਸੂਬੇ ਦਾ ਸੀ, ਉਸ ਦਾ ਨਾਂ ਪੁਲਸ ਕਾਰਵਾਈ ਵਿਚ ਸਾਹਮਣੇ ਆਇਆ ਸੀ ਪਰ ਉਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਿਆ ਪਰ ਇਸ ਮਾਮਲੇ ਵਿਚ ਪੁਲਸ ਨੇ ਉੱਤਰ ਪ੍ਰਦੇਸ਼ ਵਿਚ ਨਸ਼ੇ ਵਾਲੀਆਂ ਗੋਲੀਆਂ ਸਪਲਾਈ ਕਰਨ ਵਾਲੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਉਕਤ ਸਪਲਾਇਰ ਅੰਕਿਤ ਅਗਰਵਾਲ ਹੁਸ਼ਿਆਰਪੁਰ ਦੇ ਰਹਿਣ ਵਾਲੇ ਸੁਖਵਿੰਦਰ ਸਿੰਘ ਉਰਫ਼ ਬਿੰਦਾ ਨੂੰ ਕੋਰੀਅਰ ਰਾਹੀਂ ਸਪਲਾਈ ਕਰਦਾ ਸੀ ਅਤੇ ਇਹ ਸਪਲਾਈ ਸੁਖਵਿੰਦਰ ਅੱਗੇ ਕਰਦਾ ਸੀ। ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਗ੍ਰਿਫ਼ਤਾਰ ਦੋਸ਼ੀਆਂ ਨੂੰ ਅਦਾਲਤ 'ਚ ਪੇਸ਼ ਕਰਨ ਉਪਰੰਤ ਉਨ੍ਹਾਂ ਨੂੰ ਨਿਆਇਕ ਹਿਰਾਸਤ 'ਚ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਸਮੇਂ ਐੱਸ. ਪੀ. (ਇੰਵੈਸਟੀਗੇਸ਼ਨ) ਮੁਕੇਸ਼ ਸ਼ਰਮਾ, ਡੀ. ਐੱਸ. ਪੀ. ਪ੍ਰੇਮ ਕੁਮਾਰ, ਡੀ. ਐੱਸ. ਪੀ. ਸਰਵਣ ਸਿੰਘ ਬੱਲ ਅਤੇ ਐੱਸ. ਐੱਚ. ਓ. ਸੁਭਾਸ਼ ਚੰਦਰ ਹਾਜ਼ਰ ਸਨ।

## ਭਿਆਨਕ ਹਾਦਸੇ ਨੇ ਉਜਾੜ ਕੇ ਰੱਖ ਦਿੱਤਾ ਪਰਿਵਾਰ

ਬੁਢਲਾਡਾ 10 ਅਗਸਤ। ਨੈਸ਼ਨਲ ਹਾਈਵੇਅ 'ਤੇ ਬੇਸਹਾਰਾ ਪਸ਼ੂ ਦੀ ਫੇਟ ਕਾਰਨ ਕਾਰ ਚਾਲਕ ਨੌਜਵਾਨ ਦੀ ਮੌਤ ਹੋ ਗਈ ਜਦਕਿ ਉਸਦਾ ਸਾਥੀ ਜਖਮੀ ਹੋ ਗਿਆ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਬੀਤੀ ਸ਼ਾਮ ਬਰੇਟਾ ਤੋਂ ਬੁਢਲਾਡਾ ਨੈਸ਼ਨਲ ਹਾਈਵੇਅ 'ਤੇ ਗੁਰੂ ਨਾਨਕ ਕਾਲਜ ਪੁੱਲ 'ਤੇ ਵਰਨਾ ਕਾਰ ਦੀ ਬੇਸਹਾਰਾ ਪਸ਼ੂ ਅੱਗੇ ਆਉਣ ਕਾਰਨ ਟੱਕਰ ਹੋ ਗਈ। ਇਸ ਹਾਦਸੇ ਵਿਚ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਮੌਕੇ 'ਤੇ ਰਾਹਗੀਰਾਂ ਵੱਲੋਂ ਜਖਮੀ ਕਾਰ ਸਵਾਰਾਂ ਨੂੰ ਸਰਕਾਰੀ ਹਸਪਤਾਲ 'ਚ ਪਹੁੰਚਾਇਆ ਗਿਆ। ਇਸ ਦੌਰਾਨ ਗੰਭੀਰ ਜਖਮੀ ਹੋਏ ਕਾਰ ਚਾਲਕ ਨੌਜਵਾਨ ਗੁਰਸਿਮਰਨ ਸਿੰਘ (19) ਦੀ ਮੌਤ ਹੋ ਗਈ ਅਤੇ ਉਸਦਾ ਸਾਥੀ ਜਸਨਪ੍ਰੀਤ ਸਿੰਘ ਭੰਮੇ ਬੁਰੀ ਤਰ੍ਹਾਂ ਜਖਮੀ ਹੋ ਗਿਆ। ਸਥਾਨਕ ਸਿਟੀ ਪੁਲਸ ਵੱਲੋਂ ਮ੍ਰਿਤਕ ਦੇ ਪਿਤਾ ਰਾਜਵਿੰਦਰ ਸਿੰਘ ਦੇ ਬਿਆਨ 'ਤੇ ਮਾਮਲਾ ਦਰਜ ਕਰਕੇ ਲਾਸ਼ ਪੋਸਟ ਮਾਰਟਮ ਉਪਰੰਤ ਵਾਰਸਾਂ ਨੂੰ ਸੌਂਪ ਦਿੱਤੀ ਗਈ ਹੈ।

## ਲੁਧਿਆਣਾ 'ਚ ਕਾਰ ਸਵਾਰ ਨੌਜਵਾਨਾਂ ਨੇ ਚਲਾਈਆਂ ਗੋਲੀਆਂ, ਦਹਿਸ਼ਤ 'ਚ ਇਲਾਕੇ ਦੇ ਲੋਕ

ਲੁਧਿਆਣਾ 10 ਅਗਸਤ। ਇੱਥੇ ਜਲੰਧਰ ਬਾਈਪਾਸ ਭੱਟੀਆ ਕਾਲੋਨੀ ਨੇੜੇ ਕਾਰ ਸਵਾਰ 3 ਨੌਜਵਾਨ ਫਾਇਰਿੰਗ ਕਰਕੇ ਫਰਾਰ ਹੋ ਗਏ। ਫਾਇਰਿੰਗ ਕਾਰਨ ਇਲਾਕੇ 'ਚ ਅਚਾਨਕ ਦਹਿਸ਼ਤ ਫੈਲ ਗਈ। ਗੋਲੀ ਚੱਲਣ ਦੀ ਆਵਾਜ ਸੁਣ ਕੇ ਆਸ-ਪਾਸ ਦੇ ਲੋਕ ਇਕੱਠੇ ਹੋਏ ਅਤੇ ਉਨ੍ਹਾਂ ਨੇ ਪੁਲਸ ਨੂੰ ਸੂਚਿਤ ਕੀਤਾ। ਥਾਣਾ ਸਲੇਮ ਟਾਬਰੀ ਦੀ ਪੁਲਸ ਨੇ ਮੌਕੇ 'ਤੇ ਪੁੱਜ ਕੇ ਜਾਂਚ ਕਰਦੇ ਹੋਏ ਮੌਕੇ ਤੋਂ 5 ਜ਼ਿੰਦਾ ਕਾਰਤੂਸ ਅਤੇ 2 ਖੋਲ



ਬਰਾਮਦ ਕੀਤੇ ਹਨ। ਪੁਲਸ ਇਲਾਕੇ 'ਚ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਖੰਗਾਲ ਰਹੀ ਹੈ। ਮਿਲੀ ਜਾਣਕਾਰੀ ਮੁਤਾਬਕ ਤਿੰਨ ਨੌਜਵਾਨ ਗਰੇਅ ਰੰਗ ਦੀ ਕਾਰ 'ਚ ਸਵਾਰ ਸਨ ਅਤੇ ਪੂਬਰੀ ਤਰ੍ਹਾਂ ਨਸ਼ੇ 'ਚ ਧੁੱਤ ਸਨ। ਉਨ੍ਹਾਂ ਨੇ ਕਿਸੇ ਪਰਵਾਸੀ ਦੇ ਘਰ ਦੇ ਗੇਟ 'ਤੇ ਫਾਇਰਿੰਗ ਕੀਤੀ। ਪੁਲਸ ਦਾ ਮੰਨਣਾ ਹੈ ਕਿ ਕਾਰ ਸਵਾਰ ਨੌਜਵਾਨਾਂ ਨੇ ਸ਼ਾਇਦ ਕਿਸੇ ਦੂਜੀ ਜਗ੍ਹਾ 'ਤੇ ਵਾਰਦਾਤ ਨੂੰ ਅੰਜਾਮ ਦੇਣਾ ਸੀ ਪਰ ਗਲਤੀ ਨਾਲ ਕਿਸੇ ਪਰਵਾਸੀ ਦੇ ਘਰ ਫਾਇਰਿੰਗ ਕਰਕੇ ਭੱਜ ਗਏ। ਫਿਲਹਾਲ ਪੁਲਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਟ੍ਰੈਫਿਕ ਸਮੱਸਿਆ ਨਾਲ ਜੂਝ ਰਿਹਾ ਲਾਡੋਵਾਲ, ਰੋਜਾਨਾ ਹੋ ਰਹੇ ਨੇ ਹਾਦਸੇ

ਲਾਡੋਵਾਲ 10 ਅਗਸਤ। ਕਸਬਾ ਲਾਡੋਵਾਲ ਦੀ ਟ੍ਰੈਫਿਕ ਸਮੱਸਿਆ ਰੋਜਾਨਾ ਵਿਰਾਟ ਰੂਪ ਧਾਰਨ ਕਰਦੀ ਜਾ ਰਹੀ ਹੈ। ਹਾਈਵੇਅ 'ਤੇ ਟ੍ਰੈਫਿਕ ਇੰਨੀ ਵੱਧ ਚੁੱਕੀ ਹੈ ਕਿ ਲੋਕਾਂ ਨੂੰ ਸੜਕ ਆਰ-ਪਾਰ ਕਰਨਾ ਬਹੁਤ ਮੁਸਕਲ ਹੋ ਗਿਆ ਹੈ। ਇਹ ਟ੍ਰੈਫਿਕ ਸਮੱਸਿਆ ਪੁਲਸ ਦੇ ਕੰਟਰੋਲ ਤੋਂ ਬਾਹਰ ਦੀ ਗੱਲ ਹੈ। ਟ੍ਰੈਫਿਕ ਸਮੱਸਿਆ ਨੂੰ ਲੈ ਕੇ ਰੋਜਾਨਾ ਹਾਦਸੇ ਵਾਪਰ ਰਹੇ ਹਨ। ਜਿਸ ਪਾਸੇ ਵੱਲ ਲੁਧਿਆਣਾ ਪ੍ਰਸਾਸਨ ਦਾ ਕੋਈ ਧਿਆਨ ਨਹੀਂ ਹੈ। ਇੱਥੋਂ ਦੇ ਲੋਕਾਂ ਨੇ ਪਹਿਲਾਂ ਕੁੱਝ ਰਾਹਤ ਮਹਿਸੂਸ ਕੀਤੀ ਸੀ ਕਿ ਲਾਡੋਵਾਲ ਤੋਂ ਨਵਾਂ ਹਾਈਵੇਅ ਬਣਨ ਕਾਰਨ ਸਾਇਦ ਟ੍ਰੈਫਿਕ ਵਿੱਚ ਕੋਈ ਕਮੀ ਹੋਵੇਗੀ ਪਰ ਸਰਕਾਰ ਦੇ ਕੁਝ ਮੰਤਰੀ ਐਸੇ




ਚਤੁਰ ਹਨ, ਜਿਨ੍ਹਾਂ ਨੇ ਉਸ ਰੋਡ 'ਤੇ ਵੀ ਟੋਲ ਪਲਾਜਾ ਬਣਾ ਕੇ ਟੋਲ ਟੈਕਸ ਵਸੂਲਣਾ ਚਾਲੂ ਕਰ ਦਿੱਤਾ, ਜਿਸ ਕਾਰਨ ਜੋ ਲੋਕ ਉਸ ਰੋਡ ਤੋਂ ਦੀ ਜਾਂਦੇ ਹਨ, ਉਸ ਨੂੰ ਟੋਲ ਟੈਕਸ ਦੇਣਾ ਪੈਂਦਾ ਹੈ। ਜਿਸ ਨੂੰ ਦੇਖਦੇ ਹੋਏ ਲੋਕਾਂ ਨੂੰ ਜਗਰਾਵਾਂ ਮੁੱਲਾਂਪੁਰ ਨੂੰ ਜਾਣ ਲਈ ਲਾਡੋਵਾਲ ਤੇ ਵਿੱਚ ਦੀ ਹੋ ਕੇ ਜਾਣਾ ਪੈਂਦਾ ਹੈ। ਇਸ ਕਾਰਨ ਟ੍ਰੈਫਿਕ ਸਮੱਸਿਆ ਦੇ ਹਾਲਾਤ ਬਦ ਤੋਂ ਬਦਤਰ ਬਣ ਜਾਂਦੇ ਹਨ। ਲੋਕਾਂ ਨੇ ਲੁਧਿਆਣਾ ਪ੍ਰਸਾਸਨ ਪਾਸੋਂ ਮੰਗ ਕੀਤੀ ਕਿ ਇਸ ਟ੍ਰੈਫਿਕ ਸਮੱਸਿਆ ਦਾ ਕੋਈ ਹੱਲ ਕੱਢਿਆ ਜਾਵੇ ਨਹੀਂ ਤਾਂ ਆਉਣ ਵਾਲੇ ਦਿਨਾਂ ਇਹ ਟ੍ਰੈਫਿਕ ਸਮੱਸਿਆ ਲੋਕਾਂ ਦੀ ਸਿਰਦਰਦੀ ਬਣ ਜਾਵੇਗੀ। ਲੋਕਾਂ ਨੇ ਇਹ ਵੀ ਮੰਗ ਕੀਤੀ ਕਿ ਟ੍ਰੈਫਿਕ ਨੂੰ ਦੇਖਦੇ ਹੋਏ ਪਹਿਲਾਂ ਵਾਲੀ ਕਰੋਸਿੰਗ ਨੂੰ ਬੰਦ ਕਰਕੇ ਲਾਡੋਵਾਲ ਫੀਲਿੰਗ ਸਟੇਸਨ ਕੋਲ ਕਰੋਸਿੰਗ ਬਣਾਈ ਜਾਵੇ ਤਾਂ ਜੋ ਲੋਕਾਂ ਨੂੰ ਕੁੱਝ ਰਾਹਤ ਮਿਲ ਸਕੇ।

## ਕਾਰ-ਮੋਟਰਸਾਈਕਲ ਦੀ ਟੱਕਰ 'ਚ 22 ਸਾਲਾ ਹਾਕੀ ਖਿਡਾਰੀ ਦੀ ਮੌਤ, ਪਰਿਵਾਰ ਮੈਂਬਰਾਂ ਨੇ ਦਿੱਤਾ ਧਰਨਾ

ਬਟਾਲਾ 10 ਅਗਸਤ। ਬਟਾਲਾ ਦੇ ਨਜਦੀਕੀ ਪਿੰਡ ਘੁੰਮਣ ਕਲਾਂ ਨੇੜੇ ਕਾਰ ਅਤੇ ਮੋਟਰਸਾਈਕਲ ਵਿਚਕਾਰ ਹੋਈ ਟੱਕਰ 'ਚ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦੌਰਾਨ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਵੱਲੋਂ ਲਾਸ਼ ਨੌਸ਼ਹਿਰਾ ਮੱਝਾ ਸਿੰਘ ਵਿਖੇ ਨੈਸ਼ਨਲ ਹਾਈਵੇ 'ਤੇ ਰੱਖ ਕੇ ਕਾਰ ਚਾਲਕ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਧਰਨਾ ਦਿੱਤਾ ਗਿਆ। ਜਾਣਕਾਰੀ ਅਨੁਸਾਰ ਬੀਤੇ ਦੁਪਹਿਰ ਸਮੇਂ ਕੰਵਲਜੀਤ ਸਿੰਘ (22) ਪੁੱਤਰ ਸੁੱਚਾ ਰਾਮ ਵਾਸੀ ਪਿੰਡ ਘੁੰਮਣ ਕਲਾਂ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਨੌਸ਼ਹਿਰਾ ਮੱਝਾ ਸਿੰਘ ਵੱਲ ਜਾ ਰਿਹਾ ਸੀ ਕਿ ਜਦੋਂ ਉਹ ਪਿੰਡ ਤੋਂ ਥੋੜ੍ਹੀ ਦੂਰ ਸਥਿਤ ਪੌਦਿਆਂ ਦੀ ਨਰਸਰੀ ਨੇੜੇ ਪੁੱਜਾ ਤਾਂ ਉਸ ਦੇ ਮੋਟਰਸਾਈਕਲ ਦੀ ਇਕ ਕਾਰ ਨਾਲ ਟੱਕਰ ਹੋ ਗਈ, ਜਿਸਦੇ ਚਲਦਿਆਂ ਉਕਤ ਨੌਜਵਾਨ ਗੰਭੀਰ ਜ਼ਖਮੀ ਹੋ ਗਿਆ। ਕਾਰ ਸਵਾਰ ਵਿਅਕਤੀ ਵੱਲੋਂ ਜਖਮੀ ਨੌਜਵਾਨ ਨੂੰ ਆਪਣੀ ਕਾਰ 'ਚ ਇਲਾਜ ਲਈ ਸੀ. ਐੱਚ. ਸੀ. ਨੌਸ਼ਹਿਰਾ ਮੱਝਾ ਸਿੰਘ ਲਿਆਂਦਾ ਗਿਆ, ਜਿਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਕਰਾਰ ਦੇ ਦਿੱਤਾ। ਦੂਜੇ ਪਾਸੇ ਉਕਤ ਕਾਰ ਚਾਲਕ ਆਪਣੀ ਕਾਰ ਸੀ. ਐੱਚ. ਸੀ. ਨੌਸ਼ਹਿਰਾ ਮੱਝਾ



ਸਿੰਘ ਵਿਖੇ ਛੱਡ ਕੇ ਫਰਾਰ ਹੋ ਗਿਆ। ਇਸ ਦੌਰਾਨ ਜਦੋਂ ਮ੍ਰਿਤਕ ਨੌਜਵਾਨ ਦੇ ਪਰਿਵਾਰਕ ਮੈਂਬਰ ਸੀ. ਐੱਚ. ਸੀ. ਨੌਸ਼ਹਿਰਾ ਮੱਝਾ ਸਿੰਘ ਪੁੱਜੇ ਤਾਂ ਉਨ੍ਹਾਂ ਨੇ ਨੌਜਵਾਨ ਦੀ ਲਾਸ਼ ਨੂੰ ਹਸਪਤਾਲ ਦੇ ਸਾਹਮਣੇ ਨੈਸ਼ਨਲ ਹਾਈਵੇ 'ਤੇ ਰੱਖ ਕੇ ਕਾਰ ਸਵਾਰ ਵਿਅਕਤੀ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਧਰਨਾ ਦਿੱਤਾ। ਇਸ ਧਰਨੇ ਦੀ ਸੂਚਨਾ ਮਿਲਦੇ ਹੀ ਡੀ. ਐੱਸ. ਪੀ. ਸਿਟੀ ਬਟਾਲਾ ਲਲਿਤ ਕੁਮਾਰ ਅਤੇ ਡੀ. ਐੱਸ. ਪੀ. ਗੁਰਦਾਸਪੁਰ ਸੁਖਪਾਲ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੂੰ ਭਰੋਸਾ ਦਿੱਤਾ ਕਿ ਕਾਰ ਚਾਲਕ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ, ਜਿਸਦੇ ਚਲਦਿਆਂ ਕਰੀਬ ਸਾਢੇ ਤਿੰਨ ਘੰਟੇ ਬਾਅਦ ਪਰਿਵਾਰਕ ਮੈਂਬਰਾਂ ਵੱਲੋਂ ਧਰਨਾ ਸਮਾਪਤ ਕਰ ਦਿੱਤਾ ਗਿਆ। ਇਸ ਸਬੰਧੀ ਡੀ. ਐੱਸ. ਪੀ. ਸਿਟੀ ਲਲਿਤ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰ ਪੁਲਸ ਨੂੰ ਜੋ ਵੀ ਬਿਆਨ ਦਰਜ ਕਰਵਾਉਣਗੇ ਉਸਦੇ ਆਧਾਰ 'ਤੇ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਕਾਰ ਚਾਲਕ ਵਿਅਕਤੀ ਨੂੰ ਵੀ ਜਲਦ ਹੀ ਕਾਬੂ ਕਰ ਲਿਆ ਜਾਵੇਗਾ। ਇੱਥੇ ਇਹ ਵੀ ਦੱਸਣਯੋਗ ਹੈ ਕਿ ਕਰੀਬ ਸਾਢੇ ਘੰਟੇ ਤੱਕ ਚੱਲੇ ਇਸ ਧਰਨੇ ਕਾਰਨ ਨੈਸ਼ਨਲ ਹਾਈਵੇਅ 'ਤੇ ਲੰਬਾ ਜਾਮ ਲੱਗ ਗਿਆ, ਜਿਸਦੇ ਚਲਦਿਆਂ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

## ਅਫਗਾਨਿਸਤਾਨ ਨੂੰ ਪਛਾੜ ਸਾਲ 2023 'ਚ ਦੁਨੀਆ ਦਾ ਸਭ ਤੋਂ ਵੱਡਾ ਅਫੀਮ ਉਤਪਾਦਕ ਦੇਸ਼ ਬਣਿਆ ਮਿਆਂਮਾਰ

ਗੁਰਦਾਸਪੁਰ 10 ਅਗਸਤ। ਸੰਯੁਕਤ ਰਾਸਟਰ ਦੀ ਇਕ ਰਿਪੋਰਟ ਅਨੁਸਾਰ ਅਫਗਾਨਿਸਤਾਨ 'ਚ ਅਫੀਮ ਦੇ ਗੈਰ-ਕਾਨੂੰਨੀ ਵਪਾਰ ਵਿਚ ਤਾਲਿਬਾਨ ਦੀ ਸਰਕਾਰ ਬਣਨ ਤੋਂ ਬਾਅਦ ਮਿਆਂਮਾਰ ਹੁਣ ਅਫਗਾਨਿਸਤਾਨ ਨੂੰ ਪਛਾੜ ਕੇ ਸਾਲ 2023 ਵਿਚ ਦੁਨੀਆ ਦਾ ਸਭ ਤੋਂ ਵੱਡਾ ਅਫੀਮ ਉਤਪਾਦਕ ਦੇਸ ਬਣਨ ਲਈ ਤਿਆਰ ਹੈ। ਇਸ ਸਾਲ ਮਿਆਂਮਾਰ 'ਚ ਅਫੀਮ ਦਾ ਉਤਪਾਦਨ ਅਫਗਾਨਿਸਤਾਨ ਦੇ ਮੁਕਾਬਲੇ



ਤਿੰਨ ਗੁਣਾ ਵੱਧ ਹੋਇਆ ਹੈ। ਸੰਯੁਕਤ ਰਾਸਟਰ ਆਫਿਸ ਆਨ ਡਰੱਗਜ ਐਂਡ ਕ੍ਰਾਈਮ ਦੀ ਰਿਪੋਰਟ ਅਨੁਸਾਰ ਸਾਲ 2023 'ਚ ਮਿਆਂਮਾਰ 'ਚ 1060 ਮੀਟ੍ਰਿਕ ਟਨ ਅਫੀਮ ਦਾ ਉਤਪਾਦਨ ਹੋਵੇਗਾ, ਜੋ ਕਿ ਹੈਰੋਇਨ ਤਿਆਰ ਕਰਨ ਲਈ ਮੁੱਖ ਸਮੱਗਰੀ ਹਨ। ਅਫਗਾਨਿਸਤਾਨ ਵਿਚ ਪਿਛਲੇ ਸਾਲ ਅਪ੍ਰੈਲ ਵਿਚ ਤਾਲਿਬਾਨ ਵੱਲੋਂ ਅਫੀਮ ਦੀ ਖੇਤੀ 'ਤੇ ਪਾਬੰਦੀ ਲਗਾਉਣ ਤੋਂ ਬਾਅਦ ਅਫਗਾਨਿਸਤਾਨ ਵਿਚ ਅਫੀਮ ਦਾ ਉਤਪਾਦਨ ਲਗਭਗ 74 ਫੀਸਦੀ ਘੱਟ ਕੇ ਸਿਰਫ 330 ਟਨ ਰਹਿ ਗਿਆ ਹੈ। ਜਦੋਂ ਕਿ ਮੌਜੂਦਾ ਸਮੇਂ 'ਚ ਮਿਆਂਮਾਰ, ਲਾਓਸ ਅਤੇ ਥਾਈਲੈਂਡ ਦਰਮਿਆਨ ਗੋਲਡਨ ਟ੍ਰਾਈਐਂਗਲ ਸਰਹੱਦੀ ਇਲਾਕਾ ਲੰਬੇ ਸਮੇਂ ਤੋਂ ਗੈਰ-ਕਾਨੂੰਨੀ ਨਸੀਲੇ ਪਦਾਰਥਾਂ ਖਾਸ ਕਰ ਕੇ ਮੇਥਾਮਫੇਟਾਮਾਈਨ ਅਤੇ ਅਫੀਮ ਦੇ ਉਤਪਾਦਨ ਅਤੇ ਸਮੱਗਲਿੰਗ ਦਾ ਕੇਂਦਰ ਬਣਿਆ ਹੋਇਆ ਹੈ।

## ਡੇਅਰੀ ਮਾਲਕ ਤੋਂ ਪੈਸੇ ਤੇ ਮੋਬਾਇਲ ਖੋਹ ਕੇ ਮੋਟਰਸਾਈਕਲ ਸਵਾਰ ਫਰਾਰ

ਸੁਨਾਮ ਊਧਮ ਸਿੰਘ ਵਾਲਾ 10 ਅਗਸਤ। ਸਥਾਨਕ ਬਾਬਾ ਭਾਈ ਮੂਲ ਚੰਦ ਸਾਹਿਬ ਦੇ ਨੇੜੇ ਗਊਸਾਲਾ ਕੋਲ ਇਕ ਡੇਅਰੀ ਮਾਲਕ ਤੋਂ ਮੋਟਰਸਾਈਕਲ ਸਵਾਰ ਤਿੰਨ ਵਿਅਕਤੀ ਪੈਸੇ ਅਤੇ ਮੋਬਾਇਲ ਖੋਹ ਕੇ ਫਰਾਰ ਹੋ ਗਏ। ਇਸ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪੁਲਸ ਪਾਰਟੀ ਉੱਥੇ ਪਹੁੰਚ ਗਈ। ਇਸ ਮੌਕੇ ਦੁਕਾਨਦਾਰ ਨੇ ਦੱਸਿਆ ਕਿ ਤਿੰਨ ਵਿਅਕਤੀ ਮੋਟਰਸਾਈਕਲ 'ਤੇ ਆਏ ਇਕ ਮੋਟਰਸਾਈਕਲ 'ਤੇ ਖੜ੍ਹ ਗਿਆ ਤੇ ਦੋ ਵਿਅਕਤੀ ਉਸ ਕੋਲ ਆਏ ਅਤੇ ਪੈਸੇ ਤੇ ਮੋਬਾਇਲ ਖੋਹ ਕੇ ਭੱਜ ਗਏ ਅਤੇ ਉਸਦੇ ਹੱਥ 'ਤੇ ਵੀ ਸੱਟ ਮਾਰ ਗਏ। ਇਸ ਮੌਕੇ ਥਾਣਾ ਮੁਖੀ ਦੀਪਇੰਦਰ ਜੇਜੀ ਨੇ ਕਿਹਾ ਕਿ ਜਲਦ ਹੀ ਇਨ੍ਹਾਂ ਨੂੰ ਫੜ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਦੋਂ ਪੁਲਸ ਬਿਨਾਂ ਨੰਬਰ ਪਲੇਟ ਵਾਲਿਆਂ ਵਾਹਨਾਂ 'ਤੇ ਸਖਤੀ ਕਰਦੀ ਹੈ ਤਾਂ ਸਮਾਜ 'ਚੋਂ ਵਧੀਆ ਸਾਥ ਨਹੀਂ ਮਿਲਦਾ। ਲੋਕਾਂ ਦੇ ਸਹਿਯੋਗ ਨਾਲ ਇਨ੍ਹਾਂ 'ਤੇ ਨਕੇਲ ਕਸੀ ਜਾ ਸਕਦੀ ਹੈ।

## ਆਇਰਲੈਂਡ ਭੇਜਣ ਦੇ ਬਹਾਨੇ 3.70 ਲੱਖ ਦੀ ਠੱਗੀ ਮਾਰਨ ਵਾਲੇ ਏਜੰਟ ਖਿਲਾਫ ਮਾਮਲਾ ਦਰਜ

ਨਵਾਂਸ਼ਹਿਰ 10 ਅਗਸਤ। ਆਇਰਲੈਂਡ ਭੇਜਣ ਦੇ ਬਹਾਨੇ 3.70 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਫਰਜ਼ੀ ਟਰੈਵਲ ਏਜੰਟ ਖ਼ਿਲਾਫ ਥਾਣਾ ਸਦਰ ਦੀ ਪੁਲਸ ਨੇ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ ਵਿਚ ਚਰਨਜੀਤ ਪੁੱਤਰ ਬਿੱਕਰ ਸਿੰਘ ਨੇ ਦੱਸਿਆ ਕਿ ਉਹ ਕਿਸੇ ਕੰਮ ਲਈ ਕਸਬਾ ਜਾਡਲਾ ਗਿਆ ਸੀ, ਜਿੱਥੇ ਉਸ ਦੀ ਮੁਲਾਕਾਤ ਮਨਿਆਰੀ ਦੀ ਦੁਕਾਨ ਦੇ ਮਾਲਕ ਮਨੋਹਰ ਲਾਲ ਨਾਲ ਹੋਈ, ਜਿਸ ਨੇ ਦੱਸਿਆ ਕਿ ਉਸ ਦਾ ਮੁੰਡਾ ਸੰਜੀਵ ਮੋਨੂੰ ਟਰੈਵਲ ਏਜੰਟ ਹੈ ਅਤੇ ਲੋਕਾਂ ਨੂੰ ਵਿਦੇਸ਼ ਭੇਜਣ ਦਾ ਕੰਮ ਕਰਦਾ ਹੈ। ਉਸ ਨੇ ਦੱਸਿਆ ਕਿ ਉਕਤ ਏਜੰਟ ਸੰਜੀਵ ਮੋਨੂੰ ਨੇ ਉਸ ਨੂੰ 8 ਲੱਖ ਰੁਪਏ ਵਿਚ ਆਇਰਲੈਂਡ ਭੇਜਣ ਦਾ ਸਮਝੌਤਾ ਕੀਤਾ ਸੀ। ਉਕਤ ਏਜੰਟ ਨੇ ਉਸ ਤੋਂ 3.70 ਲੱਖ ਰੁਪਏ ਅਤੇ ਦਸਤਾਵੇਜ਼ ਲੈ ਲਏ ਪਰ ਉਸ ਨੂੰ ਵਿਦੇਸ਼ ਨਹੀਂ ਭੇਜਿਆ। ਉਸ ਨੇ ਦੱਸਿਆ ਕਿ ਉਕਤ ਏਜੰਟ ਨੇ ਉਸ ਨੂੰ 1 ਮਹੀਨੇ ਦੇ ਅੰਦਰ-ਅੰਦਰ ਪੈਸੇ ਵਾਪਸ ਕਰਨ ਦਾ ਭਰੋਸਾ ਵੀ ਦਿੱਤਾ ਸੀ ਪਰ ਉਹ ਆਪਣੇ ਵਾਅਦੇ 'ਤੇ ਖਰਾ ਨਹੀਂ ਉਤਰਿਆ। ਉਨ੍ਹਾਂ ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ 'ਚ ਉਕਤ ਫਰਜ਼ੀ ਏਜੰਟ ਖ਼ਿਲਾਫ ਕਾਨੂੰਨ ਤਹਿਤ ਕਾਰਵਾਈ ਕਰਨ ਅਤੇ ਉਸ ਦੇ ਪੈਸੇ ਵਾਪਸ ਕਰਵਾਉਣ ਦੀ ਮੰਗ ਕੀਤੀ ਹੈ। ਡੀ. ਐੱਸ. ਪੀ. ਪੱਧਰ ਦੇ ਅਧਿਕਾਰੀ ਵੱਲੋਂ ਉਪਰੋਕਤ ਸ਼ਿਕਾਇਤ ਦੀ ਜਾਂਚ ਕਰਨ ਉਪਰੰਤ ਦਿੱਤੀ ਗਈ ਨਤੀਜਾ ਰਿਪੋਰਟ ਦੇ ਆਧਾਰ 'ਤੇ ਥਾਣਾ ਸਦਰ ਨਵਾਂਸ਼ਹਿਰ ਦੀ ਪੁਲਸ ਨੇ ਏਜੰਟ ਸੰਜੀਵ ਕੁਮਾਰ ਉਰਫ਼ ਮੋਨੂੰ ਪੁੱਤਰ ਮਨੋਹਰ ਲਾਲ ਦੇ ਖ਼ਿਲਾਫ ਧੋਖਾਦੇਹੀ ਦਾ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਡੀ. ਜੇ. 'ਤੇ ਪਿਸਤੌਲ ਲਹਿਰਾ ਕੇ ਨੱਚਣ ਵਾਲਾ ਪੁਲਸ ਨੂੰ ਵੇਖ ਕੇ ਭੱਜਿਆ, ਛੱਤ ਤੋਂ ਮਾਰੀ ਛਾਲ

ਜਲੰਧਰ 10 ਅਗਸਤ। ਜਲੰਧਰ ਵਿਚ ਇਕ ਪਾਰਟੀ ਦੌਰਾਨ ਚੱਲ ਡੀ. ਜੇ. 'ਤੇ ਹਥਿਆਰ ਲਹਿਰਾ ਕੇ ਨੱਚਣ ਵਾਲੇ ਵਿਅਕਤੀ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਖ਼ੂਬ ਵਾਇਰਲ ਹੋ ਰਹੀ ਹੈ। ਵੀਡੀਓ ਵਾਇਰਲ ਮਗਰੋਂ ਜਦੋਂ ਪੁਲਸ ਉਕਤ ਵਿਅਕਤੀ ਨੂੰ ਫੜਨ ਗਈ ਤਾਂ ਮੁਲਜਮ ਨੇ ਛੱਤ ਤੋਂ ਛਾਲ ਮਾਰ ਦਿੱਤੀ, ਜਿਸ ਕਾਰਨ ਉਸ ਦੀ ਲੱਤ ਟੁੱਟ ਗਈ। ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਕੁਝ ਦਿਨ ਪਹਿਲਾਂ ਹੀ ਉਕਤ ਵਿਅਕਤੀ ਦੀ ਇਕ ਪਾਰਟੀ ਦੌਰਾਨ ਹਥਿਆਰ ਲਹਿਰਾ ਕੇ ਨੱਚਣ ਦੀ ਵੀਡੀਓ ਵਾਇਰਲ ਹੋਈ ਸੀ। ਉਸ 'ਤੇ ਐਕਸ਼ਨ ਲੈਂਦੇ ਹੋਏ ਥਾਣਾ ਰਾਮਾਮੰਡੀ ਦੀ ਪੁਲਸ ਮਾਮਲਾ ਦਰਜ ਕਰਕੇ ਦੋਸ਼ੀ ਨੂੰ ਫੜਨ ਲਈ ਗਈ ਸੀ। ਪੁਲਸ ਨੂੰ ਵੇਖ ਕੇ ਮੁਲਜਮ ਭੱਜ ਗਿਆ ਅਤੇ ਉਸ ਨੇ ਛੱਤ ਤੋਂ ਛਾਲ ਮਾਰ ਦਿੱਤੀ। ਇਲਾਜ ਲਈ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਠੀਕ ਹੋਣ ਮਗਰੋਂ ਪੁਲਸ ਮੁਲਜਮ ਦੀ ਗ੍ਰਿਫਤਾਰੀ ਵਿਖਾ ਕੇ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਲਵੇਗੀ। ਦੋਸ਼ੀ ਖ਼ਿਲਾਫ ਪਹਿਲਾਂ ਵੀ ਨਸ਼ਾ ਤਸਕਰੀ ਦਾ ਮਾਮਲਾ ਦਰਜ ਕੀਤਾ ਗਿਆ ਹੈ। ਉਕਤ ਵਿਅਕਤੀ ਕੁਝ ਦਿਨ ਪਹਿਲਾਂ ਹੀ ਜੇਲ੍ਹ ਤੋਂ ਜਮਾਨਤ 'ਤੇ ਬਾਹਰ ਆਇਆ ਸੀ।

## ਡਿਪਾਰਟਮੈਂਟਲ ਸਟੋਰ 'ਚੋਂ ਚੋਰੀ ਕੀਤੀ ਹਜਾਰਾਂ ਦੀ ਨਕਦੀ

ਲੁਧਿਆਣਾ 10 ਅਗਸਤ। ਥਾਣਾ ਡਵੀਜ਼ਨ ਨੰ. 3 ਦੇ ਇਲਾਕੇ ਨਿਊ ਸ਼ਿਵਾਜੀ ਨਗਰ ਸਥਿਤ ਇਕ ਡਿਪਾਰਟਮੈਂਟਲ ਸਟੋਰ ਦੇ ਅੰਦਰੋਂ ਚੋਰਾਂ ਨੇ ਹਜ਼ਾਰਾਂ ਦੀ ਨਕਦੀ ਚੋਰੀ ਕਰ ਲਈ। ਚੋਰਾਂ ਨੇ ਸਟੋਰ ਦੇ ਅੰਦਰ ਕਾਫੀ ਸਮਾਂ ਗੁਜ਼ਾਰਿਆ ਅਤੇ ਆਰਾਮ ਨਾਲ ਬੈਠ ਕੇ ਚਿਪਸ ਖਾਧੇ। ਘਟਨਾ ਦਾ ਪਤਾ ਅਗਲੀ ਸਵੇਰ ਲੱਗਾ, ਜਦੋਂ ਸਟੋਰ ਦਾ ਮਾਲਕ ਸਟੋਰ ਪੁੱਜਾ ਅਤੇ ਅੰਦਰ ਪਿਆ ਸਾਮਾਨ ਖਿੱਲਰਿਆ ਹੋਇਆ ਦੇਖਿਆ। ਸਟੋਰ ਦੇ ਮਾਲਕ ਸ਼੍ਰੀ ਰਾਮ ਨੇ ਦੱਸਿਆ ਕਿ ਬੀਤੀ ਰਾਤ ਉਹ ਸਟੋਰ ਬੰਦ ਕਰ ਕੇ ਘਰ ਚਲੇ ਗਏ। ਅਗਲੀ ਸਵੇਰ ਜਿੰਦੇ ਖੋਲ੍ਹੇ ਤਾਂ ਪਤਾ ਲੱਗਾ ਕਿ ਅਣਪਛਾਤੇ ਚੋਰ ਛੱਤ ਰਾਹੀਂ ਸਟੋਰ 'ਚ ਦਾਖਲ ਹੋਏ, ਜਿਨ੍ਹਾਂ ਨੇ ਗੱਲੇ ਵਿਚ ਪਈ ਕਰੀਬ 35 ਹਜ਼ਾਰ ਦੀ ਨਕਦੀ, 2 ਮੋਬਾਈਲ ਅਤੇ ਹਜ਼ਾਰਾਂ ਦੀ ਕੀਮਤ ਦੀਆਂ ਚਾਕਲੇਟਾਂ ਅਤੇ ਚਿਪਸ ਚੋਰੀ ਕਰ ਲਏ। ਘਟਨਾ ਦੀ ਸੀ.ਸੀ.ਟੀ.ਵੀ. ਫੁਟੇਜ ਕੈਦ ਹੋਈ। ਸੀ.ਸੀ.ਟੀ.ਵੀ. ਫੁਟੇਜ ਦੇਖਣ 'ਤੇ ਚੋਰਾਂ ਦੀ ਪਛਾਣ ਹੋਈ, ਜਿਸ ਤੋਂ ਬਾਅਦ ਇਲਾਕਾ ਪੁਲਸ ਨੇ ਕਰਨ ਸ਼ਰਮਾ, ਸਾਬੀ ਸਿੰਘ ਅਤੇ ਸੰਨੀ ਖਿਲਾਫ ਕੇਸ ਦਰਜ ਕੀਤਾ ਹੈ। ਥਾਣਾ ਮੁਖੀ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸਾਰੇ ਚੋਰਾਂ ਖਿਲਾਫ ਕੇਸ ਦਰਜ ਕਰ ਲਿਆ ਹੈ

## 2 ਕਿੱਲੋ ਹੈਰੋਇਨ ਅਤੇ 1.02 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਇਕ ਗ੍ਰਿਫਤਾਰ

ਨਵਾਂਸ਼ਹਿਰ 10 ਅਗਸਤ। ਸੀ.ਆਈ.ਏ. ਸਟਾਫ਼ ਨਵਾਂਸ਼ਹਿਰ ਪੁਲਸ ਨੇ ਇਕ ਸਕੂਟਰ ਸਵਾਰ ਨਸ਼ਾ ਸਮੱਗਲਰ ਨੂੰ ਕਾਬੂ ਕਰਕੇ 2 ਕਿੱਲੋ ਹੈਰੋਇਨ ਅਤੇ 1.02 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਪ੍ਰੈੱਸ ਕਾਨਫਰੰਸ ਵਿਚ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਸੀ.ਆਈ.ਏ. ਸਟਾਫ਼ ਦੇ ਇੰਚਾਰਜ ਇੰਸਪੈਕਟਰ ਅਵਤਾਰ ਸਿੰਘ ਦੀ ਅਗਵਾਈ ਹੇਠਲੀ ਪੁਲਸ ਟੀਮ ਨੂੰ ਠੋਸ ਸੂਚਨਾ ਮਿਲੀ ਸੀ, ਜਿਸ ਤਹਿਤ ਪੁਲਸ ਨੇ ਗਸ਼ਤ ਦੌਰਾਨ ਪਿੰਡ ਪੂਨੀਆ ਤੋਂ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ, ਜਿਸ ਵਿਚ ਇਕ ਨੌਜਵਾਨ ਹੈ। ਐਕਟਿਵਾ ਸਕੂਟਰ 'ਤੇ ਆ ਰਹੇ ਵਿਅਕਤੀ ਨੂੰ ਕਾਬੂ ਕਰਕੇ ਉਸ ਤੋਂ 2 ਕਿੱਲੋ ਹੈਰੋਇਨ, 1.02 ਲੱਖ ਰੁਪਏ ਦੀ ਡਰੱਗ ਮਨੀ ਅਤੇ ਮੋਬਾਈਲ ਫੋਨ ਬਰਾਮਦ ਕੀਤਾ ਗਿਆ। ਗ੍ਰਿਫਤਾਰ ਵਿਅਕਤੀ ਦੀ ਪਛਾਣ ਜਸਕਰਨ ਸਿੰਘ ਉਰਫ ਕਰਨ ਪੁੱਤਰ ਚਰਨ ਕੰਵਲਜੀਤ ਵਾਸੀ ਪਿੰਡ ਪੂਨੀਆ ਵੱਜੋਂ ਹੋਈ ਹੈ। ਐੱਸ. ਐੱਸ. ਪੀ. ਕੋਸ਼ਿਸ਼ ਤੇ ਆਰਮ ਐਕਟ ਤਹਿਤ ਅਤੇ ਥਾਣਾ ਸਿਟੀ ਬੰਗਾ ਵਿਚ ਜਬਰ-ਜ਼ਿਨਾਹ ਦੇ ਕੇਸ ਦਰਜ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮ



ਡਾ.ਚੌਧਰੀ ਨੇ ਦੱਸਿਆ ਕਿ ਗ੍ਰਿਫਤਾਰ ਦੋਸ਼ੀਆਂ ਖ਼ਿਲਾਫ ਪਹਿਲਾਂ ਵੀ ਥਾਣਾ ਸਿਟੀ ਬੰਗਾ ਅਤੇ ਖਰੜ ਵਿਚ ਐੱਨ. ਡੀ. ਪੀ. ਐੱਸ., ਮੁਕੰਦਪੁਰ ਵਿਚ ਕਤਲ ਦੀ ਨੂੰ ਜੇਲ੍ਹ ਵਿਚ ਉਸਦੇ ਜਾਣਕਾਰ ਰਾਜੂ (ਕਾਲਪਨਿਕ ਨਾਮ) ਨਾਮਕ ਵਿਅਕਤੀ ਤੋਂ ਪਛਾਣ ਮਿਲੀ ਸੀ। ਜੇਲ੍ਹ ਤੋਂ ਜ਼ਮਾਨਤ 'ਤੇ ਬਾਹਰ ਆਉਣ ਤੋਂ ਬਾਅਦ ਦੋਸ਼ੀ ਜਸਕਰਨਜੀਤ ਸਿੰਘ ਉਕਤ ਰਾਜੂ ਕੋਲੋਂ ਹੈਰੋਇਨ ਦੀ ਖੇਪ ਲੈ ਕੇ ਆਇਆ ਸੀ। ਉਨ੍ਹਾਂ ਦੱਸਿਆ ਕਿ ਜਾਂਚ ਕੀਤੀ ਜਾ ਰਹੀ ਹੈ

## ਵਿਦੇਸ਼ ਜਾਣ ਦੇ ਚਾਹਵਾਨ ਵਿਦਿਆਰਥੀ ਸਾਵਧਾਨ, ਸਟੱਡੀ ਵੀਜਾ 'ਤੇ ਫਾਈਨਾਂਸਰ ਏ. ਵੀ. ਇੰਞ ਕਰ ਰਿਹੈ ਫਰਾਡ

ਜਲੰਧਰ 10 ਅਗਸਤ। ਬਿਹਾਰ ਦੇ ਨਟਵਰ ਲਾਲ ਵਾਂਗ ਜਲੰਧਰ ਦਾ ਕਥਿਤ ਫਾਈਨਾਂਸਰ ਏ. ਵੀ. ਇਸ ਸਮੇਂ ਖੂਬ ਚਰਚਾ ਵਿਚ ਹੈ। ਇਹ ਜਾਅਲੀ ਫਾਈਨਾਂਸਰ ਕਈ ਵੱਡੇ ਫਾਈਨਾਂਸਰਾਂ ਅਤੇ ਟ੍ਰੈਵਲ ਏਜੰਟਾਂ ਤੋਂ ਕਰੋੜਾਂ ਰੁਪਏ ਠੱਗ ਚੁੱਕਾ ਹੈ, ਜਦਕਿ ਅਜੇ ਵੀ ਇਸ ਦਾ ਗੋਰਖਧੰਦਾ ਸਿਖਰਾਂ 'ਤੇ ਚੱਲ ਰਿਹਾ ਹੈ। ਫਾਈਨਾਂਸਰ ਅਤੇ ਟ੍ਰੈਵਲ ਏਜੰਟ ਤਾਂ ਇਸ ਨੇ ਠੱਗੇ ਹੀ ਹਨ ਪਰ ਇਸ ਦੇ ਨਾਲ-ਨਾਲ ਜਾਅਲੀ ਫਾਈਨਾਂਸਰ ਕਾਰਨ ਕਈ ਸਟੂਡੈਂਟਸ ਦਾ ਭਵਿੱਖ ਖਤਰੇ ਵਿਚ ਪੈ ਚੁੱਕਾ ਹੈ। ਅਜੇ ਵੀ ਫੰਡ ਸ਼ੋਅ ਕਰਨ ਦੇ ਨਾਂ 'ਤੇ ਉਹ ਠੱਗੀਆਂ ਮਾਰ ਕੇ ਸਟੂਡੈਂਟਸ ਦਾ ਕਰੀਅਰ ਖਤਮ ਕਰਨ 'ਤੇ ਤੁਲਿਆ ਹੋਇਆ ਹੈ ਕਿਉਂਕਿ ਸਟੂਡੈਂਟਸ ਦੇ ਨਾਂ ਦੇ ਬੈਂਕ ਖਾਤੇ ਖੁਲ੍ਹਵਾ ਕੇ ਏ. ਵੀ. ਨਾਂ ਦਾ ਫਾਈਨਾਂਸਰ ਉਸ ਵਿਚ ਲੱਖਾਂ ਰੁਪਏ ਦੀ ਐਂਟਰੀ ਤਾਂ ਕਰਦਾ ਹੈ ਪਰ ਤੁਰੰਤ ਬਾਅਦ ਸਾਰੇ ਪੈਸੇ ਕੱਢ ਲੈਂਦਾ ਹੈ ਅਤੇ ਇਸੇ ਤਰ੍ਹਾਂ ਇਕ ਹੀ ਰਕਮ ਕਈ ਸਟੂਡੈਂਟਸ ਦੇ ਬੈਂਕ ਖਾਤਿਆਂ ਵਿਚ ਘੁਮਾ ਕੇ ਏਜੰਟਾਂ ਤੋਂ ਲੱਖਾਂ ਦਾ ਵਿਆਜ ਲੈ ਕੇ ਆਪਣੀਆਂ ਜੇਬਾਂ ਭਰ ਰਿਹਾ ਹੈ। ਜਾਅਲੀ ਫਾਈਨਾਂਸਰ ਬੈਂਕ ਖਾਤਿਆਂ 'ਚ ਅਕਾਊਂਟ ਓਪਨਿੰਗ ਦੇ ਪੈਸੇ ਤਕ ਨਹੀਂ ਰਹਿਣ ਦਿੰਦਾ। ਕਿਸੇ ਸਮੇਂ ਆਪਣੇ ਪਿਤਾ ਨਾਲ ਦਾਲਾਂ ਦਾ ਕੰਮ ਕਰਨ ਵਾਲਾ ਜਾਅਲੀ ਫਾਈਨਾਂਸਰ ਏ. ਵੀ. ਪਿਛਲੇ 14 ਸਾਲਾਂ ਤੋਂ ਨਟਵਰ ਲਾਲ ਵਾਂਗ ਕੰਮ ਕਰ ਰਿਹਾ ਹੈ। ਬੱਪੀ ਲਹਿਰੀ ਵਾਂਗ ਸੋਨੇ ਦੀਆਂ ਚੇਨੀਆਂ ਅਤੇ ਅੰਗੂਠੀਆਂ ਪਹਿਨ ਕੇ ਮਹਿੰਗਾਈਆਂ ਗੱਡੀਆਂ 'ਚ ਜਾ ਕੇ ਟ੍ਰੈਵਲ ਏਜੰਟਾਂ ਨੂੰ ਪ੍ਰਭਾਵਿਤ ਕਰਕੇ ਉਹ ਉਨ੍ਹਾਂ ਨੂੰ ਆਪਣਾ ਕਲਾਇੰਟ ਬਣਾਉਂਦਾ ਹੈ। ਜਿਵੇਂ ਹੀ ਏਜੰਟ ਸਟੱਡੀ ਵੀਜਾ 'ਤੇ ਵਿਦੇਸ਼ ਜਾਣ ਵਾਲੇ ਸਟੂਡੈਂਟਸ ਦੇ ਫੰਡ ਸ਼ੋਅ ਕਰਨ ਦਾ ਕੰਮ ਦਿੰਦਾ ਹੈ ਤਾਂ ਉਹ ਆਪਣੇ ਚੋਣਵੇਂ ਬੈਂਕਾਂ 'ਚ ਉਨ੍ਹਾਂ ਸਟੂਡੈਂਟਸ ਦੇ ਖਾਤੇ ਖੁੱਲ੍ਹਵਾ ਕੇ ਏਜੰਟ ਵੱਲੋਂ ਦੱਸੇ ਗਏ ਫੰਡ ਦੀ ਰਕਮ ਉਸ ਖਾਤੇ 'ਚ ਟਰਾਂਸਫਰ ਕਰਵਾ ਕੇ ਐਂਟਰੀ ਦੀ ਸਟੇਟਮੈਂਟ ਏਜੰਟ ਨੂੰ ਭੇਜ ਕੇ ਇਕ ਮਹੀਨੇ ਦਾ 3 ਫੀਸਦੀ ਐਡਵਾਂਸ ਵਿਆਜ ਲੈ ਕੇ ਖਾਤੇ 'ਚੋਂ ਪੈਸੇ ਕੱਢ ਕੇ ਦੂਜੇ ਸਟੂਡੈਂਟ ਦੇ ਖਾਤੇ 'ਚ ਟਰਾਂਸਫਰ ਕਰ ਦਿੰਦਾ ਹੈ। ਇਸ ਠੱਗ ਕਾਰਨ ਕਈ ਬੱਚਿਆਂ ਦੇ ਵੀਜਾ ਰਿਫਿਊਜ ਵੀ ਹੋ ਚੁੱਕੇ ਹਨ ਕਿਉਂਕਿ ਵਿਦੇਸ਼ ਤੋਂ ਫੰਡ ਚੈੱਕ ਕੀਤੇ ਜਾਂਦੇ ਹਨ ਤਾਂ ਖਾਤੇ ਵਿਚ ਕੋਈ ਵੀ ਪੈਸਾ ਨਹੀਂ ਹੁੰਦਾ। ਇਸ ਕਾਰਨ ਨਾਮੀ ਟ੍ਰੈਵਲ ਏਜੰਟ ਇਸ ਤੋਂ ਦਰਕਿਨਾਰ ਵੀ ਹੋ ਚੁੱਕੇ ਹਨ। ਇਸ ਨਾਲ ਮਿਲੇ ਹੋਏ ਕੁਝ ਬੈਂਕਾਂ ਦੇ ਮੈਨੇਜਰ ਅਤੇ ਹੈੱਡ ਬ੍ਰਾਂਚ ਦੇ ਅਧਿਕਾਰੀਆਂ ਦੀ ਮਦਦ ਨਾਲ ਏ. ਵੀ. ਵੱਲੋਂ ਖੁੱਲ੍ਹਵਾਏ ਖਾਤਿਆਂ ਦੇ ਫੰਡ ਸ਼ੋਅ ਕਰਨ ਲਈ ਕੋਈ ਕਾਲ ਆਉਂਦੀ ਹੈ ਤਾਂ ਆਪਣੀ ਫੀਸ ਦੇ ਲਾਲਚ ਵਿਚ ਬੈਂਕ ਤੋਂ ਹੀ ਫੰਡ ਹੋਣ ਦੀ ਪੁਸ਼ਟੀ ਕਰ ਦਿੱਤੀ ਜਾਂਦੀ ਹੈ, ਹਾਲਾਂਕਿ ਕੁਝ ਹੀ ਸਮੇਂ ਵਿਚ ਏ. ਵੀ. ਨਾਂ ਦੇ ਜਾਅਲੀ ਫਾਈਨਾਂਸਰ ਦੀ ਮਾਰਕੀਟ ਇੰਨੀ ਖਰਾਬ ਹੋ ਗਈ ਹੈ ਕਿ ਨਾਮੀ ਏਜੰਟਾਂ ਨੇ ਉਸ ਤੋਂ ਕੰਮ ਕਰਵਾਉਣਾ ਬੰਦ ਕਰ ਦਿੱਤਾ ਹੈ। ਹੁਣ ਜੋ ਏਜੰਟ ਉਸ ਤੋਂ ਕੰਮ ਕਰਵਾ ਰਹੇ ਹਨ, ਉਹ ਖੁਦ ਸਟੂਡੈਂਟਸ ਦੇ ਕਰੀਅਰ ਨਾਲ ਖੇਡ ਰਹੇ ਹਨ ਤੇ ਘੱਟ ਵਿਆਜ ਦੇਣ ਦੇ ਲਾਲਚ 'ਚ ਏ. ਵੀ. ਤੋਂ ਖਾਤੇ ਖੁੱਲ੍ਹਵਾ ਕੇ ਫੰਡ ਦੇ ਨਾਂ 'ਤੇ ਫਰਾਡ ਕਰ ਰਹੇ ਹਨ। ਇਸ ਤੋਂ ਕਲੀਅਰ ਹੈ ਕਿ ਜੇਕਰ ਕਿਸੇ ਹੋਰ ਬ੍ਰਾਂਚ ਤੋਂ ਫੰਡ ਚੈੱਕ ਕਰਵਾਏ ਜਾਣ ਤਾਂ ਬੱਚੇ ਦਾ ਵੀਜਾ ਰਿਫਿਊਜ ਹੋਣਾ ਤੈਅ ਹੈ। ਪੁਲਸ ਜੇਕਰ ਏ. ਵੀ. ਨਾਂ ਦੇ ਇਸ ਫਾਈਨਾਂਸਰ ਨੂੰ ਲੈ ਕੇ ਜਾਂਚ ਕਰੇ ਤਾਂ ਠੱਗੀਆਂ ਮਾਰ ਕੇ



ਬਣਾਈ ਗਈ ਪ੍ਰਾਪਰਟੀਜ ਦੇ ਨਾਲ-ਨਾਲ ਕਾਲੀ ਕਮਾਈ ਦੇ ਕਈ ਰਾਜ ਖੁੱਲ੍ਹ ਸਕਦੇ ਹਨ। ਮੂੰਹ ਵਿਚ ਸੋਨੇ ਦਾ ਦੰਦ ਅਤੇ ਕੱਛ 'ਚ ਠੱਗੀ ਦੀ ਛੁਰੀ ਰੱਖਣ ਵਾਲਾ ਏ. ਵੀ. ਸ਼ਹਿਰ ਦੇ ਇਕ ਵੱਡੇ ਫਾਈਨਾਂਸਰ ਨਾਲ ਵੀ 1.46 ਕਰੋੜ ਰੁਪਏ ਦਾ ਫਰਾਡ ਕਰ ਚੁੱਕਾ ਹੈ। ਉਸ ਫਾਈਨਾਂਸਰ ਨੇ ਸਾਰੇ ਪੈਸੇ ਏ. ਵੀ. ਦੇ ਬੈਂਕ ਖਾਤੇ 'ਚ ਟਰਾਂਸਫਰ ਕਰ ਦਿੱਤੇ ਸਨ। ਟਾਲ-ਮਟੋਲ ਕਰਨ 'ਤੇ ਫਾਈਨਾਂਸਰ ਨੇ ਜਾਅਲੀ ਫਾਈਨਾਂਸਰ ਏ. ਵੀ. ਖ਼ਿਲਾਫ ਪੁਲਸ ਅਧਿਕਾਰੀਆਂ ਨੂੰ ਸ਼ਿਕਾਇਤ ਦਿੱਤੀ ਸੀ, ਜਿਸ ਤੋਂ ਬਾਅਦ ਏ. ਵੀ. ਅਤੇ ਉਸ ਦੇ ਪਿਤਾ ਖ਼ਿਲਾਫ ਕੇਸ ਦਰਜ ਹੋਇਆ ਤਾਂ ਏ. ਵੀ. ਅੰਡਰਗਰਾਊਂਡ ਹੋ ਗਿਆ ਸੀ, ਹਾਲਾਂਕਿ ਹਾਲੇ ਵੀ ਇਹ ਕੇਸ ਮਾਣਯੋਗ ਅਦਾਲਤ 'ਚ ਚੱਲ ਰਿਹਾ ਹੈ ਅਤੇ ਏ. ਵੀ. ਜਮਾਨਤ 'ਤੇ ਹੈ। ਏ. ਵੀ. ਦਾ ਕੁਝ ਸਮਾਂ ਪਹਿਲਾਂ ਬੱਸ ਸਟੈਂਡ ਨੇੜੇ ਇਕ ਬੈਂਕ ਵਿਚ ਵੀ ਫੰਡ ਨੂੰ ਲੈ ਕੇ ਫਰਾਡ ਖੁਦ ਏਜੰਟ ਨੇ ਫੜ ਲਿਆ ਸੀ। ਦਰਅਸਲ ਏਜੰਟ ਏ. ਵੀ. ਤੋਂ ਫੰਡ ਦੀ ਸਟੇਟਮੈਂਟ ਮੰਗ ਰਿਹਾ ਸੀ। ਏ. ਵੀ. ਪਹਿਲਾਂ ਤੋਂ ਹੀ ਏਜੰਟ ਨੂੰ ਫੰਡ ਦੀ ਐਂਟਰੀ ਸਲਿਪ ਦੇ ਚੁੱਕਾ ਸੀ ਪਰ ਏਜੰਟ ਨੂੰ ਸ਼ੱਕ ਹੋਇਆ ਤਾਂ ਉਸ ਨੇ ਕੁਝ ਦਿਨ ਬਾਅਦ ਏ. ਵੀ. ਤੋਂ ਫ੍ਰੈਸ਼ ਬੈਂਕ ਖਾਤੇ ਦੀ ਸਟੇਟਮੈਂਟ ਮੰਗ ਲਈ। ਏ. ਵੀ. ਪਹਿਲਾਂ ਤਾਂ ਟਾਲ-ਮਟੋਲ ਕਰਨ ਲੱਗਾ ਪਰ ਬਾਅਦ ਵਿਚ ਏਜੰਟ ਖੁਦ ਹੀ ਬ੍ਰਾਂਚ ਵਿਚ ਚਲਾ ਗਿਆ ਅਤੇ ਬ੍ਰਾਂਚ ਮੈਨੇਜਰ ਨਾਲ ਗੱਲ ਕੀਤੀ। ਉਸ ਨੇ ਜਦੋਂ ਫੰਡ ਦੀ ਐਂਟਰੀ ਸਲਿਪ ਮੈਨੇਜਰ ਨੂੰ ਵਿਖਾਈ ਤਾਂ ਮੈਨੇਜਰ ਆਪਣੇ ਦਸਤਖਤ ਨੂੰ ਹੀ ਨਾ ਪਛਾਣ ਸਕਿਆ। ਇਸ ਦੌਰਾਨ ਉਥੇ ਹੰਗਾਮਾ ਵੀ ਹੋਇਆ ਸੀ। ਏ. ਵੀ. ਤੋਂ ਫਾਈਨਾਂਸ ਕਰਵਾ ਰਹੇ ਏਜੰਟਾਂ ਦੀ ਗੱਲ ਕਰੀਏ ਤਾਂ ਪੁਲਸ ਉਨ੍ਹਾਂ ਦੀ ਵੀ ਜਾਂਚ ਕਰਵਾਏ ਕਿਉਂਕਿ ਉਸ ਨਾਲ ਜੁੜੇ ਜ਼ਿਆਦਾਤਰ ਏਜੰਟ ਫਰਜੀਵਾੜਾ ਹੀ ਕਰ ਰਹੇ ਹਨ। ਏ. ਵੀ. ਇੰਨਾ ਬੇਖੌਫ ਹੋ ਕੇ ਇਹ ਕੰਮ ਕਰ ਰਿਹਾ ਹੈ ਕਿ ਉਸ ਨੇ ਕੁਝ ਬੈਂਕਾਂ ਦੀਆਂ ਮੋਹਰਾਂ ਵੀ ਖੁਦ ਹੀ ਬਣਾਈਆਂ ਹੋਈਆਂ ਹਨ ਅਤੇ ਬ੍ਰਾਂਚ ਮੈਨੇਜਰਾਂ ਦੇ ਸਾਈਨ ਤਕ ਖੁਦ ਕਰ ਲੈਂਦਾ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈੱਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪੰਜਾਬ ਪੁਲਸ ਦੀ ਵੱਡੀ ਕਾਰਵਾਈ, ਭਾਰੀ ਮਾਤਰਾ 'ਚ ਅਫੀਮ ਸਣੇ 2 ਗ੍ਰਿਫਤਾਰ

ਫਤਿਹਗੜ੍ਹ ਸਾਹਿਬ 10 ਅਗਸਤ। ਥਾਣਾ ਸਰਹਿੰਦ ਪੁਲਸ ਨੇ ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਦੇ ਹੁਕਮਾਂ 'ਤੇ ਚਲਾਈ ਨਸ਼ਾ ਵਿਰੋਧੀ ਮੁਹਿੰਮ ਦੇ ਤਹਿਤ 2 ਕਿਲੋ ਅਫੀਮ ਸਣੇ 2 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਸੁਖਵੀਰ ਸਿੰਘ ਅਤੇ ਥਾਣਾ ਸਰਹਿੰਦ ਦੇ ਐੱਸ. ਐੱਚ. ਓ. ਨਰਪਿੰਦਰ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਨੇ ਪੁਲਸ ਪਾਰਟੀ ਸਣੇ ਟੀ-ਪੁਆਂਇਟ ਪਿੰਡ ਤਰਖਾਣ ਮਾਜਰਾ ਕੋਲੋਂ ਗਸ਼ਤ ਦੌਰਾਨ ਭਾਦਸੋਂ ਸਾਈਡ ਤੋਂ ਐਕਟਿਵਾ ਨੰਬਰ ਪੀ. ਬੀ. 10 ਐੱਚ. ਐੱਚ. 8616 ਤੇ ਆਉਂਦੇ 2 ਵਿਅਕਤੀਆਂ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 2 ਕਿਲੋ ਅਫੀਮ ਬਰਾਮਦ ਹੋਈ। ਕਾਬੂ ਕੀਤੇ ਵਿਅਕਤੀਆਂ ਦੀ ਪਛਾਣ ਬਲਜੀਤ ਸਿੰਘ ਪੁੱਤਰ ਮਾੜਾ ਸਿੰਘ ਵਾਸੀ ਪਿੰਡ ਗੁਰਮ ਨੇੜੇ ਡੇਹਲੋਂ ਜ਼ਿਲ੍ਹਾ ਲੁਧਿਆਣਾ ਅਤੇ ਸ਼ਾਮ ਲਾਲ ਪੁੱਤਰ ਭਾਗਲ ਰਾਮ ਵਾਸੀ ਹਾਲਾਪੁਰ ਜ਼ਿਲ੍ਹਾ ਸੁਲਤਾਨਪੁਰ ਯੂ. ਪੀ., ਹਾਲ ਵਾਸੀ ਡੇਹਲੋਂ ਦੇ ਤੌਰ 'ਤੇ ਹੋਈ ਹੈ। ਬਲਜੀਤ ਸਿੰਘ ਅਤੇ ਸ਼ਾਮ ਲਾਲ ਦੇ ਖਿਲਾਫ ਐੱਨ. ਡੀ. ਪੀ. ਐੱਸ. ਐਕਟ ਅਧੀਨ ਥਾਣਾ ਸਰਹਿੰਦ ਵਿਖੇ ਮਾਮਲਾ ਦਰਜ ਕਰਕੇ ਮਾਨਯੋਗ ਅਦਾਲਤ ਫਤਿਹਗੜ੍ਹ ਸਾਹਿਬ 'ਚ ਪੇਸ਼ ਕਰਕੇ 2 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ ਅਤੇ ਉਸ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।



# ਸਮਾਰਟ ਸਿਟੀ ਦੇ ਕੰਮਾਂ ਦੀ ਵਿਜੀਲੈਂਸ ਜਾਂਚ ਲਈ ਪੰਜਾਬ ਸਰਕਾਰ ਨੇ ਬਣਾਈਆਂ ਟੈਕਨੀਕਲ ਟੀਮਾਂ

ਜਲੰਧਰ 10 ਅਗਸਤ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਮਾਰਟ ਸਿਟੀ ਮਿਸ਼ਨ ਤਹਿਤ ਪਿਛਲੇ 5 ਸਾਲਾਂ ਦੌਰਾਨ ਜਲੰਧਰ ਸਮਾਰਟ ਸਿਟੀ ਨੇ ਕੁੱਲ 64 ਪ੍ਰਾਜੈਕਟ ਬਣਾਏ, ਜਿਨ੍ਹਾਂ ਵਿਚੋਂ ਲਗਭਗ 30 ਪ੍ਰਾਜੈਕਟ ਤਾਂ ਪੂਰੇ ਹੋ ਚੁੱਕੇ ਹਨ ਪਰ 30 ਪ੍ਰਾਜੈਕਟ ਅਜੇ ਵੀ ਅਜਿਹੇ ਹਨ, ਜਿਹੜੇ ਕਿਸੇ ਨਾ ਕਿਸੇ ਕਾਰਨ ਕਰਕੇ ਲਟਕ ਰਹੇ ਹਨ। ਬਾਕੀ ਬਚਦੇ 4-5 ਪ੍ਰਾਜੈਕਟ ਰੱਦ ਕੀਤੇ ਜਾ ਚੁੱਕੇ ਹਨ। ਸਮਾਰਟ ਸਿਟੀ ਦੇ ਲਟਕ ਰਹੇ ਪ੍ਰਾਜੈਕਟਾਂ ਕਾਰਨ ਸ਼ਹਿਰ ਨਿਵਾਸੀ ਲੰਮੇ ਸਮੇਂ ਤੋਂ ਸਮੱਸਿਆਵਾਂ ਝੱਲ ਰਹੇ ਹਨ, ਜਿਸ ਕਾਰਨ ਨਾ ਸਿਰਫ ਪਹਿਲੀ ਕਾਂਗਰਸ ਸਰਕਾਰ, ਸਗੋਂ ਮੌਜੂਦਾ 'ਆਪ' ਸਰਕਾਰ ਨੂੰ ਵੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੱਤਾ 'ਤੇ ਕਾਬਜ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲਗਭਗ 9 ਮਹੀਨੇ ਪਹਿਲਾਂ ਜਲੰਧਰ ਸਮਾਰਟ ਸਿਟੀ ਵੱਲੋਂ ਕਰਵਾਏ ਗਏ ਸਾਰੇ ਪ੍ਰਾਜੈਕਟਾਂ ਦੀ ਜਾਂਚ ਦਾ ਜ਼ਿੰਮਾ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤਾ ਸੀ ਪਰ ਕਈ ਕਾਰਨਾਂ ਕਰਕੇ ਵਿਜੀਲੈਂਸ ਇਸ ਜਾਂਚ ਨੂੰ ਜ਼ਿਆਦਾ ਅੱਗੇ ਨਹੀਂ ਵਧਾ ਸਕੀ। ਵਿਜੀਲੈਂਸ ਨਾਲ ਜੁੜੇ ਅਧਿਕਾਰੀਆਂ ਨੇ ਇਸ ਜਾਂਚ ਲਈ ਪੰਜਾਬ ਸਰਕਾਰ ਤੋਂ ਟੈਕਨੀਕਲ ਟੀਮਾਂ ਦੀ ਮੰਗ ਕੀਤੀ ਸੀ। ਪਤਾ ਲੱਗਾ ਹੈ ਕਿ ਹੁਣ ਜਾ ਕੇ ਪੰਜਾਬ ਸਰਕਾਰ ਨੇ ਪੀ. ਡਬਲਯੂ. ਡੀ. ਅਤੇ ਹੋਰ ਵਿਭਾਗਾਂ 'ਤੇ ਆਧਾਰਿਤ



ਟੈਕਨੀਕਲ ਟੀਮਾਂ ਦਾ ਗਠਨ ਕਰ ਦਿੱਤਾ ਹੈ, ਜਿਸ ਵਿਚ ਜੇ. ਈ. ਅਤੇ ਐੱਸ. ਡੀ. ਓ. ਪੱਧਰ ਦੇ ਅਧਿਕਾਰੀ ਤੋਂ ਇਲਾਵਾ ਉੱਚ ਅਹੁਦਿਆਂ 'ਤੇ ਤਾਇਨਾਤ ਅਧਿਕਾਰੀ ਵੀ ਸ਼ਾਮਲ ਹਨ। ਇਹ ਟੀਮਾਂ ਜਲਦ ਵਿਜੀਲੈਂਸ ਬਿਊਰੋ ਦੀ ਸਹਾਇਤਾ ਲਈ ਭੇਜੀਆਂ ਜਾ ਰਹੀਆਂ ਹਨ, ਜਿਸ ਤੋਂ ਬਾਅਦ ਸਾਈਟ 'ਤੇ ਜਾ ਕੇ ਜਾਂਚ ਆਰੰਭ ਹੋ ਜਾਵੇਗੀ। ਹੁਣ ਤੱਕ ਵਿਜੀਲੈਂਸ ਬਿਊਰੋ ਨਾਲ ਜੁੜੇ ਅਧਿਕਾਰੀਆਂ ਨੇ ਕਈ ਪ੍ਰਾਜੈਕਟਾਂ ਦੀ ਜਿਹੜੀ ਦਸਤਾਵੇਜੀ ਜਾਂਚ ਕੀਤੀ ਹੈ, ਉਸ ਵਿਚ ਇਹ ਗੱਲ ਪ੍ਰਮੁੱਖ ਰੂਪ ਨਾਲ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਜਿਹੜੀ ਡੀ. ਪੀ. ਆਰ. ਬਣੀ ਜਾਂ ਟੈਂਡਰ ਲੱਗੇ, ਉਨ੍ਹਾਂ ਦੇ ਉਲਟ ਜਾ ਕੇ ਹੀ ਕਈ ਅਜਿਹੇ ਕੰਮ ਕਰਵਾਏ ਗਏ, ਜਿਨ੍ਹਾਂ ਦਾ ਵਰਣਨ ਹੀ ਡੀ. ਪੀ. ਆਰ. ਅਤੇ ਟੈਂਡਰ ਵਿਚ ਨਹੀਂ ਸੀ। 21 ਕਰੋੜ ਰੁਪਏ ਦੇ ਚੌਂਕ ਸੁੰਦਰੀਕਰਨ ਪ੍ਰਾਜੈਕਟ ਤਹਿਤ ਸ਼ਹਿਰ ਵਿਚ 2 ਥਾਵਾਂ 'ਤੇ ਸੜਕ ਪਾਰ ਕਰਨ ਲਈ ਐਸਕੇਲੇਟਰ ਵਾਲੇ ਫੁੱਟਓਵਰ ਬ੍ਰਿਜ ਬਣਾਉਣ ਦੇ ਐਸਟੀਮੇਟ ਪਾ ਦਿੱਤੇ ਗਏ, ਜਿਨ੍ਹਾਂ 'ਤੇ 6-7 ਕਰੋੜ ਰੁਪਏ ਦਾ ਖਰਚ ਆਉਣਾ ਸੀ। ਬਾਅਦ ਵਿਚ ਐਸਕੇਲੇਟਰ ਦੀ ਆਈਟਮ ਨੂੰ ਫਜ਼ੂਲ ਦੱਸ ਦਿੱਤਾ ਗਿਆ। ਹੁਣ ਸਵਾਲ ਇਹ ਉੱਠਦਾ ਹੈ ਕਿ ਜੇਕਰ ਜਲੰਧਰ ਵਿਚ ਸੜਕਾਂ 'ਤੇ ਐਸਕੇਲੇਟਰ ਲੱਗਣੇ ਹੀ ਨਹੀਂ ਸਨ ਤਾਂ ਫਿਰ ਉਨ੍ਹਾਂ ਨੂੰ ਡੀ. ਪੀ. ਆਰ. ਅਤੇ ਟੈਂਡਰ ਵਿਚ ਸ਼ਾਮਲ ਕਿਉਂ ਕੀਤਾ ਗਿਆ। ਟੈਂਡਰ ਵਿਚ 11 ਚੌਕ ਸੁੰਦਰੀਕਰਨ ਲਈ ਲਏ ਗਏ ਸਨ ਪਰ ਉਨ੍ਹਾਂ ਵਿਚੋਂ 3 ਨੂੰ ਕੱਢ ਦਿੱਤਾ ਗਿਆ ਅਤੇ 8 ਚੌਂਕਾਂ 'ਤੇ ਸਿਰਫ 8 ਕਰੋੜ ਰੁਪਏ ਖਰਚ ਹੋਏ। ਐੱਲ. ਈ. ਡੀ. ਸਟਰੀਟ ਲਾਈਟ ਪ੍ਰਾਜੈਕਟ ਵਿਚ ਸਿਰਫ ਪੁਰਾਣੀਆਂ ਲਾਈਟਾਂ ਨੂੰ ਬਦਲਣ ਦੀ ਹੀ ਵਿਵਸਥਾ ਸੀ ਪਰ ਕੰਪਨੀ ਨੇ ਲਗਭਗ 20 ਹਜਾਰ ਤੋਂ ਵੱਧ ਨਵੀਆਂ ਲਾਈਟਾਂ ਪਤਾ ਨਹੀਂ ਕਿਥੇ ਲਾ ਦਿੱਤੀਆਂ, ਜਿਨ੍ਹਾਂ ਨੂੰ ਹੁਣ ਜਾ ਕੇ ਗਿਣਿਆ ਜਾ ਰਿਹਾ ਹੈ। ਨਹਿਰ ਦੇ ਸੁੰਦਰੀਕਰਨ ਸਬੰਧੀ ਪ੍ਰਾਜੈਕਟ ਵਿਚ ਵੀ ਕਾਫੀ ਗੜਬੜੀ ਕੀਤੀ ਗਈ। ਪਹਿਲਾਂ ਨਹਿਰ ਕੰਢੇ ਬਣਨ ਵਾਲੇ ਵਾਕਿੰਗ ਟਰੈਕ ਨੂੰ ਮਿੱਟੀ ਦਾ ਬਣਾ ਦਿੱਤਾ ਗਿਆ ਪਰ ਬਾਅਦ ਵਿਚ ਉਸ 'ਤੇ ਟਾਈਲਾਂ ਲੁਆ ਦਿੱਤੀਆਂ ਗਈਆਂ। ਇਸੇ ਤਰ੍ਹਾਂ ਪਾਰਕਾਂ ਨਾਲ ਸਬੰਧਤ ਕੰਮਾਂ ਵਿਚ ਵੀ ਘਟੀਆ ਮਟੀਰੀਅਲ ਦੀ ਵਰਤੋਂ ਹੋਈ, ਜਿਸ ਸਬੰਧੀ ਸ਼ਿਕਾਇਤਾਂ ਨੂੰ ਦਬਾ ਦਿੱਤਾ ਗਿਆ। ਹੁਣ ਇਹ ਸਾਰੇ ਮਾਮਲੇ ਖੁੱਲ੍ਹ ਸਕਦੇ ਹਨ ਅਤੇ ਵਰਤੇ ਮਟੀਰੀਅਲ ਦੀ ਜਾਂਚ ਹੋ ਸਕਦੀ ਹੈ। ਸਮਾਰਟ ਸਿਟੀ ਦੇ ਵਧੇਰੇ ਕੰਮ ਪਿਛਲੀ ਕਾਂਗਰਸ ਸਰਕਾਰ ਦੇ ਆਖਰੀ 3 ਸਾਲਾਂ ਦੌਰਾਨ ਹੋਏ। ਉਸ ਸਮੇਂ ਸਮਾਰਟ ਸਿਟੀ ਵਿਚ ਰਹੇ ਅਧਿਕਾਰੀਆਂ ਨੇ ਨਾ ਸਿਰਫ ਹਰ ਡੀ. ਪੀ. ਆਰ. ਅਤੇ ਹਰ ਟੈਂਡਰ ਨੂੰ ਆਪਣੀ ਮਨਮਰਜੀ ਨਾਲ ਬਦਲ ਦਿੱਤਾ, ਸਗੋਂ ਚਹੇਤੇ ਠੇਕੇਦਾਰਾਂ ਤੋਂ ਵੀ ਮਨਮਰਜੀ ਦੇ ਹੀ ਕੰਮ ਕਰਵਾਏ। ਕੁਆਲਿਟੀ ਦਾ ਕੋਈ ਧਿਆਨ ਨਹੀਂ ਰੱਖਿਆ ਗਿਆ, ਨਾ ਕਿਸੇ ਠੇਕੇਦਾਰ ਨੂੰ ਨੋਟਿਸ ਜਾਰੀ ਹੋਇਆ, ਨਾ ਉਨ੍ਹਾਂ ਨੂੰ ਬਲੈਕਲਿਸਟ ਕੀਤਾ ਗਿਆ ਅਤੇ ਨਾ ਹੀ ਕਿਸੇ ਤਰ੍ਹਾਂ ਦਾ ਕੋਈ ਜੁਰਮਾਨਾ ਹੀ ਲਾਇਆ ਗਿਆ। ਸਮਾਰਟ ਸਿਟੀ ਦੇ ਵਧੇਰੇ ਪ੍ਰਾਜੈਕਟ ਗਲਤ ਡਿਜਾਈਨਿੰਗ ਅਤੇ ਕੰਸਲਟੈਂਸੀ ਦਾ ਸ਼ਿਕਾਰ ਹੋਏ।

ਕਈ ਪ੍ਰਾਜੈਕਟ ਕੁਝ ਅਜਿਹੇ ਠੇਕੇਦਾਰਾਂ ਨੂੰ ਅਲਾਟ ਕਰ ਦਿੱਤੇ ਗਏ, ਜਿਹੜੇ ਯਾਰੀ-ਦੋਸਤੀ ਦੀ ਸ਼੍ਰੇਣੀ ਵਿਚ ਆਉਂਦੇ ਸਨ। ਇਸੇ ਕਾਰਨ ਮੰਨਿਆ ਜਾ ਰਿਹਾ ਹੈ ਕਿ ਤਕਨੀਕੀ ਜਾਂਚ ਪੂਰੀ ਹੁੰਦੇ ਹੀ ਵਿਜੀਲੈਂਸ ਬਿਊਰੋ ਵੱਲੋਂ ਜਲੰਧਰ ਸਮਾਰਟ ਸਿਟੀ ਵਿਚ ਪਿਛਲੇ ਸਮੇਂ ਦੌਰਾਨ ਰਹੇ ਅਧਿਕਾਰੀਆਂ ਨੂੰ ਵੀ ਤਲਬ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ 'ਤੇ ਕੇਸ ਤੱਕ ਦਰਜ ਹੋਣ ਦੀਆਂ ਸੰਭਾਵਨਾਵਾਂ ਬਣ ਰਹੀਆਂ ਹਨ। ਜਿਹੜੇ ਅਧਿਕਾਰੀਆਂ ਨੇ ਪੰਜਾਬ ਸਰਕਾਰ ਵੱਲੋਂ ਭੇਜੀ ਗਈ ਥਰਡ ਪਾਰਟੀ ਏਜੰਸੀ ਦੀਆਂ ਸਿਫਾਰਿਸ਼ਾਂ ਨੂੰ ਵੀ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ ਸੀ, ਉਨ੍ਹਾਂ ਤੋਂ ਵੀ ਜਵਾਬਤਲਬੀ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਸਰਕਾਰ ਦੇ ਸਮੇਂ ਸਮਾਰਟ ਸਿਟੀ ਵਿਚ ਰਹੇ ਕਈ ਅਧਿਕਾਰੀ ਹੁਣ ਜਾਂ ਤਾਂ ਰਿਟਾਇਰ ਹੋ ਚੁੱਕੇ ਹਨ ਜਾਂ ਨੌਕਰੀ ਛੱਡ ਕੇ ਜਾ ਚੁੱਕੇ ਹਨ ਪਰ ਪੰਜਾਬ ਸਰਕਾਰ ਤੋਂ ਭਾਰੀ-ਭਰਕਮ ਪੈਨਸ਼ਨਾਂ ਲੈ ਰਹੇ ਹਨ।

# ਬਹੁ-ਚਰਚਿਤ ਮਲਸੀਆਂ ਗੋਲੀ ਕਾਂਡ: ਹੁਣ ਤੱਕ ਦੋਹਾਂ ਧਿਰਾਂ ਦੇ 10 ਦੋਸੀ ਗ੍ਰਿਫਤਾਰ, ਕੁਝ ਦੇ ਵਿਦੇਸ ਭੱਜਣ ਦੀ ਚਰਚਾ

ਮਲਸੀਆਂ 10 ਅਗਸਤ। ਮਲਸੀਆਂ ਵਿਖੇ ਨਗਰ ਕੀਰਤਨ ਦੌਰਾਨ 4 ਜਨਵਰੀ ਨੂੰ 2 ਧਿਰਾਂ 'ਚ ਅੰਨ੍ਹੇਵਾਹ ਚੱਲੀਆਂ ਗੋਲੀਆਂ ਦੇ 10 ਦੋਸੀਆਂ ਨੂੰ ਹੁਣ ਤੱਕ ਪੁਲਸ ਗ੍ਰਿਫਤਾਰ ਕਰਨ 'ਚ ਸਫਲ ਰਹੀ ਹੈ, ਜਿਨ੍ਹਾਂ 'ਚ ਇਕ ਧਿਰ ਦੇ 4 ਅਤੇ ਦੂਜੀ ਧਿਰ



ਦੇ 6 ਦੋਸੀ ਸਾਮਲ ਹਨ। ਦੋਹਾਂ ਧਿਰਾਂ ਦੇ 9 ਦੋਸੀ ਅਤੇ ਕੁਝ ਅਣਪਛਾਤੇ ਅਜੇ ਵੀ ਫਰਾਰ ਹਨ। ਇੱਥੇ ਇਹ ਵਰਣਨਯੋਗ ਹੈ ਕਿ ਉਕਤ ਗੋਲੀਕਾਂਡ 'ਚ ਦੋਹਾਂ ਧਿਰਾਂ ਦੇ 4 ਨੌਜਵਾਨ ਗੋਲੀ ਲੱਗਣ ਕਾਰਨ ਜਖਮੀ ਹੋਏ ਸਨ। ਇਸ ਸਬੰਧੀ ਐੱਸਐੱਚਓ ਸਾਹਕੋਟ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਹੁਣ ਤੱਕ ਗ੍ਰਿਫਤਾਰ ਕੀਤੇ ਦੋਸੀਆਂ 'ਚ ਅਰਸਦੀਪ ਸਿੰਘ ਉਰਫ ਅਰਸ ਪੁੱਤਰ ਰਾਜ ਕੁਮਾਰ ਵਾਸੀ ਪਿੰਡ ਫਕਰੂਵਾਲ, ਅਸਮਨਦੀਪ ਸਿੰਘ ਉਰਫ ਅਸਮਨ ਪੁੱਤਰ ਬਲਦੇਵ ਵਾਸੀ ਪਿੰਡ ਨਿਹਾਲੂਵਾਲ, ਗੁਰਵਿੰਦਰ ਸਿੰਘ ਉਰਫ ਗਿੰਦਾ ਪੁੱਤਰ ਮਲਕੀਤ ਸਿੰਘ ਵਾਸੀ ਪੱਤੀ ਲਕਸੀਆਂ (ਮਲਸੀਆਂ), ਸੁਰਜੀਤ ਸਿੰਘ ਵਿਰਕ ਉਰਫ ਬਾਬਾ ਪੁੱਤਰ ਹਰਜਿੰਦਰ ਸਿੰਘ ਵਿਰਕ ਵਾਸੀ ਦਾਨੇਵਾਲ, ਇੰਦਰਜੀਤ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਢੰਡੋਵਾਲ, ਹਰਜਿੰਦਰ ਸਿੰਘ ਉਰਫ ਜਿੰਦੂ ਪੁੱਤਰ ਰੇਸਮ ਸਿੰਘ ਵਾਸੀ ਸ਼ਾਲਾ ਨਗਰ (ਮਲਸੀਆਂ), ਰਾਜਬੀਰ ਸਿੰਘ ਉਰਫ ਰਾਜਾ ਪੁੱਤਰ ਕੁਲਵਿੰਦਰ ਸਿੰਘ ਵਾਸੀ ਪੱਤੀ ਸਾਲਾ ਨਗਰ ਮਲਸੀਆਂ, ਰਾਜਵਿੰਦਰ ਸਿੰਘ ਉਰਫ ਇੰਦਾ ਪੁੱਤਰ ਬਲਕਾਰ ਸਿੰਘ ਵਾਸੀ ਮੁਹੱਲਾ ਬਾਗਵਾਲਾ ਸਾਹਕੋਟ, ਬਲਜਿੰਦਰ ਸਿੰਘ ਉਰਫ ਜਸਨ ਪੁੱਤਰ ਅਜੈਬ ਸਿੰਘ ਵਾਸੀ ਤਲਵੰਡੀ ਬੂਟੀਆਂ, ਵਿਨੋਦ ਕੁਮਾਰ ਉਰਫ ਮੋਟਾ ਪੁੱਤਰ ਪੱਪੂ ਵਾਸੀ ਸਾਹਕੋਟ ਸਾਮਲ ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ 9 ਦੋਸੀ ਫਰਾਰ ਹਨ, ਜਦ ਕਿ ਕੁਝ ਅਣਪਛਾਤਿਆਂ ਦੀ ਪਛਾਣ ਹੋਣੀ ਅਜੇ ਬਾਕੀ ਹੈ। ਕੁਲ 19 ਦੋਸੀਆਂ 'ਚੋਂ 5 ਨੂੰ 'ਏ' ਕੈਟਾਗਰੀ, ਜਦ ਕਿ 14 ਨੂੰ 'ਬੀ' ਕੈਟਾਗਰੀ 'ਚ ਰੱਖਿਆ ਗਿਆ ਹੈ। ਦੋਸੀਆਂ ਕੋਲੋਂ ਤਿੰਨ 32 ਬੋਰ ਨਾਜਾਇਜ ਪਿਸਟਲ, 7 ਜ਼ਿੰਦਾ ਕਾਰਤੂਸ ਅਤੇ 18 ਖੋਲ ਬਰਾਮਦ ਹੋਏ ਹਨ। ਇਸ ਤੋਂ ਇਲਾਵਾ ਇਕ ਟਕੂਆ, ਇਕ ਕਰੋਲਾ ਕਾਰ ਅਤੇ ਇਕ ਮੋਟਰਸਾਈਕਲ ਬਰਾਮਦ ਹੋਇਆ ਹੈ। ਫਰਾਰ ਦੋਸੀਆਂ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਅਤੇ ਅਦਾਲਤ 'ਚ ਭਗੌੜਾ ਕਰਾਰ ਦਿੱਤੇ ਜਾਣ ਦੀ ਕਾਰਵਾਈ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਫਰਾਰ ਦੋਸੀਆਂ ਲਈ ਐੱਲਓਸੀ ਵੀ ਜਾਰੀ ਕੀਤੀ ਜਾ ਚੁੱਕੀ ਹੈ। ਕੁਝ ਦੋਸੀਆਂ ਦੇ ਵਿਦੇਸ ਭੱਜਣ ਦੀ ਚਰਚਾ: ਇਲਾਕੇ 'ਚ ਇਹ ਵੀ ਚਰਚਾ ਹੈ ਕਿ ਮਲਸੀਆਂ ਗੋਲੀਕਾਂਡ ਦੇ ਕੁਝ ਦੋਸੀ ਪੁਲਸ ਕਾਰਵਾਈ ਤੋਂ ਬਚਣ ਲਈ ਵਿਦੇਸ ਭੱਜ ਗਏ ਹਨ ਜਾਂ ਵਿਦੇਸ ਭੱਜਣ ਦੀ ਫਰਾਕ 'ਚ ਹਨ।

# 263 ਇਮੀਗ੍ਰੇਸ਼ਨ ਕੰਸਲਟੈਂਸੀ ਤੇ ਆਇਲੈਟਸ ਸੈਂਟਰਾਂ ਖਿਲਾਫ ਜਲੰਧਰ ਪ੍ਰਸ਼ਾਸਨ ਦੀ ਵੱਡੀ ਕਾਰਵਾਈ

ਜਲੰਧਰ 10 ਅਗਸਤ। ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ 2014 ਤਹਿਤ ਨਿਰਧਾਰਿਤ ਨਿਯਮਾਂ ਦਾ ਉਲੰਘਣ ਕਰਨ 'ਤੇ ਡੀ. ਸੀ. ਜਸਪ੍ਰੀਤ ਸਿੰਘ ਨੇ ਜ਼ਿਲ੍ਹੇ ਨਾਲ ਸਬੰਧਤ 263 ਇਮੀਗ੍ਰੇਸ਼ਨ ਕੰਸਲਟੈਂਸੀ ਅਤੇ ਆਇਲੈਟਸ ਸੈਂਟਰਾਂ ਦੇ ਲਾਇਸੈਂਸ ਰੱਦ ਕਰ ਦਿੱਤੇ। ਵਰਣਨਯੋਗ ਹੈ ਕਿ 'ਜਗ ਬਾਣੀ' ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਿਯਮਾਂ ਦਾ ਪਾਲਣ ਨਾ ਕਰਨ ਵਾਲੇ ਇਮੀਗ੍ਰੇਸ਼ਨ ਕੰਸਲਟੈਂਸੀ ਅਤੇ ਆਇਲੈਟਸ ਸੈਂਟਰਾਂ ਦੇ ਲਾਇਸੈਂਸ ਰੱਦ ਕਰਨ ਸਬੰਧੀ 5 ਮਾਰਚ ਨੂੰ ਹੀ ਖੁਲਾਸਾ ਕਰ ਦਿੱਤਾ ਸੀ। ਇਸ ਸਬੰਧ ਵਿਚ ਜ਼ਿਆਦਾ ਜਾਣਕਾਰੀ ਦਿੰਦਿਆਂ ਡੀ. ਸੀ. ਨੇ ਕਿਹਾ ਕਿ ਇਸ ਤੋਂ ਪਹਿਲਾਂ ਪ੍ਰਸ਼ਾਸਨ ਵੱਲੋਂ ਜਾਰੀ ਕਾਰਨ ਦੱਸੋ ਨੋਟਿਸ ਦਾ ਲਿਖਤੀ ਜਵਾਬ ਨਾ ਦੇਣ ਕਾਰਨ 495 ਇਮੀਗ੍ਰੇਸ਼ਨ ਕੰਸਲਟੈਂਟ ਅਤੇ ਟਿਕਟਿੰਗ ਏਜੰਟ ਅਤੇ ਆਇਲੈਟਸ ਸੈਂਟਰਾਂ ਦੇ ਲਾਇਸੈਂਸ ਸਸਪੈਂਡ ਕਰ ਦਿੱਤੇ ਸਨ। ਜ਼ਿਲ੍ਹਾ ਪ੍ਰਸ਼ਾਸਨ ਦੀ ਇਸ ਕਾਰਵਾਈ ਤੋਂ ਬਾਅਦ 232 ਕੰਸਲਟੈਂਟਸ ਨੇ ਆਪਣੀ ਮਹੀਨਾਵਾਰ ਕਾਰਵਾਈ ਰਿਪੋਰਟ ਦੇ ਨਾਲ ਆਪਣਾ ਜਵਾਬ ਜਮ੍ਹਾ ਕਰਵਾ ਦਿੱਤਾ ਸੀ, ਜਦਕਿ ਬਾਕੀਆਂ ਨੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸਾਂ ਦਾ ਕੋਈ ਜਵਾਬ ਨਹੀਂ ਦਿੱਤਾ, ਜਿਸ ਨੂੰ ਵੇਖਦੇ ਹੋਏ ਅਜਿਹੇ ਸਾਰੇ ਇਮੀਗ੍ਰੇਸ਼ਨ ਕੰਸਲਟੈਂਸੀ ਅਤੇ ਆਇਲੈਟਸ ਸੈਂਟਰਾਂ ਦੇ ਲਾਇਸੈਂਸ ਤੁਰੰਤ ਪ੍ਰਭਾਵ ਨਾਲ ਰੱਦ ਕਰ ਦਿੱਤੇ ਗਏ ਹਨ। ਡੀ. ਸੀ. ਨੇ ਸਾਰੇ ਲਾਇਸੈਂਸ ਪ੍ਰਾਪਤ ਕੰਸਲਟੈਂਸੀ ਅਤੇ ਆਇਲੈਟਸ ਸੈਂਟਰਾਂ ਨੂੰ ਐਕਟ ਦੇ ਤਹਿਤ ਨਿਰਧਾਰਿਤ ਨਿਯਮਾਂ ਦਾ ਸਖਤੀ ਨਾਲ ਪਾਲਣ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਜਿਹੜੇ ਇਮੀਗ੍ਰੇਸ਼ਨ ਕੰਸਲਟੈਂਸੀ ਅਤੇ ਆਈਲੈਟਸ ਸੈਂਟਰਾਂ ਦੇ ਲਾਇਸੈਂਸ ਰੱਦ ਕੀਤੇ ਗਏ ਹਨ, ਉਨ੍ਹਾਂ ਦੀ ਸੂਚੀ ਐੱਨ. ਆਈ. ਸੀ. ਜਲੰਧਰ ਦੀ ਅਧਿਕਾਰਤ ਵੈੱਬਸਾਈਟ 'ਤੇ ਵੀ ਦੇਖੀ ਜਾ ਸਕਦੀ ਹੈ। ਵਰਣਨਯੋਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਬੀਤੀ 7 ਜਨਵਰੀ ਨੂੰ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ 2014 ਤਹਿਤ ਨਿਰਧਾਰਿਤ ਨਿਯਮਾਂ ਦੀ ਉਲੰਘਣਾ ਕਰਨ ਵਾਲੇ 495 ਇਮੀਗ੍ਰੇਸ਼ਨ ਕੰਸਲਟੈਂਸੀ ਅਤੇ ਆਇਲੈਟਸ ਸੈਂਟਰਾਂ ਦੇ ਲਾਇਸੈਂਸ ਸਸਪੈਂਡ ਕੀਤੇ ਸਨ, ਜਿਨ੍ਹਾਂ ਵਿਚ 239 ਇਮੀਗ੍ਰੇਸ਼ਨ ਕੰਸਲਟੈਂਟਸ ਅਤੇ 129 ਆਇਲੈਟਸ ਸੈਂਟਰਾਂ ਦੇ ਨਾਂ ਸ਼ਾਮਲ ਸਨ। ਇਸ ਤੋਂ ਪਹਿਲਾਂ ਪ੍ਰਸ਼ਾਸਨ ਨੇ ਨਿਯਮਾਂ ਦੀ ਉਲੰਘਣ ਕਰਨ ਵਾਲੇ ਕੁੱਲ 1320 ਇਮੀਗ੍ਰੇਸ਼ਨ ਕੰਸਲਟੈਂਸੀ, ਟਿਕਟਿੰਗ ਏਜੰਟ ਅਤੇ ਆਇਲੈਟਸ ਸੈਂਟਰਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਸਨ ਅਤੇ ਉਨ੍ਹਾਂ ਵਿਚੋਂ 495 ਲਿਖਤੀ ਜਵਾਬ ਦੇਣ ਵਿਚ ਅਸਫਲ ਰਹੇ। ਇਸੇ ਕਾਰਨ ਉਨ੍ਹਾਂ ਦੇ ਕਾਰੋਬਾਰੀ ਲਾਇਸੈਂਸ ਤੁਰੰਤ ਪ੍ਰਭਾਵ ਨਾਲ ਸਸਪੈਂਡ ਕਰ ਦਿੱਤੇ ਗਏ ਸਨ।

# ਹਿਮਾਚਲ ਪ੍ਰਦੇਸ਼ ਤੋਂ ਹੈਰੋਇਨ ਲਿਆ ਕੇ ਵੇਚਦੇ ਸਨ ਪਤੀ-ਪਤਨੀ , ਡਰਗ ਮਨੀ ਸਣੇ ਚੜ੍ਹੇ ਪੁਲਸ ਅੜਿੱਕੇ

ਗੁਰਦਾਸਪੁਰ 10 ਅਗਸਤ। ਸੀ.ਆਈ.ਏ ਸਟਾਫ ਗੁਰਦਾਸਪੁਰ ਨੇ ਪਤੀ-ਪਤਨੀ ਨੂੰ ਕਾਬੂ ਕਰਕੇ ਉਨ੍ਹਾਂ ਤੋਂ 100 ਗ੍ਰਾਮ ਹੈਰੋਇਨ ਅਤੇ 1 ਲੱਖ 50 ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਕੀਤੀ ਹੈ। ਦੋਸ਼ੀ ਪਤੀ ਪਹਿਲਾਂ ਵੀ ਐੱਨ.ਡੀ.ਪੀ.ਐੱਸ ਐਕਟ ਅਧੀਨ ਗ੍ਰਿਫਤਾਰ ਹੋ ਚੁੱਕਾ ਹੈ ਅਤੇ ਹੁਣ ਜਮਾਨਤ 'ਤੇ ਸੀ। ਇਸ ਸਬੰਧੀ ਸੀ.ਆਈ.ਏ ਸਟਾਫ ਗੁਰਦਾਸਪੁਰ ਦੇ ਇੰਚਾਰਜ ਕਪਿਲ ਕੌਂਸਲ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਮੁਖਬਰ ਨੇ ਸੂਚਨਾ ਦਿੱਤੀ ਸੀ ਕਿ ਸਤਨਾਮ ਸਿੰਘ ਉਰਫ ਸੱਤੀ ਵਾਸੀ ਪਨਿਆੜ ਜੋ ਨਸ਼ੀਲੇ ਪਦਾਰਥ ਵੇਚਣ ਦਾ ਧੰਦਾ ਕਰਦਾ ਹੈ ਉਹ ਹਿਮਾਚਲ ਪ੍ਰਦੇਸ਼ ਦੇ ਕਸਬਾ ਛੰਨੀ ਬੇਲੀ ਤੋਂ ਆਪਣੀ ਸਕੂਟਰੀ 'ਤੇ ਹੈਰੋਇਨ ਲੈ ਕੇ ਆ ਰਿਹਾ ਹੈ। ਇਸ ਸੂਚਨਾ ਦੇ ਆਧਾਰ 'ਤੇ ਲਾਈਟਾਂ ਵਾਲਾ ਚੌਕ ਦੀਨਾਨਗਰ 'ਚ ਰਾਤ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਸ਼ੁਰੂ ਕੀਤੀ ਗਈ। ਰਾਤ ਲਗਭਗ 10.15 ਵਜੇ ਉਕਤ ਸਕੂਟਰੀ ਨੂੰ ਜਦ ਆਉਂਦੇ ਵੇਖਿਆ ਤਾਂ ਪੁਲਸ ਕਰਮਚਾਰੀਆਂ ਨੇ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ। ਮੁਲਜਮ ਨਾਲ ਸਕੂਟਰੀ 'ਤੇ ਪਿੱਛੇ ਔਰਤ ਬੈਠੀ ਸੀ, ਨੇ ਪੁਲਸ ਪਾਰਟੀ ਨੂੰ ਵੇਖ ਕੇ ਭੱਜਣ ਦੀ ਕੋਸ਼ਿਸ ਕੀਤੀ, ਪਰ ਪੁਲਸ ਕਰਮਚਾਰੀਆਂ ਨੇ ਦੋਵਾਂ ਨੂੰ ਕਾਬੂ ਕਰ ਲਿਆ। ਕਪਿਲ ਕੌਂਸਲ ਨੇ ਦੱਸਿਆ ਕਿ ਪੁੱਛਗਿੱਛ ਕਰਨ 'ਤੇ ਸਕੂਟਰੀ ਚਲਾ ਰਹੇ ਵਿਅਕਤੀ ਨੇ ਆਪਣੀ ਪਛਾਣ ਸਤਨਾਮ ਸਿੰਘ ਉਰਫ ਸੱਤੀ ਪੁੱਤਰ ਸੁਰਜੀਤ ਸਿੰਘ ਵਾਸੀ ਪਨਿਆੜ ਅਤੇ ਪਿੱਛੇ ਬੈਠੀ ਔਰਤ ਨੇ ਆਪਣੀ ਪਛਾਣ ਸੁਨੀਤਾ ਪਤਨੀ ਸਤਨਾਮ ਸਿੰਘ ਵਾਸੀ ਪਨਿਆੜ ਦੱਸੀ। ਸਕੂਟਰੀ ਦੀ ਤਾਲਾਸ਼ੀ ਲੈਣ



'ਤੇ ਇਨ੍ਹਾਂ ਤੋਂ 100 ਗ੍ਰਾਮ ਹੈਰੋਇਨ, 1 ਲੱਖ 50 ਹਜ਼ਾਰ ਰੁਪਏ ਨਕਦੀ, ਦੋ ਮੋਬਾਇਲ ਅਤੇ ਇਕ ਕੰਡਾ ਮਿਲਿਆ। ਮੁਲਜਮਾਂ ਨੇ ਮੰਨਿਆ ਕਿ ਇਹ ਹੈਰੋਇਨ ਉਹ ਹਿਮਾਚਲ ਪ੍ਰਦੇਸ਼ ਦੇ ਕਸਬਾ ਛੰਨੀ ਬੇਲੀ ਤੋਂ ਲੈ ਕੇ ਆਏ ਹਨ। ਪੁਲਸ ਅਧਿਕਾਰੀ ਦੇ ਅਨੁਸਾਰ ਪਤੀ-ਪਤਨੀ ਖਿਲਾਫ ਐੱਨ.ਡੀ.ਪੀ.ਐੱਸ ਐਕਟ ਅਧੀਨ ਕੇਸ ਦਰ ਕਰ ਲਿਆ ਗਿਆ ਹੈ। ਮੁਲਜਮ ਸਤਨਾਮ ਸਿੰਘ ਨੇ ਸਵੀਕਾਰ ਕੀਤਾ ਕਿ ਉਸ ਦੇ ਖਿਲਾਫ ਪਹਿਲਾਂ ਵੀ ਐੱਨ.ਡੀ.ਪੀ.ਐੱਸ ਐਕਟ ਅਧੀਨ ਕੇਸ ਦਰਡ ਹੈ ਅਤੇ ਉਹ ਜਮਾਨਤ 'ਤੇ ਹੈ। ਉਸ ਨੇ ਮੰਨਿਆ ਕਿ ਉਹ ਛੰਨੀ ਬੇਲੀ ਤੋਂ ਹੈਰੋਇਨ ਲਿਆ ਕੇ ਇਲਾਕੇ ਵਿੱਚ ਵੇਚਦਾ ਹੈ ਅਤੇ ਬਰਾਮਦ ਹੈਰੋਇਨ ਵੀ ਉਹ ਇਲਾਕੇ 'ਚ ਵੇਚਣ ਦੇ ਲਈ ਲਿਆਇਆ ਸੀ।

## ਪੁੱਤਰਾਂ ਨੇ 31 ਸਾਲ ਬਾਅਦ ਲਿਆ ਪਿਓ ਦੇ ਕਤਲ ਦਾ ਬਦਲਾ, ਕਾਤਲ ਨੂੰ ਮਾਰੀ ਗੋਲੀ

ਜੈਪੁਰ 10 ਅਗਸਤ। ਰਾਜਸਥਾਨ ਦੇ ਪੁਸਕਰ 'ਚ 70 ਸਾਲਾ ਸਾਬਕਾ ਕੌਂਸਲਰ ਸਵਾਈ ਸਿੰਘ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੇ 68 ਸਾਲਾ ਦੋਸਤ ਦਿਨੇਸ ਤਿਵਾੜੀ ਨੂੰ ਜਖਮੀ ਕਰ ਦਿੱਤਾ ਗਿਆ। ਕਤਲ ਕਰਨ ਵਾਲੇ 2 ਭਰਾਵਾਂ ਨੇ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਲਈ 3 ਦਹਾਕਿਆਂ ਤੋਂ ਵੱਧ ਸਮੇਂ ਤੱਕ ਇੰਤਜਾਰ ਕੀਤਾ। ਇਹ ਕਤਲ 1992 ਦੇ 'ਅਜਮੇਰ ਬਲੈਕਮੇਲ ਕੇਸ' ਨਾਲ ਸਬੰਧਤ ਸੀ। ਪੁਸਕਰ ਦੇ ਬੰਸੇਲੀ ਪਿੰਡ 'ਚ ਸਵਾਈ ਸਿੰਘ ਅਤੇ ਤਿਵਾੜੀ 'ਤੇ ਗੋਲੀਆਂ ਚਲਾਉਣ ਵਾਲੇ ਮਦਨ ਸਿੰਘ ਪੁੱਤਰ ਥੇਸ ਮਦਨ ਸਿੰਘ ਹਫਤਾਵਾਰੀ ਅਖਬਾਰ ਚਲਾਉਂਦੇ ਸਨ ਅਤੇ ਬਲੈਕਮੇਲ ਕਾਂਡ ਬਾਰੇ 'ਚ ਖਬਰਾਂ ਪ੍ਰਕਾਸ਼ਿਤ ਕਰ ਰਹੇ ਸਨ। ਇਸ ਕਾਂਡ 'ਚ ਅਜਮੇਰ ਦੀਆਂ ਕਈ ਲੜਕੀਆਂ ਨੂੰ ਬਲੈਕਮੇਲ ਕਰ ਕੇ ਜਬਰ-ਜ਼ਿਨਾਹ ਕੀਤਾ ਗਿਆ ਸੀ। ਪੁਲਸ ਨੇ ਸਵਾਈ ਸਿੰਘ, ਰਾਜਕੁਮਾਰ ਜੈਪਾਲ, ਨਰਿੰਦਰ ਸਿੰਘ ਤੇ ਹੋਰਨਾਂ ਖ਼ਿਲਾਫ ਕਤਲ ਦਾ ਮਾਮਲਾ ਦਰਜ ਕੀਤਾ ਸੀ ਪਰ ਸਾਰੇ ਮੁਲਜਮਾਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਸੀ। ਫਿਰ ਮਦਨ ਸਿੰਘ ਦੇ ਦੋਵੇਂ ਪੁੱਤਰ ਸੂਰਜ ਪ੍ਰਤਾਪ ਸਿੰਘ ਅਤੇ ਧਰਮ ਪ੍ਰਤਾਪ ਸਿੰਘ, ਜੋ ਉਸ ਸਮੇਂ 8 ਤੋਂ 12 ਸਾਲ ਦੇ ਸਨ, ਉਨ੍ਹਾਂ ਨੇ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਦੀ ਸਹੁੰ ਖਾਧੀ ਸੀ ਤੇ ਸਵਾਈ ਸਿੰਘ ਦਾ ਕਤਲ ਕਰ ਦਿੱਤਾ।

## ਸਦਰ ਥਾਣਾ ਅਧੀਨ ਪੈਂਦੇ ਪਿੰਡ ਰਾਜਪੁਰਾ ਦੇ ਲੋਕਾਂ ਨੇ ਦੋ ਨਸਾ ਕਰਦੇ ਨੌਜਵਾਨਾਂ ਨੂੰ ਕੀਤਾ ਪੁਲਸ ਹਵਾਲੇ

ਗੁਰਦਾਸਪੁਰ 10 ਅਗਸਤ। ਗੁਰਦਾਸਪੁਰ ਦੇ ਸਦਰ ਥਾਣਾ ਅਧੀਨ ਪੈਂਦੇ ਪਿੰਡ ਰਾਜਪੁਰਾ ਦੇ ਲੋਕਾਂ ਵਲੋਂ ਇਕੱਠੇ ਹੋ ਪਿੰਡ ਦੇ ਸਮਸਾਨ ਘਾਟ 'ਚੋਂ ਦੋ ਨੌਜਵਾਨਾਂ ਨੂੰ ਨਸਾ ਕਰਦੇ ਰੰਗੇ-ਹੱਥੀਂ ਕਾਬੂ ਕੀਤਾ ਗਿਆ। ਇਸ ਸਬੰਧੀ ਪਿੰਡ ਦੇ ਲੋਕਾਂ ਵਲੋਂ ਵਾਇਰਲ ਕੀਤੀ ਵੀਡੀਓ 'ਚ ਪਿੰਡ ਵਾਸੀ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਨਸਾ ਤਸਕਰ ਸਰੇਆਮ ਨਸਾ ਵੇਚ ਰਹੇ ਹਨ। ਜਿਸ



ਦੀ ਸ਼ਿਕਾਇਤ ਪਹਿਲਾ ਵੀ ਪੁਲਸ ਨੂੰ ਕੀਤੀ ਗਈ ਹੈ ਪਰ ਨਸਾ ਵੇਚਣ ਵਾਲੇ ਵੱਡੇ ਸੌਦਾਗਰ ਪੁਲਸ ਦੀ ਗ੍ਰਿਫਤ ਤੋਂ ਬਾਹਰ ਘੁੰਮ ਰਹੇ ਹਨ। ਉਨ੍ਹਾਂ ਦੱਸਿਆ ਅੱਜ ਦੋ ਨੌਜਵਾਨ ਜੋ ਕਿਸੇ ਬਾਹਰੀ ਇਲਾਕੇ ਦੇ ਹਨ, ਉਹ ਨਸਾ ਲੈ ਕੇ ਉਨ੍ਹਾਂ ਦੇ ਪਿੰਡ ਦੇ ਸਮਸਾਨ ਘਾਟ 'ਚ ਚਿੱਟੇ ਦਾ ਨਸਾ ਕਰਦੇ ਹਨ। ਹੁਣ ਪਿੰਡ ਵਾਸੀਆਂ ਨੇ ਰੰਗੇ ਹੱਥੀਂ ਇਨ੍ਹਾਂ ਨੌਜਵਾਨਾਂ ਨੂੰ ਕਾਬੂ ਕਰ ਲਿਆ ਹੈ। ਉੱਥੇ ਹੀ ਪਿੰਡ ਰਾਜਪੁਰਾ ਦੇ ਵਾਸੀਆਂ ਵਲੋਂ ਉਨ੍ਹਾਂ ਨੌਜਵਾਨਾਂ ਨੂੰ ਕਾਬੂਕਰ ਪੁਲਸ ਹਵਾਲੇ ਕਰ ਦਿੱਤਾ ਗਿਆ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕੇ ਨਸ਼ੇ ਦਾ ਕਾਰੋਬਾਰ ਕਰ ਰਹੇ ਲੋਕਾਂ 'ਤੇ ਕਾਰਵਾਈ ਕੀਤੀ ਜਾਵੇ।

**NAME CHANGE**
I, Amit S/o Sonu R/O 291/15 Taigore Gali, Jnana Hospital, Rohtak Haryana -124001 have changed my name from Amit to Amit Batra for all future purpose.

**NAME CHANGE**
I, Gagan S/O Balkishan Arora R/O House No.1258 Ward no.19, Sant Nagar, Rohtak Haryana -124001 have changed my minor daughter name Seerat to Seerat Huria for all future purpose.

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I,pawan kumar S/O Gopi ram R/o D 14, ground floor greater kailash enclave 1, greater kailash south delhi 110048 have changed my name from pawan kumar to pawan kumar Aggarwal for all future purpose.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned mmovable properties due to their his disobedience. My client Shall not be responsible for their acts.
**ARJUN BIDHURI Advocate**
CH. NO.536, Saket Courts New Delhi-110017.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I, IC-64401W LT COL GOKULADASAN P S/O EVK NAIR R/O 86/6, KIRBY PLACE, OFFICERS ENCLAVE, DELHI CANTT-110010, have changed my name from GOKULADASAN P to GOKUL DASAN P for all future purposes vide Affidavit dated 28/11/2022 before Notary Public Delhi .

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I,Ruchi Seth W/o Pulkit Aggarwal R/o D 14, ground floor greater kailash enclave 1, greater kailash south delhi 110048 have changed my name from Ruchi Seth to Ruchi Aggarwal for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Avtar Kaur W/o Jagdeep Singh Baweja R/o 52/43 Ramjas Road Karol Bagh Delhi -110005 Have Changed My Name To Avtar Kaur Baweja For All Purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, NO-14683437X SEP GAIKWAD RAMESHWAR SAKHARAM S/o SAKHARAM GAIKWAD R/o VPO-KOSTGAON, TEH-RENAPUR, DISTT-LATUR, MAHARASHTRA-413523, have changed my minor daughter's name from TANISHKA GAIKWAD to TANISHKA RAMESHWAR GAIKWAD for all future purposes.

**NAME CHANGE**
I Nandni Kukreja W/o Bhola Nath Kukreja R/o G-3/12,3rd Floor, Opposite Krishna Mandir, Malviya Nagar,Delhi-110017, Have Changed My Name To Nandini Kukreja For All Further Purpose

**NAME CHANGE**
I Kum. Seema Kumari Sharma W/o Lalit Bhardwaj R/o H No-193 Near Dav School Sector-14 Gurgaon-122001 Haryana Have Changed My Name to Seema Bhardwaj For all Purpose

**NAME CHANGE**
I, Keshari Guddi Gulabchand W/O Prateek Garg R/O mohalla thakuran, near ekta public school, dadri, gautam buddha nagar, uttar pradesh -203207 Have Changed My name to Guddi Gulabchand keshari For all future purposes.

**NAME CHANGE**
I, Kasi Biswanath Behera Army No. JC673954L, Rank - SUB, S/o Harihar Behera Permanent Residing at Vill. & Post - Mathakaragola, P.S. / Tehsil - Kamakhyanagar, Dist - Dhenkanal, Pin -759024 State - Odisha Presently Residing at Unit - 5017 ASC Bn (MT), Kanchrapara Military Station, P. S. - Bizpur, Dist - North 24 Parganas, State - West Bengal have changed my name from Kasi Biswanath Behera to Kasi Bishwanath Behera for all future purposes. Vide Affidavit No. 24 Dated 07/11/2022 before 1st Class Judicial Magistrate at Barrackpore Court, North 24 Parganas (W.B) in presence of Ld. Advocate Golam Md. Nabi.

**NAME CHANGE**
I, KAMLESH W/o JC-492588X NB SUB BALBIR SINGH R/o VILL-NAGALA MOHAN, PO-PATLONI, TEH-MAHAVAN, DIST-MATHURA, UTTAR PRADESH-281301, have changed my name from KAMLESH to KAMLESH CHAUDHARY for all future purposes and in my husband's service records my date of birth wrongly mentioned as 20/07/1982 instead of my correct date of birth as 01/01/1985 vide affidavit dated 31/12/2022 before Notary Public, Delhi.

# ਪੀੜਤ ਨੇ ਪਤਨੀ ਦੇ ਕਾਰ ਮਾਰਨ ਵਾਲਿਆ 'ਤੇ ਪੁਲਿਸ ਵੱਲੋਂ ਕਾਰਵਾਈ ਨਾ ਕਰਨ ਦੇ ਲਾਏ ਦੋਸ਼

**ਜਲੰਧਰ, 10 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਸਲੇਮਪੁਰ ਮੁਸਲਮਾਨਾ ਵਾਸੀ ਵਿਅਕਤੀ ਨੇ ਗੁਆਢੀਆ ਦੇ ਜਵਾਈ ਵੱਲੋਂ ਉਸ ਦੀ ਪਤਨੀ ਨੂੰ ਜਾਨੋਂ ਮਾਰਨ ਦੇ ਇਰਾਦੇ ਨਾਲ ਕਾਰ ਮਾਰ ਕੇ ਗੰਭੀਰ ਜ਼ਖ਼ਮੀ ਕੀਤੇ ਜਾਣ ਦੇ ਮਾਮਲੇ 'ਚ ਥਾਣਾ ਡਵੀਜ਼ਨ ਨੰਬਰ ਇਕ ਦੇ ਥਾਣੇਦਾਰ ਵੱਲੋਂ ਕਾਰਵਾਈ ਨਾ ਕੀਤੇ ਜਾਣ ਦੇ ਦੋਸ਼ ਲਾਉਂਦਿਆ ਉੱਚ ਅਧਿਕਾਰੀਆ ਤੋਂ ਇਨਸਾਫ਼ ਦੀ ਮੰਗ ਕੀਤੀ ਹੈ। ਮੰਗਲਵਾਰ ਨੂੰ ਪ੍ਰੈੱਸ ਕਲੱਬ 'ਚ ਗੱਲਬਾਤ ਕਰਦਿਆ ਪੀੜਤ ਹਰਦੇਵ ਸਿੰਘ ਨੇ ਦੱਸਿਆ ਕਿ ਉਹ ਬਿਜਲੀ ਮਕੈਨਿਕ ਹੈ ਤੇ ਨਿੱਜੀ ਸਕੂਲ ਨਾਲ ਆਪਣੀ ਸਕੂਲੀ ਬੱਸ ਲਾਈ ਹੋਈ ਹੈ। ਉਹ ਆਪਣੀ ਸਕੂਲ ਬੱਸ ਘਰ ਨੇੜਲੀ ਖਾਲੀ ਥਾਂ 'ਤੇ ਲਾਉਂਦਾ ਆ ਰਿਹਾ ਹੈ। ਪਿਛਲੇ ਕੁਝ ਸਮੇਂ ਉਸਦੇ ਗੁਆਢ 'ਚ ਰਹਿੰਦੇ ਬਲਵਿੰਦਰ ਸਿੰਘ ਪਿੰਦਾ ਤੇ ਉਸ ਦੀ ਪਤਨੀ ਬਲਵਿੰਦਰ ਕੌਰ ਉਨ੍ਹਾਂ ਨਾਲ ਬੱਸ ਲੰਘਾਉਣ ਤੋਂ ਝਗੜਾ ਕਰਦੇ ਆ ਰਹੇ ਸਨ ਪਰ ਅਸੀਂ ਝਗੜਾ ਕਰਨਾ ਠੀਕ ਨਹੀਂ ਸਮਝਿਆ ਤੇ ਚੁੱਪਚਾਪ ਸੁਣਦੇ ਰਹੇ। ਹਰਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਤੇ ਜਵਾਈ ਜੋ ਕਿ ਮਹਿਤਪੁਰ ਨੇੜਲੇ ਕਿਸੇ ਪਿੰਡ ਦੇ ਵਸਨੀਕ ਹਨ ਅਤੇ ਜਰਮਨ ਤੋਂ ਆਏ ਹੋਏ ਹਨ, ਬਲਵਿੰਦਰ ਸਿੰਘ ਪਿੰਦਾ ਦੇ ਘਰ ਆ ਕੇ ਰਹਿਣ ਲੱਗ ਪਏ। ਇਸ ਦੌਰਾਨ ਫਿਰ ਉਨ੍ਹਾਂ ਨੇ ਬੱਸ ਲੰਘਾਉਣ ਤੋਂ ਸਾਡੇ ਨਾਲ ਝਗੜਾ ਕੀਤਾ ਜਦੋਂ ਅਸੀਂ ਕਿਹਾ ਕਿ ਬੱਸ ਲੰਘਾਉਣ ਨਾਲ ਅਸੀਂ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਕਰਦੇ ਤਾਂ ਉਨ੍ਹਾਂ ਨੇ ਧਮਕੀਆ ਦਿੱਤੀਆ ਕਿ ਤੁਹਾਡੀ ਬੱਸ ਨਹੀਂ ਲੰਘਣ ਦੇਣੀ ਜੋ ਮਰਜ਼ੀ ਹੋ ਜਾਏ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਜਵਾਈ



ਵਾਲੀ ਕਾਰ ਗਲੀ ਦੇ ਮੋੜ ਨੇੜੇ ਖੜ੍ਹੀ ਕਰਨੀ ਸ਼ੁਰੂ ਕਰ ਦਿੱਤੀ, ਜਿਸ ਨਾਲ ਬੱਸ ਮੋੜਨ 'ਚ ਵੀ ਸਮੱਸਿਆ ਆ ਰਹੀ ਸੀ। ਜਦੋਂ ਅਸੀਂ ਕਾਰ ਉਥੋਂ ਹਟਾਉਣ ਲਈ ਕਿਹਾ ਤਾਂ ਉਨ੍ਹਾਂ ਨੇ ਸਾਨੂੰ ਧਮਕੀਆ ਦਿੱਤੀਆ ਕਿ ਜੇਕਰ ਤੁਸੀਂ ਸਾਡੇ ਗੱਡੀ ਦੇ ਸਾਹਮਣੇ ਆ ਗਏ ਤਾਂ ਜਾਨੋਂ ਮਾਰ ਦਿਆਗੇ। ਹਰਦੇਵ ਸਿੰਘ ਨੇ ਦੱਸਿਆ ਕਿ 25 ਜੁਲਾਈ ਨੂੰ ਸਵੇਰੇ 11 ਵਜੇ ਦੇ ਕਰੀਬ ਉਸ ਦੀ ਪਤਨੀ ਨਰਿੰਦਰਜੀਤ ਕੌਰ ਘਰੋਂ ਬਾਹਰ ਨਿਕਲੀ ਤਾਂ ਗੁਆਢੀਆ ਦਾ ਜਵਾਈ ਤੇ ਧੀ ਕਾਰ 'ਚ ਚੱਲੇ ਸਨ ਜਦੋਂ ਉਨ੍ਹਾਂ ਨੇ ਨਰਿੰਦਰਜੀਤ ਕੌਰ ਨੂੰ ਦੇਖਿਆ ਤਾਂ ਕਾਰ ਨਾਲ ਉਸ ਦੇ ਜ਼ੋਰਦਾਰ ਟੱਕਰ ਮਾਰ ਦਿੱਤੀ। ਟੱਕਰ ਵੱਜਣ ਨਾਲ ਉਸ ਦੀ ਪਤਨੀ ਗਲੀ 'ਚ ਡਿੱਗ ਗਈ । ਗੱਡੀ ਵੱਜਣ ਦੀ ਆਵਾਜ਼ ਸੁਣ ਕੇ ਉਹ ਬਾਹਰ ਨਿਕਲੇ ਤਾਂ ਉਸ ਦੀ ਪਤਨੀ ਗਲੀ 'ਚ ਬੇਹੋਸ਼ ਪਈ ਸੀ ਤੇ ਸਿਰ ਦੇ ਪਿਛਲੇ ਪਾਸਿਓਂ ਖ਼ੂਨ ਨਿਕਲ ਰਿਹਾ ਸੀ। ਟੱਕਰ ਮਾਰਨ ਤੋਂ ਬਾਅਦ ਬਲਵਿੰਦਰ ਸਿੰਘ ਪਿੰਦਾ ਦੇ ਧੀ ਤੇ ਜਵਾਈ ਨੇ ਗਲਤੀ ਮੰਨਣ ਦੀ ਬਜਾਏ ਉਲਟਾ ਝਗੜਾ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਝਗੜਨ ਦੀ ਬਜਾਏ ਆਪਣੀ ਪਤਨੀ ਨੂੰ ਆਪਣੀ ਧੀ ਦੀ ਸਹਾਇਤਾ ਨਾਲ ਮੋਟਰਸਾਈਕਲ 'ਤੇ ਬਿਠਾਇਆ ਤੇ ਦੋਵੇਂ ਪਿਓ-ਧੀ ਨਰਿੰਦਰਜੀਤ ਕੌਰ ਨੂੰ ਸਿਵਲ ਹਸਪਤਾਲ ਲੈ ਗਏ। ਜਿੱਥੇ ਡਾਕਟਰ ਨੇ ਉਸ ਦੇ ਸਿਰ ਪਿੱਛੇ ਲੱਗੀ ਸੱਟ 'ਤੇ 7 ਦੇ ਕਰੀਬ ਟਾਂਕੇ ਲਾਏ। ਇਸ ਦੇ ਨਾਲ ਹੀ ਹਸਪਤਾਲ 'ਚ ਡਾਕਟਰ ਵੱਲੋਂ ਤਿਆਰ ਕੀਤੀ ਗਈ ਮੈਡੀਕਲ ਰਿਪੋਰਟ 'ਚ ਲਿਖਿਆ ਗਿਆ ਹੈ ਕਿ ਸੱਟ ਲੱਗਣ ਨਾਲ ਸਿਰ ਦੀ ਹੱਡੀ 'ਚ ਵੀ ਕਰੈਕ ਆਇਆ ਹੈ। ਉਸ ਨੇ ਉਕਤ ਮਾਮਲੇ ਦੀ ਸ਼ਿਕਾਇਤ ਥਾਣਾ ਨੰਬਰ ਇਕ 'ਚ ਦਿੱਤੀ ਤਾਂ ਏਐੱਸਆਈ ਪਲਵਿੰਦਰ ਸਿੰਘ ਜਾਂਚ ਦਿੱਤੀ ਗਈ। ਉਸ ਦਿਨ ਤੋਂ ਲੈ ਕੇ ਉਹ ਕਈ ਵਾਰ ਏਐੱਸਆਈ ਨੂੰ ਕਾਰਵਾਈ ਕਰਨ ਲਈ ਕਹਿ ਚੁੱਕੇ ਹਨ ਪਰ ਉਲਟਾ ਏਐੱਸਆਈ ਉਨ੍ਹਾਂ ਨੂੰ ਦੋਸ਼ੀ ਠਹਿਰਾ ਕੇ ਦੂਜੀ ਧਿਰ ਨੂੰ ਸਹੀ ਠਹਿਰਾ ਰਿਹਾ ਹੈ। ਹਾਲਾਂਕਿ ਗਲੀ ਦੇ ਲੋਕਾਂ ਨੇ ਮੌਕਾ ਵੇਖਣ ਆਏ ਏਐੱਸਆਈ ਨੂੰ ਦੱਸਿਆ ਕਿ ਬਲਵਿੰਦਰ ਸਿੰਘ ਪਿੰਦਾ ਤੇ ਉਸ ਦੀ ਪਤਨੀ ਬਲਵਿੰਦਰ ਕੌਰ ਇਨ੍ਹਾਂ ਨਾਲ ਝਗੜਾ ਕਰਦੇ ਰਹਿੰਦੇ ਹਨ। ਹਰਦੇਵ ਸਿੰਘ ਨੇ ਕਿਹਾ ਕਿ ਉਕਤ ਘਟਨਾ ਦੀਆ ਉਨ੍ਹਾਂ ਵੀਡੀਓ ਮੌਜੂਦ ਹਨ ਜੋ ਕਿ ਪੁਲਿਸ ਨੂੰ ਵੀ ਦਿਖਾਈਆ ਗਈਆ ਪਰ ਏਐੱਸਆਈ ਨੇ ਕੋਈ ਕਾਰਵਾਈ ਨਹੀਂ ਕੀਤੀ ਬਲਕਿ ਦੂਜੀ ਧਿਰ ਦੇ ਜਵਾਈ ਨੂੰ ਉਥੋਂ ਖਿਸਕਾ ਦਿੱਤਾ ਹੈ। ਉਨ੍ਹਾਂ ਉੱਚ ਅਧਿਕਾਰੀਆ ਤੋਂ ਮੰਗ ਕੀਤੀ ਕਿ ਉਨ੍ਹਾਂ ਨੂੰ ਇਨਸਾਫ਼ ਦਿੱਤਾ ਜਾਵੇ ਅਤੇ ਉਸ ਦੀ ਪਤਨੀ ਨੂੰ ਗੱਡੀ ਮਾਰਨ ਵਾਲਿਆ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਹਰਦੇਵ ਸਿੰਘ ਨੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਥਾਣੇ 'ਚੋਂ ਇਨਸਾਫ਼ ਨਾ ਮਿਲਿਆ ਤਾਂ ਉਹ ਉੱਚ ਅਧਿਕਾਰੀਆ ਨੂੰ ਵੀ ਮਿਲ ਕੇ ਇਨਸਾਫ਼ ਦੀ ਮੰਗ ਕਰਨਗੇ।

ਉਸ ਦੀ ਪਤਨੀ 8-9 ਦਿਨ ਹਸਪਤਾਲ ਰਹੀ। ਦੂਜੇ ਪਾਸੇ ਏਐੱਸਆਈ ਨਾਲ ਗੱਲਬਾਤ ਕੀਤੀ ਗਈ ਅਤੇ ਉਸਨੇ ਕਿਹਾ ਕਿ ਉਹ ਅਦਾਲਤੀ ਕੰਮਾਂ ਵਿਚ ਵਿਅਸਤ ਸੀ ਤੇ ਜਲਦੀ ਹੀ ਬਣਦੀ ਕਾਰਵਾਈ ਕੀਤੀ ਜਾਵੇਗੀ

# ਨਸ਼ੀਲੀਆਂ ਗੋਲੀਆਂ ਸਮੇਤ ਮੁਲਜ਼ਮ ਕਾਬੂ

**ਮਾਛੀਵਾੜਾ ਸਾਹਿਬ, 10 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਪੁਲਸ ਨੇ 120 ਨਸ਼ੀਲੀਆਂ ਗੋਲੀਆਂ ਸਮੇਤ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਕੇ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਪ੍ਰੇਮ ਨਾਥ ਵਾਸੀ ਖਾਨਪੁਰ ਮੰਡ ਵਜੋਂ ਹੋਈ ਹੈ। ਥਾਣਾ ਮੁਖੀ ਸਬ-ਇੰਸਪੈਕਟਰ ਪਵਿੱਤਰ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਮਾਛੀਵਾੜਾ ਖਾਮ ਤੋਂ ਖਾਨਪੁਰ ਮੰਡ ਨੂੰ ਜਾਂਦੀ ਸੜਕ 'ਤੇ ਗਸ਼ਤ ਕੀਤੀ ਜਾ ਰਹੀ ਸੀ । ਸ਼ੱਕ ਦੇ ਆਧਾਰ 'ਤੇ ਉਕਤ ਵਿਅਕਤੀ ਨੂੰ ਜਾਂਚ ਲਈ ਗ੍ਰਿਫ਼ਤਾਰ ਕੀਤਾ ਗਿਆ, ਉਸ ਕੋਲੋਂ 120 ਗੋਲੀਆਂ ਨਸ਼ੀਲੀਆਂ ਬਰਾਮਦ ਹੋਈਆਂ। ਪੁਲਸ ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ ।

# ਪ੍ਰੋਜੈਕਟ ਤਹਿਤ ਕਰੀਬ 25 ਲੱਖ ਰੁਪਏ ਕੀਤੇ ਜਾਣਗੇ ਖਰਚ

**ਲੁਧਿਆਣਾ, 10 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**



ਹਲਕੇ ਨੂੰ ਸਾਫ-ਸੁੱਥਰਾ ਅਤੇ ਸਵੱਛ ਵਾਤਾਵਰਣ ਮੁਹੱਈਆ ਕਰਵਾਉਣ ਦੇ ਮੰਤਵ ਨਾਲ, ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਮਦਨ ਲਾਲ ਬੱਗਾ ਦੀ ਅਗਵਾਈ ਵਿੱਚ ਸਥਾਨਕ ਪਿੰਕ ਪਲਾਜ਼ਾ ਮਾਰਕੀਟ, ਚੌੜਾ ਬਾਜਾਰ ਵਿਖੇ ਪਖਾਨਿਆਂ ਦੇ ਨਿਰਮਾਣ ਕਾਰਜ਼ਾਂ ਦੀ ਸ਼ੁਰੂਆਤ ਕੀਤੀ ਗਈ।

ਵਿਧਾਇਕ ਬੱਗਾ ਨੇ ਦੱਸਿਆ ਕਿ ਸਥਾਨਕ ਮਾਰਕੀਟ ਅਤੇ ਆਮ ਲੋਕਾਂ ਦੀ ਚਿਰੋਕਣੀ ਮੰਗ ਨੂੰ ਬੂਰ ਪਿਆ ਹੈ। ਦੁਕਾਨਦਾਰਾਂ ਅਤੇ ਗਾਹਕਾਂ ਜਿਨ੍ਹਾਂ ਵਿੱਚ ਔਰਤਾਂ ਤੇ ਬੱਚਿਆਂ ਨੂੰ ਨਜਦੀਕ ਪਖਾਨੇ ਨਾ ਹੋਣ ਕਰਕੇ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨ ਪੈਂਦਾ ਸੀ ਅਤੇ ਹੁਣ ਇਨ੍ਹਾਂ ਪਖਾਨਿਆਂ ਦੇ ਨਿਰਮਾਣ ਕਾਰਜ ਮੁਕੰਮਲ ਹੋਣ ਤੋਂ ਬਾਅਦ ਰਾਹਤ ਮਿਲੇਗੀ। ਵਿਧਾਇਕ ਬੱਗਾ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਕਰੀਬ 25 ਲੱਖ ਰੁਪਏ ਖਰਚ ਕੀਤੇ ਜਾਣਗੇ।

ਸਥਾਨਕ ਮਾਰਕੀਟ ਦੇ ਦੁਕਾਨਦਾਰਾਂ ਵੱਲੋਂ ਵਿਧਾਇਕ ਬੱਗਾ ਦੇ ਇਸ ਨੇਕ ਕਾਰਜ਼ ਦੀ ਸ਼ਲਾਘਾ ਕਰਦਿਆਂ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਚੌੜਾ ਬਾਜ਼ਾਰ ਸ਼ਹਿਰ ਦੀ ਸਭ ਤੋਂ ਪੁਰਾਣੀ ਅਤੇ ਪ੍ਰਮੁੱਖ ਮਾਰਕੀਟ ਹੈ ਜਿੱਥੇ ਦੂਰ-ਦੁਰਾਡੇ ਦੇ ਸ਼ਹਿਰਾਂ ਅਤੇ ਕਸਬਿਆਂ ਵਿੱਚੋਂ ਵਪਾਰੀ ਵਰਗ ਅਤੇ ਆਮ ਲੋਕ ਖਰੀਦ-ਫਰੋਖਤ ਕਰਨ ਆਉਂਦੇ ਹਨ, ਨੂੰ ਵੀ ਇਸ ਸਹੂਲਤ ਦਾ ਲਾਭ ਮਿਲੇਗਾ।

ਵਿਧਾਇਕ ਮਦਨ ਲਾਲ ਬੱਗਾ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਸਵੱਛ ਤੇ ਹਰਿਆ ਭਰਿਆ ਵਾਤਾਵਰਣ, ਮਿਆਰੀ ਸਿੱਖਿਆ, ਸਿਹਤ ਅਤੇ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ।

# ਉਦਯੋਗਿਕ ਖੇਤਰ ਵਿਚ ਵਾਧਾ ਕਰਨ ਤਹਿਤ ਪੰਜਾਬ ਸਰਕਾਰ ਕਰ ਰਹੀ ਪਹਿਲਕਦਮੀਆਂ- ਨਰਿੰਦਰ ਪਾਲ ਸਿੰਘ ਸਵਨਾ



**ਫਾਜ਼ਿਲਕਾ, 10 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਇੰਡਸਟਰੀ ਨੂੰ ਵਧਾਵਾ ਦੇਣ ਅਤੇ ਉਦਯੋਗਪਤੀਆਂ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜ਼ੋ ਸੂਬੇ ਨੂੰ ਵਿਕਾਸ ਦੀਆਂ ਲੀਹਾਂ ਵੱਲ ਲਿਜਾਈਆ ਜਾ ਸਕੇ। ਵਿਧਾਇਕ ਫਾਜ਼ਿਲਕਾ ਸ. ਨਰਿੰਦਰ ਪਾਲ ਸਿੰਘ ਸਵਨਾ ਅਤੇ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰਾਕੇਸ਼ ਕੁਮਾਰ ਪੋਪਲੀ ਵੱਲੋਂ ਦਫਤਰ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ ਫਾਜ਼ਿਲਕਾ ਵਿਖੇ ਉਦਯੋਗਪਤੀਆਂ ਅਤੇ ਸ਼ੈਲਰ ਮਾਲਿਕਾਂ ਨਾਲ ਮੀਟਿੰਗ ਕੀਤੀ ਗਈ।

ਮੀਟਿੰਗ ਵਿੱਚ ਵਿਧਾਇਕ ਫਾਜ਼ਿਲਕਾ ਸ੍ਰੀ ਸਵਨਾ ਨੇ ਹਾਜ਼ਰੀਨ ਨੂੰ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਗਈਆਂ ਸਕੀਮਾਂ ਪ੍ਰਧਾਨਮੰਤਰੀ ਰੁਜ਼ਗਾਰ ਉਤਪੱਤੀ ਸਕੀਮ, ਵਿਸ਼ਵਕਰਮਾ ਯੋਜਨਾ, ਪੰਜਾਬ ਉਦਯੋਗਿਕ ਪਾਲਸੀ-2022, ਐਮ.ਐਸ.ਈ.ਸੀ.ਡੀ.ਪੀ ਅਤੇ ਗ੍ਰੀਨ ਸਟੈਂਪ ਪੇਪਰ ਸਮੇਤ ਹੋਰ ਸਕੀਮਾਂ ਤੋਂ ਜਾਣੂ ਕਰਵਾਇਆ ਗਿਆ।ਉਨ੍ਹਾਂ ਕਿਹਾ ਕਿ ਉਦਮੀਆਂ ਨੂੰ ਪ੍ਰਫੁਲਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਸਕੀਮਾਂ ਚਲਾਈਆਂ ਗਈਆਂ ਹਨ।ਉਨ੍ਹਾਂ ਉਦਮੀਆਂ ਤੋਂ ਵੀ ਸੁਝਾਅ ਮੰਗੇ ਕਿ ਜਿਲ੍ਹੇ ਅੰਦਰ ਹੋਰ ਕਿਹੜੇ ਕਿਹੜੇ ਪ੍ਰੋਜੈਕਟ ਅਤੇ ਉਦਯੋਗ ਲਿਆਂਦੇ ਜਾ ਸਕਦੇ ਹਨ।

ਵਿਧਾਇਕ ਫਾਜ਼ਿਲਕਾ ਨੇ ਕਿਹਾ ਕਿ ਕਿਸੇ ਵੀ ਉਦਯੋਗਪਤੀ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਗਈਆਂ ਸਕੀਮਾਂ ਦਾ ਲਾਹਾ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਉਦਯੋਗਪਤੀਆਂ ਤੋਂ ਇਲਾਵਾ ਆਮ ਲੋਕਾਂ ਨੂੰ ਸਾਫ ਸੁੱਥਰਾ ਪ੍ਰਸ਼ਾਸਨ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਵੱਲੋਂ ਹਾਜ਼ਰੀਨ ਉਦਯੋਗਪਤੀਆਂ ਨੂੰ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਪੰਜਾਬ ਹਰਿਆਵਲ ਮੁਹਿੰਮ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ ਅਤੇ ਆਪਣੀ ਇੰਡਸਟਰੀ ਵਿੱਚ ਬੂਟੇ ਲਗਾ ਕੇ ਪੰਜਾਬ ਨੂੰ ਹਰਾ ਭਰਾ ਕਰਨ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ ਗਿਆ।

ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਰਾਕੇਸ਼ ਕੁਮਾਰ ਪੋਪਲੀ ਨੇ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ ਵੱਲੋਂ ਮੁਖ ਮੰਤਰੀ ਪੰਜਾਬ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਜਿਲ੍ਹੇ ਵਿੱਚ ਉਦਯੋਗਾਂ ਨੂੰ ਪ੍ਰਫੁੱਲਿਤ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਉਦਯੋਗਪਤੀਆਂ ਨੂੰ ਪੰਜਾਬ ਸਰਕਾਰ ਦੀਆਂ ਸਕੀਮਾਂ ਤੋਂ ਜਾਣੂ ਕਰਵਾਉਂਦੇ ਹੋਏ ਲਾਹਾ ਦਿੱਤਾ ਜਾ ਰਿਹਾ ਹੈ।

ਇਸ ਮੌਕੇ ਸ. ਜਸਵਿੰਦਰ ਪਾਲ ਸਿੰਘ ਜਨਰਲ ਮੈਨੇਜਰ ਵੱਲੋਂ ਵਿਧਾਇਕ ਫਾਜ਼ਿਲਕਾ ਸ. ਨਰਿੰਦਰ ਪਾਲ ਸਿੰਘ ਸਵਨਾ ਅਤੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਰਾਕੇਸ਼ ਕੁਮਾਰ ਪੋਪਲੀ ਨੂੰ ਜੀ ਆਇਆ ਆਖਿਆ ਗਿਆ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਪੰਜਾਬ ਉਦਯੋਗਿਕ ਪਾਲਿਸੀ ਤਹਿਤ ਫਾਜ਼ਿਲਕਾ ਜਿਲ੍ਹੇ ਵਿੱਚ ਨਵੀਂ ਇੰਡਸਟਰੀ ਸਥਾਪਤ ਕਰਨ ਤੇ ਵੱਖ ਵੱਖ ਤਰ੍ਹਾਂ ਦੇ ਇੰਨਸੈਟਿਵ ਦਿੱਤੇ ਜਾਂਦੇ ਹਨ ਜਿਸ ਵਿੱਚ ਰਜਿਸਟਰੀ ਕਰਵਾਉਣ ਤੇ ਲੱਗਣ ਵਾਲੇ ਅਸ਼ਟਾਮ ਖਰਚੇ ਤੇ ਮੁਆਫੀ, ਇਲੈਕਟ੍ਰਿਕਸਿਟੀ ਡਿਊਟੀ ਅਤੇ ਜੀ.ਐਸ.ਟੀ ਮਾਫੀ ਸਮੇਤ ਕਈ ਤਰ੍ਹਾਂ ਦੀ ਸਬਸਿਡੀਆਂ ਸ਼ਾਮਲ ਹਨ। ਜਨਰਲ ਮੈਨੇਜਰ ਜੀ ਵੱਲੋਂ ਪ੍ਰਧਾਨਮੰਤਰੀ ਰੁਜ਼ਗਾਰ ਉਤਪੱਤੀ ਸਕੀਮ ਅਤੇ ਪੀ.ਐਮ ਵਿਸ਼ਵਕਰਮਾ ਸਕੀਮ ਤੋਂ ਵੀ ਜਾਣੂ ਕਰਵਾਇਆ ਗਿਆ। ਮੀਟਿੰਗ ਵਿੱਚ ਵੱਖ ਵੱਖ ਉਦਯੋਗਪਤੀ ਅਤੇ ਪਤਵੰਤੇ ਸੱਜਣ ਹਾਜ਼ਰ ਹੋਏ।

# ਵਣ ਮਹਾਂਉਤਸਵ ਮਨਾਉਂਦਿਆਂ ਕੈਬਨਿਟ ਮੰਤਰੀ ਧਾਲੀਵਾਲ ਅਤੇ ਈਟੀਓ ਨੇ ਲਗਾਏ ਜਨਤਕ ਸਥਾਨਾਂ ਉੱਤੇ ਬੂਟੇ

**ਅੰਮ੍ਰਿਤਸਰ, 10 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮਨਾਏ ਗਏ ਰਾਜ ਪੱਧਰੀ ਵਣ ਮਹਾਂ ਉਤਸਵ ਦੇ ਮੌਕੇ ਉੱਤੇ ਅੱਜ ਅੰਮ੍ਰਿਤਸਰ ਜ਼ਿਲ੍ਹੇ ਦੇ ਪੰਜਾਬ ਸਰਕਾਰ ਵਿੱਚ ਕੈਬਨਿਟ ਮੰਤਰੀਆਂ ਸ ਕੁਲਦੀਪ ਸਿੰਘ ਧਾਲੀਵਾਲ ਅਤੇ ਸ ਹਰਭਜਨ ਸਿੰਘ ਈਟੀਓ ਨੇ ਆਪੋ ਆਪਣੇ ਹਲਕਿਆਂ ਦੇ ਵਿੱਚ ਲੋਕਾਂ ਨਾਲ ਮਿਲ ਕੇ ਜਨਤਕ ਸਥਾਨਾਂ ਉੱਤੇ ਬੂਟੇ ਲਗਾਏ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਤ ਕੀਤਾ।

ਕੈਬਨਿਟ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ ਨੇ ਆਪਣੇ ਹਲਕੇ ਦੇ ਗੁਰੂ ਘਰ ਮਹਿਰ ਬੁਖਾਰੀ ਵਿਖੇ ਬੂਟੇ ਲਗਾਏ ਅਤੇ ਐਲਾਨ ਕੀਤਾ ਕਿ 15 ਅਗਸਤ ਤੋਂ ਪਹਿਲਾਂ-ਪਹਿਲਾਂ ਉਹ ਅਜਨਾਲਾ ਹਲਕੇ ਵਿੱਚ ਡੇਢ ਲੱਖ ਦੇ ਕਰੀਬ ਬੂਟੇ ਲਗਾਉਣਗੇ। ਉਹਨਾਂ ਨੇ ਲੋਕਾਂ ਨੂੰ ਵੀ ਵੱਧ ਤੋਂ ਵੱਧ ਦਰਖਤ ਆਪਣੇ ਘਰਾਂ ਅਤੇ ਖੇਤਾਂ ਵਿੱਚ ਲਗਾਉਣ ਲਈ ਪ੍ਰੇਰਿਆ। ਸ ਧਾਲੀਵਾਲ ਨੇ ਕਿਹਾ ਕਿ ਅਸੀਂ ਸਰਕਾਰੀ ਸਥਾਨਾਂ ਉੱਤੇ ਬੀਤੇ ਦਿਨਾਂ ਤੋਂ ਬੂਟੇ ਲਗਾ ਰਹੇ ਹਾਂ ਅਤੇ ਹੁਣ ਤੱਕ ਇਕ ਲੱਖ ਤੋਂ ਵੱਧ ਬੂਟੇ ਲਾ ਚੁੱਕੇ ਹਾਂ।

ਉਹਨਾਂ ਲੋਕਾਂ ਨੂੰ ਕਿਹਾ ਕਿ ਉਹ ਆਪਣੀਆਂ ਮੋਟਰਾਂ ਉੱਤੇ ਘੱਟੋ ਘੱਟ ਪੰਜ ਪੰਜ ਦਰਖਤ ਜਰੂਰ ਲਗਾਉਣ। ਇਸ ਮੌਕੇ ਐਸ.ਡੀ.ਐਮ ਅਜਨਾਲਾ ਅਰਵਿੰਦਰਪਾਲ ਸਿੰਘ, ਤਹਿਸੀਲਦਾਰ ਲਛਮਣ ਸਿੰਘ, ਨਗਰ ਪੰਚਾਇਤ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਸ਼ਹਿਰੀ ਪ੍ਰਧਾਨ ਅਮਿਤ ਔਲ, ਬਾਬਾ ਜੋਗਾ ਸਿੰਘ, ਰਾਜਬੀਰ ਸਿੰਘ ਤੇ ਹੋਰ ਸ਼ਖਸ਼ੀਅਤਾਂ ਮੌਜੂਦ ਸਨ।

ਇਸੇ ਤਰ੍ਹਾਂ ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈਟੀਓ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿਆਸ ਵਿਖੇ ਬੂਟੇ ਲਗਾ ਕੇ ਵਣ ਮਹਾਂਉਤਸਵ ਮਨਾਇਆ ਅਤੇ ਬੱਚਿਆਂ ਤੇ ਅਧਿਆਪਕਾਂ ਨੂੰ ਨਾਲ ਲੈ ਕੇ ਬੂਟੇ ਲਗਾਏ। ਉਹਨਾਂ ਨੇ ਇਸ ਮੌਕੇ ਪੰਜਾਬ ਨੂੰ ਹਰਿਆ ਭਰਿਆ ਬਣਾਉਣ ਅਤੇ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਸ਼ੁੱਧ ਵਾਤਾਵਰਨ ਦੇਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਆ।

ਸ ਹਰਭਜਨ ਸਿੰਘ ਨੇ ਕਿਹਾ ਕਿ ਸਾਡੀ ਕੋਸ਼ਿਸ਼ ਪੰਜਾਬ ਵਿੱਚ ਆਉਂਦੇ ਸਾਲਾਂ ਤੱਕ ਵਾਤਾਵਰਨ ਦੀ ਇਸ ਸਮੱਸਿਆ ਨੂੰ ਜੜੋਂ ਖਤਮ ਕਰਨ ਦੀ ਹੈ ਅਤੇ ਪ੍ਰਦੂਸ਼ਣ ਘੱਟ ਕਰਨ ਲਈ ਵੱਧ ਤੋਂ ਵੱਧ ਬੂਟੇ ਲਗਾ ਰਹੇ ਹਾਂ। ਸੋ ਅਸੀਂ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਲੋਕ ਇਸ ਮੁਹਿੰਮ ਦਾ ਹਿੱਸਾ ਬਣਨ ਅਤੇ ਵੱਧ ਤੋਂ ਵੱਧ ਬੂਟੇ ਲਗਾਉਣ ਤੇ ਉਹਨਾਂ ਦੀ ਸਾਂਭ ਸੰਭਾਲ ਕਰਨ।

# ਵੱਧ ਤੋਂ ਵੱਧ ਪੌਦੇ ਲਗਾਉਣਾ ਸਮੇਂ ਦੀ ਲੋੜ- ਵਿਧਾਇਕ ਮਾਲੇਰਕੋਟਲਾ



**ਮਲੇਰਕੋਟਲਾ, 10 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅੱਜ ਮਨਾਏ ਗਏ 73ਵੇਂ ਰਾਜ ਪੱਧਰੀ ਵਣ ਮਹਾਂਉਤਸਵ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਫ਼ਤਰ ਡਿਪਟੀ ਕਮਿਸ਼ਨਰ ਵਿਖੇ ਫੁੱਲਦਾਰ, ਫਲਦਾਰ, ਛਾਂਦਾਰ ,ਸਜਾਵਟੀ ਬੂਟੇ ਲਗਾਕੇ ਮਨਾਇਆ ਗਿਆ। ਇਸ ਮੌਕੇ ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ,ਡਿਪਟੀ ਕਮਿਸ਼ਨਰ ਡਾ ਪੱਲਵੀ ਅਤੇ ਐਸ.ਐਸ.ਪੀ. ਸ੍ਰੀ ਗਗਨ ਅਜੀਤ ਸਿੰਘ ਵਲੋਂ ਫੱਲਦਾਰ ਬੂਟੇ ਲਗਾਏ ਗਏ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰਾਜਪਾਲ ਸਿੰਘ,ਐਸ.ਡੀ.ਐਮ.ਮਾਲੇਰਕੋਟਲਾ ਸ੍ਰੀਮਤੀ ਅਪਰਨਾ ਐਮ.ਬੀ.,ਐਸ.ਡੀ.ਐਮ. ਸ੍ਰੀ ਗੁਰਮੀਤ ਕੁਮਾਰ ਬਾਂਸਲ, ਵਿਧਾਇਕ ਮਾਲੇਰਕੋਟਲਾ ਦੀ ਪਤਨੀ ਬੀਬੀ ਫਰਿਆਲ ਰਹਿਮਾਨ, ਸ੍ਰੀ ਗੁਰਮੁੱਖ ਸਿੰਘ, ਯਾਸਰ ਅਲੀ,ਅਬਦੁੱਲ ਹਲੀਮ ਤੋਂ ਇਲਾਵਾ ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਸ਼ੌਕਤ ਅਲੀ ਵੀ ਮੌਜੂਦ ਸਨ ।

ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਨੇ ਕਿਹਾ ਕਿ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਅਤੇ ਪ੍ਰਦੂਸ਼ਣ ਮੁਕਤ ਰੱਖਣ ਦੇ ਮੰਤਵ ਨਾਲ ਸਰਦਾਰ ਭਗੰਵਤ ਸਿੰਘ ਮਾਨ ਦੀ ਅਗਵਾਈ ਵਿੱਚ ਆਰੰਭੀ ਮੁਹਿੰਮ ਗ੍ਰੀਨ ਪੰਜਾਬ ਮਿਸ਼ਨ ਤਹਿਤ ਸੂਬੇ ਭਰ ਵਿੱਚ ਰੁੱਖ ਲਗਾਏ ਜਾ ਰਹੇ ਤਾਂ ਜੋ ਹਰਿਆਲੀ ਨੂੰ ਬਰਕਾਰ ਰੱਖਦੇ ਹੋਏ ਜਲਵਾਯੂ ਪਰਿਵਰਤਨ ਨਾਲ ਨਜਿੱਠਿਆ ਜਾ ਸਕੇ । ਉਨ੍ਹਾਂ ਕਿਹਾ ਕਿ ਜਲਵਾਯੂ ਪਰਿਵਰਤਨ ਦਾ ਮੁੱਖ ਕਾਰਨ ਮੁਨੱਖਾਂ ਵਲੋਂ ਤੇਜੀ ਨਾਲ ਕੀਤੀ ਜਾ ਰਹੀ ਕਟਾਈ ਹੈ । ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਜਦੋ ਅਸੀਂ ਆਪਣੇ ਗੁਰੂਆਂ ਪੀਰਾਂ ਦੀਆਂ ਸਿੱਖਿਆਵਾਂ ਉੱਤੇ ਚੱਲਦੇ ਹੋਏ ਸੂਬੇ ਦੇ ਵਾਤਾਵਰਣ ਨੂੰ ਬਚਾਉਣ ਲਈ ਆਪਣੀ ਨੈਤਿਕ, ਸਮਾਜਿਕ ਜਿੰਮੇਵਾਰੀ ਸਮਝਕੇ ਪੌਦੇ ਲਗਾਉਣ ਦੀ ਮੁਹਿੰਮ ਨੂੰ ਲੋਕ ਲਹਿਰ ਵਿੱਚ ਤਬਦੀਲ ਕਰੀਏ । ਉਨ੍ਹਾਂ ਜ਼ਿਲ੍ਹੇ ਦੀ ਆਵਾਮ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਬੂਟੇ ਲਗਾਕੇ ਵਾਤਾਵਰਣ ਨੂੰ ਭਵਿੱਖ ਲਈ ਸੁਰੱਖਿਅਤ ਕਰਨ

# ਵਿਧਾਇਕ ਫਾਜ਼ਿਲਕਾ ਤੇ ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਲਗਾਏ ਪੌਦੇ



**ਫਾਜ਼ਿਲਕਾ, 10 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹਰਿਆ ਭਰਿਆ ਤੇ ਪ੍ਰਦੂਸ਼ਣ ਮੁਕਤ ਪੰਜਾਬ ਬਣਾਉਣ ਲਈ ਪੂਰੇ ਸੂਬੇ ਅੰਦਰ ਵਣ ਮਹਾਂ-ਉਤਸਵ ਮਨਾਇਆ ਗਿਆ। ਇਸੇ ਤਹਿਤ ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਅਤੇ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰਾਕੇਸ਼ ਕੁਮਾਰ ਪੋਪਲੀ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬੂਟੇ ਲਗਾਏ ਗਏ ਅਤੇ ਬੂਟਿਆਂ ਦੀ ਸਾਂਭ-ਸੰਭਾਲ ਪ੍ਰਤੀ ਸਾਰਿਆਂ ਨੂੰ ਪ੍ਰੇਰਿਤ ਕੀਤਾ ਗਿਆ।

ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਸ਼ੁਰੂ ਕੀਤੀ ਗਈ ਸ਼ਹੀਦ-ਏ-ਆਜਮ ਸ. ਭਗਤ ਸਿੰਘ ਹਰਿਆਵਲ ਲਹਿਰ ਤਹਿਤ ਵੱਧ ਤੋਂ ਵੱਧ ਬੂਟੇ ਲਗਾਏ ਜਾ ਰਹੇ ਹਨ ਤਾਂ ਜੋ ਸਾਡਾ ਵਾਤਾਵਰਣ ਪ੍ਰਦੂਸ਼ਣ ਅਤੇ ਬਿਮਾਰੀਆਂ ਮੁਕਤ ਬਣ ਸਕੇ। ਉਨ੍ਹਾਂ ਕਿਹਾ ਕਿ ਬੂਟੇ ਲਗਾਉਣ ਨਾਲ ਆਲਾ-ਦੁਆਲਾ ਵੀ ਹਰਿਆ-ਭਰਿਆ ਹੁੰਦਾ ਹੈ ਤੇ ਸਾਨੂੰ ਸ਼ੁੱਧ ਤੇ ਸਾਫ ਹਵਾ ਵੀ ਮਿਲਦੀ ਹੈ।

ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਵਣ ਮਹਾਂ-ਉਤਸਵ ਮੁਹਿੰਮ ਤਹਿਤ ਮੁਫ਼ਤ ਬੂਟਿਆਂ ਦੀ ਵੰਡ ਕੀਤੀ ਜਾ ਰਹੀ ਹੈ ਤਾਂ ਜੋ ਹਰੇਕ ਵਿਕਅਤੀ ਆਪਣਾ ਫਰਜ ਸਮਝਦੇ ਹੋਏ ਬੂਟਾ ਲਗਾਵੇ ਤੇ ਉਸਦੀ ਸਾਂਭ-ਸੰਭਾਲ ਕਰੇ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਅਧੀਨ ਸਮੂਹ ਵਿਭਾਗ, ਸਕੂਲ, ਸਮਾਜ ਸੇਵੀ ਸੰਸਥਾਵਾਂ ਮਿਲਜੁਲ ਕੇ ਕੰਮ ਕਰ ਰਹੇ ਹਨ ਤੇ ਆਪਣੇ ਆਲੇ-ਦੁਆਲੇ ਨੂੰ ਸ਼ੁੱਧ ਰੱਖਣ ਵਿਚ ਕਾਮਯਾਬ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਜੋ ਵੀ ਬੂਟੇ ਲਗਾਉਣ ਦੇ ਚਾਹਵਾਨ ਹਨ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਮੁਫਤ ਬੂਟੇ ਮੁਹੱਈਆ ਕਰਵਾਏ ਜਾ ਰਹੇ ਹਨ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰਾਕੇਸ਼ ਕੁਮਾਰ ਪੋਪਲੀ ਨੇ ਕਿਹਾ ਕਿ ਫਾਜ਼ਿਲਕਾ ਨੂੰ ਰੁੱਖਾਂ ਨਾਲ ਭਰਪੂਰ ਕਰਨ ਦੇ ਉਦੇਸ਼ ਸਦਕਾ ਇਸ ਸਾਲ ਪੌਦੇ ਲਗਾਉਣ ਦੀ ਮੁਹਿੰਮ ਤਹਿਤ ਜ਼ਿਲ੍ਹੇ ਅੰਦਰ 12 ਲੱਖ ਪੌਦੇ ਲਗਾਉਣ ਦਾ ਟੀਚਾ ਮਿਥਿਆ ਗਿਆ ਸੀ ਜਿਸ ਦੇ ਮੁਕਾਬਲੇ ਹੁਣ ਤੱਕ 9 ਲੱਖ ਤੋਂ ਵਧੇਰੇ ਬੂਟੇ ਲਗਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਦਿਲਚਸਪੀ ਦਿਖਾਉਂਦੇ ਹੋਏ ਬੂਟੇ ਲਗਾਉਣ ਲਈ ਖੁਦ ਅੱਗੇ ਆ ਰਹੇ ਹਨ।

ਉਨ੍ਹਾਂ ਕਿਹਾ ਕਿ ਜਿਥੇ ਵੀ ਲੋਕ ਬੂਟੇ ਲਗਾਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਉਸ ਅਨੁਸਾਰ ਬੂਟਿਆਂ ਦੀ ਵੰਡ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੌਦਾ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਬਾਰੇ ਵਿਸ਼ੇਸ਼ ਤੌਰ *ਤੇ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਦਫਤਰਾਂ ਵਿਖੇ ਕੰਮ ਕਰਵਾਉਣ ਆਉਣ ਵਾਲੇ ਲੋਕਾਂ ਨੂੰ ਵੀ ਬੂਟੇ ਦਿੱਤੇ ਜਾ ਰਹੇ ਹਨ ਤਾਂ ਜੋ ਉਹ ਘਰ ਜਾ ਕੇ ਬੂਟਾ ਲਗਾਉਣ ਤੇ ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਵਿਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਵਿਭਾਗਾਂ ਦੇ ਸਟਾਫ ਨੂੰ ਵੀ ਬੂਟੇ ਦੀ ਵੰਡ ਕੀਤੀ ਤਾਂ ਜੋ ਉਹ ਬੂਟੇ ਲਗਾਉਣ ਦੀ ਇਸ ਮੁਹਿੰਮ ਵਿਚ ਵੀ ਵੱਧ ਚੜ ਕੇ ਸਹਿਯੋਗ ਦੇਣ, ਉਨ੍ਹਾਂ ਮੀਡੀਆ ਕਰਮੀਆਂ ਤੇ ਆਮ ਲੋਕਾਂ ਨੂੰ ਵੀ ਬੂਟਿਆਂ ਦੀ ਵੰਡ ਕੀਤੀ ਤਾਂ ਜੋ ਹਰ ਇਕ ਨਾਗਰਿਕ ਇਸ ਜਨਹਿਤ ਦੇ ਕਾਰਜ ਵਿਚ ਆਪਣੀ ਭੂਮਿਕਾ ਨਿਭਾਵੇ।

ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਪਰਮਜੀਤ ਸਿੰਘ ਨੂਰਸ਼ਾਹ, ਖਜਾਨ ਸਿੰਘ, ਹਰਮੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਦਿਲਚਸਪੀ ਦਿਖਾਉਂਦੇ ਹੋਏ ਬੂਟੇ ਲਗਾਉਣ ਲਈ ਖੁਦ ਅੱਗੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਜਿਥੇ ਵੀ ਲੋਕ ਬੂਟੇ ਲਗਾਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਉਸ ਅਨੁਸਾਰ ਬੂਟਿਆਂ ਦੀ ਵੰਡ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੌਦਾ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਬਾਰੇ ਵਿਸ਼ੇਸ਼ਵਿਭਾਗੀ ਸਟਾਫ ਤੇ ਆਮ ਲੋਕ ਮੌਜੂਦ ਸਨ।

# ਪਹਿਲੀ ਵਾਰ ਪਸ਼ੂਧਨ ਗਣਨਾ ਵਿੱਚ ਕੁੱਤਿਆਂ ਅਤੇ ਬਿੱਲੀਆਂ ਦੀ ਹੋਵੇਗੀ ਗਿਣਤੀ : ਪਸ਼ੂ ਪਾਲਣ ਮੰਤਰੀ

**ਅੰਮ੍ਰਿਤਸਰ, 10 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਖੇਤੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ ਅਤੇ ਕਿਸਾਨ ਪਸ਼ੂ ਪਾਲਣ ਨੂੰ ਸਹਾਇਕ ਧੰਦੇ ਵਜੋਂ ਅਪਣਾ ਕੇ ਆਪਣੀ ਆਰਥਿਕਤਾ ਵਿੱਚ ਹੋਰ ਵਾਧਾ ਕਰ ਸਕਦੇ ਹਨ। ਪੰਜਾਬ ਸਰਕਾਰ ਪਸ਼ੂ ਪਾਲਣ ਕਿੱਤੇ ਨੂੰ ਤਰਜੀਹੀ ਆਧਾਰ ਤੇ ਲੈ ਰਹੀ ਹੈ ਅਤੇ ਸਾਡੀ ਕੋਸ਼ਿਸ਼ ਹੈ ਕਿ ਇਸ ਨੂੰ ਹਰੇਕ ਕਿਸਾਨ ਦੀ ਆਮਦਨ ਦਾ ਵੱਡਾ ਸਾਧਨ ਬਣਾਇਆ ਜਾਵੇ।



ਇਨਾਂ ਸ਼ਬਦਾਂ ਦਾ ਪ੍ਰਗਟਾਵਾ ਸ: ਗੁਰਮੀਤ ਸਿੰਘ ਖੁੱਡੀਆਂ, ਖੇਤੀਬਾੜੀ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਪੰਜਾਬ ਦੇ ਮੰਤਰੀ ਨੇ ਅੱਜ 21ਵੀਂ ਪਸ਼ੂਧਨ ਗਣਨਾ ਦੀ ਟ੍ਰੇਨਿੰਗ ਵਿੱਚ ਸ਼ਾਮਲ ਹੋਏ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਅਤੇ ਚੰਡੀਗੜ੍ਹ ਦੇ ਨੋਡਲ ਅਫ਼ਸਰਾਂ ਨੂੰ ਸੰਬੋਧਨ ਕਰਨ ਸਮੇਂ ਕੀਤਾ। ਉਨਾਂ ਕਿਹਾ ਕਿ 21ਵੀਂ ਪਸ਼ੂਧਨ ਗਣਨਾ ਵਿੱਚ ਪਹਿਲੀ ਵਾਰ ਕੁੱਤਿਆਂ ਦੀ ਨਸਲ ਅਤੇ ਬਿੱਲੀਆਂ ਦੀ ਵੀ ਗਿਣਤੀ ਕੀਤੀ ਜਾਵੇਗੀ।

ਸ: ਖੁੱਡੀਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸ਼ੁਰੂ ਤੋਂ ਹੀ ਪਸ਼ੂ ਪਾਲਣ ਵਿਭਾਗ ਨੂੰ ਤਰਜੀਹ ਦਿੰਦੀ ਆਈ ਹੈ ਅਤੇ ਇਸ ਲਈ ਵਿਭਾਗ ਵਿੱਚ ਵੱਡੇ ਪੱਧਰ ਤੇ ਵੈਟਨਰੀ ਅਫਸਰਾਂ ਅਤੇ ਵੈਟਨਰੀ ਇੰਸਪੈਕਟਰਾਂ ਦੀ ਭਰਤੀ ਕੀਤੀ ਗਈ ਹੈ। ਉਨਾਂ ਦੱਸਿਆ ਕਿ ਸਰਕਾਰ ਵਲੋਂ ਪਸ਼ੂਆਂ ਨੂੰ ਮੁੱਢਲਾ ਇਲਾਜ ਦੇਣ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਵੈਕਸੀਨ ਲਗਾਉਣ, ਪਸ਼ੂ ਪਾਲਕਾਂ ਨੂੰ ਸਮਾਂ ਬੱਧ ਤਰੀਕੇ ਨਾਲ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨਾਂ ਦੱਸਿਆ ਕਿ ਪਸ਼ੂ ਪਾਲਕਾਂ ਲਈ ਨਰ ਜਾਨਵਰ ਪੈਦਾ ਹੋਣ ਨਾਲ ਇਹ ਕਿੱਤਾ ਘੱਟ ਲਾਹੇਵੰਦ ਸਾਬਤ ਹੁੰਦਾ ਸੀ, ਪ੍ਰੰਤੂ ਸਾਡੀ ਸਰਕਾਰ ਨੇ ਸੈਕਸਡ ਸੀਮਨ ਨੂੰ ਸਬਸੀਡਾਈਜ਼ਡ (ਘੱਟ ਰੇਟਾਂ) ਉੱਤੇ ਪਸ਼ੂ ਪਾਲਕਾਂ ਤੱਕ ਪਹੁੰਚ ਕਰਕੇ ਇਸ ਸਮੱਸਿਆ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਨਾਂ ਦੱਸਿਆ ਕਿ 21 ਵੀਂ ਪਸ਼ੂਧਨ ਗਣਨਾ ਲਈ ਲਗਭੱਗ 1700 ਗਿਣਤੀਕਾਰ, 400 ਸੁਪਰਵਾਈਜ਼ਰ ਅਤੇ 23 ਜਿਲ੍ਹਾ ਨੋਡਲ ਅਫ਼ਸਰ ਲਗਾਏ ਗਏ ਹਨ ਅਤੇ ਇਸ ਕੰਮ ਦੀ ਚੈਕਿੰਗ ਲਈ ਵੱਖ ਵੱਖ ਟੀਮਾਂ ਵੀ ਲਗਾਈਆਂ ਗਈਆਂ ਹਨ।

ਪਸ਼ੂ ਪਾਲਣ ਮੰਤਰੀ ਨੇ ਦੱਸਿਆ ਕਿ ਦੂਜੀ ਵਾਰ ਇਹ ਟ੍ਰੇਨਿੰਗ ਡਿਜੀਟਲ ਤਰੀਕੇ ਨਾਲ ਕਰਵਾਈ ਜਾ ਰਹੀ ਹੈ। ਉਨਾਂ ਦੱਸਿਆ ਕਿ ਗਊਸ਼ਾਲਾਵਾਂ ਦੀ ਵੱਖਰੇ ਤੌਰ ਤੇ ਪਸ਼ੂਧਨ ਗਣਨਾ ਕੀਤੀ ਜਾਵੇਗੀ। ਉਨਾਂ ਕਿਹਾ ਕਿ ਪਸ਼ੂ ਪਾਲਕ ਗਿਣਤੀ ਕਰਨ ਆਉਣ ਵਾਲੇ ਗਿਣਤੀਕਾਰਾਂ ਨੂੰ ਸਹੀ ਅਤੇ ਸਟੀਕ ਜਾਣਕਾਰੀ ਦੇਣ ਤਾਂ ਜੋ ਉਸ ਅਨੁਸਾਰ ਪਸ਼ੂ ਪਾਲਕਾਂ ਲਈ ਨਵੀਆਂ ਨੀਤੀਆਂ ਬਣਾਈਆਂ ਜਾ ਸਕਣ। ਇਸ ਲਈ ਪਸ਼ੂਧਨ ਗਣਨਾ ਦਾ ਵਧੀਆ ਤੇ ਸਟੀਕ ਹੋਣਾ ਲਾਜ਼ਮੀ ਹੈ। ਉਨਾਂ ਦੱਸਿਆ ਕਿ ਇਸ ਗਣਨਾ ਵਿੱਚ ਪਹਿਲੀ ਵਾਰ ਔਰਤਾਂ ਦੀ ਭਾਗੀਦਾਰੀ ਵੀ ਇਕੱਠੀ ਕੀਤੀ ਜਾਵੇਗੀ। ਉਨਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਇਸ ਗੱਲ ਦਾ ਵਿਸ਼ੇਸ਼ ਖਿਆਲ ਰੱਖਣ ਕਿ ਸਰਕਾਰ ਵਲੋਂ ਪਸ਼ੂ ਪਾਲਕਾਂ ਲਈ ਚਲਾਈਆਂ ਜਾਂਦੀਆਂ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਵੀ ਲੋਕਾਂ ਨੂੰ ਪ੍ਰਾਪਤ ਹੋ ਸਕੇ। ਇਸ ਮੌਕੇ ਅਡਵਾਈਜ਼ਰ ਅਕੰੜਾ ਵਿਭਾਗ, ਪਸ਼ੂ ਪਾਲਣ ਵਿਭਾਗ ਅਤੇ ਡੇਅਰੀ ਵਿਭਾਗ ਭਾਰਤ ਸਰਕਾਰ ਦੇ ਸ੍ਰੀ ਜਗਤ ਹਜਾਰੀਕਾ ਨੇ ਕੈਬਨਿਟ ਮੰਤਰੀ ਸ: ਖੁੱਡੀਆਂ ਨੂੰ ਸਨਮਾਨਤ ਵੀ ਕੀਤਾ। ਇਸ ਮੌਕੇ ਸਕੱਤਰ ਪਸ਼ੂ ਵਿਭਾਗ ਭਾਰਤ ਸਰਕਾਰ ਸ੍ਰੀਮਤੀ ਅਲਕਾ ਉਪਾਧਿਆਇ, ਪਸ਼ੂ ਪਾਲਣ ਵਿਭਾਗ ਭਾਰਤ ਸਰਕਾਰ ਦੇ ਨਿਰਦੇਸ਼ਕ ਸ੍ਰੀ ਵੀ.ਪੀ. ਸਿੰਘ, ਪਸ਼ੂ ਪਾਲਣ ਵਿਭਾਗ ਅਤੇ ਡੇਅਰੀ ਵਿਭਾਗ ਪੰਜਾਬ ਦੇ ਡਾਇਰੈਕਟਰ ਡਾ. ਗੁਰਸ਼ਨਜੀਤ ਸਿੰਘ ਬੇਦੀ, ਸਾਫਟਵੇਅਰ ਟੀਮ ਦੇ ਮੈਂਬਰ ਡਾ. ਸ਼ਰਧਾਪਾਲ , ਸ੍ਰੀ ਸਤਪਾਲ ਦੀਕਸ਼ਤ ਵੀ ਹਾਜ਼ਰ ਸਨ।

# ਵਿਧਾਇਕ ਡਾ: ਅਜੇ ਗੁਪਤਾ ਨੇ ਅਧਿਕਾਰੀਆਂ ਨਾਲ ਅੰਦਰਲਾ ਲੋਹਗੜ੍ਹ ਗੇਟ ਦਾ ਦੌਰਾ ਕੀਤਾ



**ਅੰਮ੍ਰਿਤਸਰ, 10 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਅਮ੍ਰਿਤਸਰ ਕੇਂਦਰੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਡਾ: ਅਜੇ ਗੁਪਤਾ ਨੂੰ ਅੰਦਰੂਨੀ ਲੋਹਗੜ੍ਹ ਗੇਟ ਇਲਾਕੇ ਦੇ ਨਾਲ ਲੱਗਦੇ ਗਲੀ ਵਿਕਰਮ, ਗਲੀ ਬਦਰਾਓ, ਬਾਜਰਾ ਤੋਂ ਲੋਕਾਂ ਵੱਲੋਂ ਸ਼ਿਕਾਇਤਾਂ ਮਿਲ ਰਹੀਆਂ ਸਨ। ਜਿਸ 'ਤੇ ਅੱਜ ਵਿਧਾਇਕ ਡਾ.ਗੁਪਤਾ ਨੇ ਨਗਰ ਨਿਗਮ ਅਤੇ ਪੀ.ਐੱਸ.ਪੀ.ਸੀ.ਐੱਲ. ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਗਲੀ ਵਿਕਰਮ, ਗਲੀ ਬਦਰਾਓ ਦੇ ਲੋਕਾਂ ਨੇ ਵਿਧਾਇਕ ਨੂੰ ਉਨ੍ਹਾਂ ਦੇ ਘਰਾਂ ਦੇ ਅੰਦਰ ਜਾ ਕੇ ਸੀਵਰੇਜ ਸਿਸਟਮ ਦੇ ਬੰਦ ਹੋਣ ਬਾਰੇ ਦੱਸਿਆ। ਵਿਧਾਇਕ ਨੇ ਮੌਕੇ 'ਤੇ ਹੀ ਨਗਰ ਨਿਗਮ ਦੇ ਓਐਂਡਐਮ ਸੈੱਲ ਦੇ ਐਕਸੀਅਨ ਗੁਰਜਿੰਦਰ ਸਿੰਘ ਨੂੰ ਇਸ ਸਮੱਸਿਆ ਦਾ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ ਾਂ ਕਿਹਾ ਕਿ ਇਨ ਾਂ ਖੇਤਰਾਂ ਵਿੱਚ ਸੁਪਰ ਸੁਕਰ ਮਸ਼ੀਨਾਂ ਦੀ ਵਰਤੋਂ ਕਰਕੇ ਜਲਦ ਤੋਂ ਜਲਦ ਡੀਸਿਲਟਿੰਗ ਕੀਤੀ ਜਾਵੇ। ਗਲੀਆਂ ਵਿੱਚ ਫੈਲੇ ਬਿਜਲੀ ਦੀਆਂ ਤਾਰਾਂ ਦੇ ਜਾਲ ਦੀ ਵੀ ਸ਼ਿਕਾਇਤ ਕੀਤੀ। ਮੌਕੇ 'ਤੇ ਮੌਜੂਦ ਪੀਐਸਪੀਸੀਐਲ ਦੇ ਐਸਡੀਓ ਹਰਭੁਪਿੰਦਰ ਸਿੰਘ ਨੂੰ ਇਸ ਦੀ ਮੁਰੰਮਤ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ। ਲੋਕਾਂ ਵੱਲੋਂ ਸਫਾਈ ਵਿਵਸਥਾ ਨੂੰ ਲੈ ਕੇ ਸ਼ਿਕਾਇਤਾਂ ਕੀਤੀਆਂ ਗਈਆਂ। ਸਫ਼ਾਈ ਵਿਵਸਥਾ ਬਾਰੇ ਵਿਧਾਇਕ ਡਾ.ਗੁਪਤਾ ਨੇ ਕਿਹਾ ਕਿ ਹੁਣ ਵਾਲਡ ਸਿਟੀ ਵਿੱਚ ਟਰਾਈਸਾਈਕਲਾਂ ਰਾਹੀਂ ਘਰ-ਘਰ ਜਾ ਕੇ ਕੂੜਾ ਇਕੱਠਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵੱਡੇ ਵਾਹਨਾਂ ਰਾਹੀਂ ਬਾਜ਼ਾਰਾਂ ਵਿੱਚ ਕੂੜਾ ਚੁੱਕਣ ਦਾ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸਫ਼ਾਈ ਵਿਵਸਥਾ ਨੂੰ ਹਰ ਹਾਲਤ ਵਿੱਚ ਸੁਧਾਰਿਆ ਜਾਵੇਗਾ। ਵਿਧਾਇਕ ਡਾ: ਗੁਪਤਾ ਨੇ ਕਿਹਾ ਕਿ ਉਹ ਲੋਕਾਂ ਦੇ ਘਰ-ਘਰ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਵੋਟਾਂ ਮੰਗਣ ਨਹੀਂ ਆਏ ਹਨ, ਉਹ ਸਿਰਫ਼ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਉਨ੍ਹਾਂ ਦਾ ਹੱਲ ਕਰਵਾਉਣ ਆਏ ਹਨ। ਉਨ੍ਹਾਂ ਕਿਹਾ ਕਿ ਬਰਸਾਤਾਂ ਦਾ ਸੀਜ਼ਨ ਖ਼ਤਮ ਹੋਣ ਤੋਂ ਬਾਅਦ ਸੜਕਾਂ ਅਤੇ ਗਲੀਆਂ ਦੀ ਉਸਾਰੀ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਜਾਵੇਗਾ।

ਇਸ ਮੌਕੇ ਨਗਰ ਨਿਗਮ ਦੇ ਸਿਹਤ ਅਧਿਕਾਰੀ ਡਾ: ਕਿਰਨ ਕੁਮਾਰ, ਐਕਸੀਅਨ ਸਿਵਲ ਸੁਨੀਲ ਮਹਾਜਨ, ਸਟਰੀਟ ਲਾਈਟ ਵਿਭਾਗ ਦੇ ਜੇ.ਈ ਰਮਨ ਕੁਮਾਰ, ਚੀਫ ਸੈਨੇਟਰੀ ਇੰਸਪੈਕਟਰ ਸਾਹਿਲ ਕੁਮਾਰ, ਚੀਫ ਸੈਨੇਟਰੀ ਇੰਸਪੈਕਟਰ ਰਾਕੇਸ਼ ਮਰਵਾਹ, ਚੀਫ ਸੈਨੇਟਰੀ ਇੰਸਪੈਕਟਰ ਸਰਬਜੀਤ ਸਿੰਘ, ਚੀਫ ਸੈਨੇਟਰੀ ਇੰਸਪੈਕਟਰ ਜਗਦੀਪ ਸਿੰਘ ਹਾਜ਼ਰ ਸਨ।

# ਵਿਧਾਇਕ ਰੰਧਾਵਾ ਨੇ ਜਨਤਾ ਦਰਬਾਰ 'ਚ ਸੁਣੀਆਂ ਸਮੱਸਿਆਵਾਂ, ਮੌਕੇ 'ਤੇ ਕੀਤਾ ਹੱਲ

**ਡੇਰਾ ਬਸੀ, 10 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਡੇਰਾਬੱਸੀ ਸਥਿੱਤ ਦਫਤਰ ਵਿਖੇ ਜਨਤਾ ਦਰਬਾਰ ਵਿੱਚ ਸ਼ਹਿਰ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਜਨਤਾ ਦਰਬਾਰ ਵਿੱਚ ਵੱਖ-ਵੱਖ ਪਿੰਡਾਂ ਅਤੇ ਕਸਬਿਆਂ ਦੇ ਵਸਨੀਕਾਂ ਨੇ ਸੀਵਰੇਜ, ਪੀਣ ਵਾਲੇ ਪਾਣੀ, ਗਲੀਆਂ-ਨਾਲੀਆਂ ਅਤੇ ਹੋਰ ਵਿਕਾਸ ਕਾਰਜਾਂ ਸਬੰਧੀ ਆਪਣੀਆਂ ਸਮੱਸਿਆਵਾਂ ਰੱਖੀਆਂ ਅਤੇ ਉਨ੍ਹਾਂ ਦੇ ਹੱਲ ਦੀ ਮੰਗ ਕੀਤੀ। ਵਿਧਾਇਕ ਰੰਧਾਵਾ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਸਮੇਂ ਸਿਰ ਸਮੱਸਿਆਵਾਂ ਦੇ ਹੱਲ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਵਿਧਾਇਕ ਰੰਧਾਵਾ ਨੇ ਅਧਿਕਾਰੀਆਂ ਨੂੰ ਲੋਕਾਂ ਦੀਆਂ ਸਮੂਹਿਕ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਕਿਹਾ। ਉਨ੍ਹਾਂ ਸ਼ਕਿਾਇਤਾਂ ਦੀ ਪ੍ਰਗਤੀ ਰਿਪੋਰਟ ਅਗਲੇ



ਜਨਤਾ ਦਰਬਾਰ ਵਿੱਚ ਪੇਸ਼ ਕਰਨ ਲਈ ਵੀ ਕਿਹਾ।

ਵਿਧਾਇਕ ਕੁਲਜੀਤ ਰੰਧਾਵਾ ਨੇ ਕਿਹਾ ਕਿ ਮੁੱਖਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਦੀ 'ਆਪ' ਸਰਕਾਰ ਆਮ ਲੋਕਾਂ ਦੀ ਸਰਕਾਰ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਤਰਫੋਂ ਵਿਧਾਇਕਾਂ ਨੂੰ ਪਹਿਲਾਂ ਹੀ ਹਦਾਇਤ ਕੀਤੀ ਗਈ ਹੈ ਕਿ ਉਹ ਆਪਣੇ ਹਲਕਿਆਂ ਵਿੱਚ ਰਹਿ ਕੇ ਸਥਾਨਕ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ। ਵਿਧਾਇਕ ਨੇ ਕਿਹਾ ਕਿ ਸਰਕਾਰ ਸੂਬੇ ਦੇ ਲੋਕਾਂ ਨੂੰ ਵਧੀਆ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ। ਸਰਕਾਰ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਯਤਨਸ਼ੀਲ ਹੈ ਅਤੇ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਅਤੇ ਪਾਰਦਰਸ਼ੀ ਢੰਗ ਨਾਲ ਵਿਕਾਸ ਦੀਆਂ ਸਹੂਲਤਾਂ ਮਿਲਣਾ ਯਕੀਨੀ ਬਣਾਉਣ ਲਈ ਯਤਨਸ਼ੀਲ ਹੈ।



# ਹੱਥ ਨਾਲ ਖਾਣਾ ਖਾਣ ਦੇ 5 ਫਾਇਦੇ



ਖਾਣਾ ਖਾਂਦੇ ਸਮੇਂ ਹੱਥ ਖਰਾਬ ਨਾ ਹੋ ਜਾਣ ਅਤੇ ਤੁਸੀ ਸਲੀਕੇ ਨਾਲ ਖਾਣਾ ਖਾ ਸਕੋ, ਇਸਦੇ ਲਈ ਅੱਜ-ਕੱਲ੍ਹ ਚਮਚਾ (ਸਪੂਨ) ਇਕ ਜ਼ਰੂਰੀ ਸਾਧਨ ਹੋ ਗਿਆ ਹੈ ਪਰ ਫਿਰ ਵੀ ਹੱਥ ਨਾਲ ਖਾਣਾ ਖਾਣ ਦਾ ਮਜ਼ਾ ਹੀ ਕੁਝ ਹੋਰ ਹੁੰਦਾ ਹੈ। ਸਿਰਫ਼ ਮਜ਼ਾ ਹੀ ਨਹੀਂ ਹੱਥ ਨਾਲ ਖਾਣਾ ਖਾਣ ਦੇ ਫਾਇਦੇ ਵੀ ਨੇ..

- ਚਮਚੇ ਨਾਲ ਖਾਣਾ ਖਾਣ ਦੀ ਜਗ੍ਹਾ ਹੱਥ ਨਾਲ ਖਾਣਾ ਖਾਂਦੇ ਹਾਂ ਤਾਂ ਮੂੰਹ ਨਹੀਂ ਸੜਦਾ ਕਿਉਂਕਿ ਚਮਚੇ ਦਾ ਤਾਪਮਾਨ ਖਾਣੇ ਦੇ ਅਨੁਸਾਰ ਬਦਲਦਾ ਹੈ ਅਤੇ ਇਸਦਾ ਪਤਾ ਨਹੀਂ ਚਲਦਾ, ਜਦਕਿ ਹੱਥ ਨਾਲ ਖਾਣਾ ਖਾਂਦੇ ਸਮੇਂ ਸਾਨੂੰ ਤਾਪਮਾਨ ਦਾ ਪਤਾ ਲੱਗਦਾ ਹੈ।
- ਜਦੋਂ ਹੱਥ ਨਾਲ ਖਾਣਾ ਖਾਂਦੇ ਹਾਂ ਤੇ ਉਂਗਲੀਆਂ ਅਤੇ ਹੱਥ ਦੇ ਅੰਗੂਠੇ ਆਪਸ 'ਚ ਜੁੜਨ ਨਾਲ ਜੋ ਮੁਦਰਾ ਬਣਦੀ ਹੈ, ਉਸ ਕਾਰਨ ਸਰੀਰ 'ਚ ਵਿਸ਼ੇਸ਼ ਰੂਪ 'ਚ ਊਰਜਾ ਪੈਦਾ ਹੁੰਦੀ ਹੈ, ਜੋ ਸਰੀਰ ਨੂੰ ਤੰਦਰੁਸਤ ਰੱਖਣ 'ਚ ਮਦਦ ਕਰਦੀ ਹੈ।
- ਹੱਥ ਨਾਲ ਖਾਣਾ ਖਾਣ ਲਈ ਅਸੀਂ ਹੱਥ ਧੋਣ 'ਤੇ ਵਿਸ਼ੇਸ਼ ਧਿਆਨ ਦਿੰਦੇ ਹਾਂ ਜਦਕਿ ਚਮਚੇ ਨਾਲ ਖਾਣਾ ਖਾਂਦੇ ਸਮੇਂ ਅਸੀਂ ਰੱਖੇ ਹੋਏ ਚਮਚੇ ਦਾ ਪ੍ਰਯੋਗ ਕਰਦੇ ਹਾਂ, ਜੋ ਕਿ ਕੀਟਾਣੂਆਂ ਨਾਲ ਭਰਪੂਰ ਹੋ ਸਕਦਾ ਹੈ।
- ਹੱਥ ਨਾਲ ਖਾਣਾ ਖਾਣ ਨਾਲ ਸਾਡੇ ਸਰੀਰ 'ਚ ਪੰਜ ਤੱਤਾਂ ਦਾ ਸੰਤੁਲਨ ਸਹੀ ਹੁੰਦਾ ਹੈ ਜਦਕਿ ਚਮਚ ਨਾਲ ਖਾਣਾ ਖਾਂਦੇ ਸਮੇਂ ਇਹ ਲਾਭ ਵੀ ਨਹੀਂ ਹੁੰਦਾ।
- ਹੱਥ ਨਾਲ ਭੋਜਨ ਖਾਣਾ ਸਪਰਸ਼ ਚਿਕਿਤਸਾ ਦੇ ਬਰਾਬਰ ਹੈ। ਇਸ ਨਾਲ ਹੱਥ, ਮੂੰਹ, ਪੇਟ ਅਤੇ ਦਿਮਾਗ਼ 'ਚ ਵੀ ਇਕ ਤਰ੍ਹਾਂ ਦਾ ਸਬੰਧ ਬਣਦਾ ਹੈ। ਸਰੀਰ ਤੰਦਰੁਸਤ ਰਹਿੰਦਾ ਹੈ।

• ਫ਼ੀਚਰ ਡੈਸਕ

# ਸਿਹਤ ਦੀ ਦੋਸਤ ਹੈ ਸੌਂਫ



ਡਾ. ਸ਼ਾਲੂ ਅਰੋੜਾ

ਦੇਸ਼ 'ਚ ਸਦੀਆਂ ਤੋਂ ਸੌਂਫ ਦਾ ਇਸਤੇਮਾਲ ਹੋ ਰਿਹਾ ਹੈ। ਸੌਂਫ ਆਪਣੇ ਗੁਣਾਂ ਕਾਰਨ ਭਾਰਤੀ ਰਸੋਈ ਘਰਾਂ 'ਚ ਆਪਣਾ ਅਹਿਮ ਸਥਾਨ ਬਣਾ ਚੁੱਕੀ ਹੈ। ਸੌਂਫ ਭੁੱਖ ਨੂੰ ਵਧਾਉਂਦੀ ਹੈ। ਜਿਨ੍ਹਾਂ ਲੋਕਾਂ ਨੂੰ ਖੁੱਲ੍ਹ ਕੇ ਭੁੱਖ ਨਹੀ ਲੱਗਦੀ, ਉਨ੍ਹਾਂ ਨੂੰ ਖਾਣੇ ਤੋਂ ਲਗਪਗ ਅੱਧਾ ਘੰਟਾ ਪਹਿਲਾਂ ਇਕ ਛੋਟਾ ਚਮਚ ਸੌਂਫ ਖਾਣੀ ਚਾਹੀਦੀ ਹੈ।

ਸੌਂਫ ਦੇ ਅਰਕ ਦਾ ਸੇਵਨ ਵੀ ਲਾਭਦਾਇਕ ਹੈ। ਬਰਸਾਤ ਦੇ ਮੌਸਮ 'ਚ ਜਦੋਂ ਅਸਮਾਨ ਖੁੱਲ੍ਹਾ ਰਹਿੰਦਾ ਹੈ ਉਦੋਂ ਕਾਫ਼ੀ ਹੁੰਮਸ ਤੇ ਗਰਮੀ ਮਹਿਸੂਸ ਹੁੰਦੀ ਹੈ। ਸੌਂਫ ਗਰਮੀ ਤੋਂ ਰਾਹਤ ਪ੍ਰਦਾਨ ਕਰਦੀ ਹੈ। ਇਕ ਛੋਟਾ ਚਮਚ ਸੌਂਫ ਲੈਣ ਤੋਂ ਬਾਅਦ ਠੰਡਾ ਪਾਣੀ ਪੀਣ ਤੋਂ ਬਾਅਦ ਸੌਂਫ ਦੀ ਤਾਸੀਰ ਵੀ ਠੰਡੀ ਹੋ ਜਾਂਦੀ ਹੈ। ਉੱਥੇ ਗਰਮ ਪਾਣੀ ਦੇ ਨਾਲ ਸੌਂਫ ਲੈਣ ਨਾਲ ਇਸ ਦੀ ਤਾਸੀਰ ਵੀ ਗਰਮ ਹੋ ਜਾਂਦੀ ਹੈ।

ਇਹੀ ਨਹੀ, ਸੌਂਫ ਪੇਚਿਸ਼ ਅਤੇ ਪੇਟ ਨਾਲ ਸਬੰਧਤ ਸ਼ਿਕਾਇਤਾਂ 'ਚ ਵੀ ਲਾਭਦਾਇਕ ਹੈ। ਇਨ੍ਹਾਂ ਸ਼ਿਕਾਇਤਾਂ ਤੋਂ ਰਾਹਤ ਪਾਉਣ ਲਈ 50 ਗ੍ਰਾਮ ਕੱਚੀ ਸੌਂਫ 'ਚ 50 ਗ੍ਰਾਮ ਭੁੰਨੀ ਸੌਂਫ ਮਿਲਾ ਕੇ ਇਸ ਨੂੰ ਬਾਰੀਕ ਕਰਕੇ ਚੂਰਣ ਬਣਾ ਲਵੋ। ਇਸ ਤੋਂ ਬਾਅਦ ਸਵੇਰੇ-ਸ਼ਾਮ ਇਕ ਛੋਟੇ ਚਮਚ ਦੀ ਮਾਤਰਾ 'ਚ ਇਸਦਾ ਸੇਵਨ ਕਰੋ। ਇਹ ਗੱਲ ਤਾਂ ਲਗਪਗ ਹਰ ਵਿਅਕਤੀ ਨੂੰ ਹੀ ਪਤਾ ਹੁੰਦੀ ਹੈ ਕਿ ਸੌਂਫ ਦੇ ਸੇਵਨ ਨਾਲ ਹਾਜ਼ਮਾ ਬਿਲਕੁਲ ਠੀਕ ਰਹਿੰਦਾ ਹੈ। •

# ਅਦਰਕ ਦੇ ਲਾਭ...



*ਅਦਰਕ ਵਿਚ ਮਿਲਣ ਵਾਲੇ ਪਦਾਰਥ ਜਿੰਜਰੋਲ ਅਤੇ ਸੋਗੋਲ ਬੁਖਾਰ ਨੂੰ ਨਸ਼ਟ ਕਰਦੇ ਹਨ। ਅਦਰਕ ਲਹੂ ਨੂੰ ਸਾਫ ਸ਼ੁੱਧ ਕਰਦਾ ਹੈ ਅਤੇ ਮੂਤਰ ਵਰਧਕ ਹੈ। ਇਸ ਦੀ ਵਰਤੋਂ ਨਾਲ ਸੋਜ਼ਕਾਰਕ ਗ੍ਰੰਥੀਆਂ ਨਹੀ ਬਣਦੀਆਂ। ਇਹ ਵਧੀਆ ਐਂਟੀ ਆਕਸੀਡੈਂਟ ਹੈ। ਅਦਰਕ ਦੀ ਥਾਂ 'ਤੇ ਸੁੰਢ ਵੀ ਵਰਤੀ ਜਾ ਸਕਦੀ ਹੈ। ਚਾਹ ਬਣਾਉਂਦੇ ਸਮੇਂ ਅਦਰਕ ਪਾ ਕੇ ਬਣਾਈ ਗਈ ਚਾਹ ਪੀਣ ਨਾਲ ਯਾਦਸ਼ਕਤੀ ਵਿਚ ਵਾਧਾ ਹੁੰਦਾ ਹੈ। ਅਦਰਕ ਕੋਲੈਸਟਰੋਲ ਨੂੰ ਕੰਟਰੋਲ ਕਰਦਾ ਹੈ। ਜੀਅ ਕੱਚਾ ਹੋਣਾ ਅਤੇ ਗਰਭ ਅਵਸਥਾ ਦੀਆਂ ਉਲਟੀਆਂ ਨੂੰ ਰੋਕਦਾ ਹੈ।*

# ਲਾਪਰਵਾਹੀ ਠੀਕ ਨਹੀਂ

ਡਾ. ਪੰਕਜ ਤ੍ਰਿਵੇਦੀ



ਰੀੜ੍ਹ ਦੀ ਹੱਡੀ ਸਾਡੇ ਸਰੀਰ ਦਾ ਉਹ ਹਿੱਸਾ ਹੈ ਜਿਸ ਨਾਲ ਸਾਡੇ ਹੱਥਾਂ ਪੈਰਾਂ ਦੀਆਂ ਹਰਕਤਾਂ ਨੂੰ ਤਾਕਤ ਪ੍ਰਾਪਤ ਹੁੰਦੀ ਹੈ। ਇਸ 'ਤੇ ਲੱਗੀ ਹਲਕੀ ਜਿਹੀ ਸੱਟ ਪ੍ਰਤੀ ਵਰਤੀ ਲਾਪਰਵਾਹੀ ਕਾਰਨ ਇਹ ਸਾਡੀ ਜ਼ਿੰਦਗੀ 'ਚ ਹਮੇਸ਼ਾਂ ਲਈ ਹਨੇਰਾ ਲਿਆ ਸਕਦੀ ਹੈ। ਰੀੜ੍ਹ ਦੀ ਹੱਡੀ 'ਤੇ ਲੱਗੀ ਸੱਟ ਨੂੰ ਲਾਪਰਵਾਹੀ ਨਾਲ ਲੈਣ ਅਤੇ ਛੇਤੀ ਉਸ ਦਾ ਇਲਾਜ ਨਾ ਕੀਤੇ ਜਾਣ 'ਤੇ ਮਰੀਜ਼ ਦੇ ਹੱਥਾਂ ਪੈਰਾਂ ਦੀ ਤਾਕਤ ਵੀ ਜਾ ਸਕਦੀ ਹੈ ਤੇ ਮਰੀਜ਼ ਦੀ ਜ਼ਿੰਦਗੀ 'ਚ ਹਮੇਸ਼ਾਂ ਲਈ ਹਨੇਰਾ ਛਾ ਸਕਦਾ ਹੈ। ਜੇ ਮਰੀਜ਼ ਦੀ ਰੀੜ੍ਹ ਦੀ ਹੱਡੀ 'ਤੇ ਸੱਟ ਲੱਗਦੀ ਹੈ ਤੇ ਉਸ ਨਾਲ ਹੱਥਾਂ-ਪੈਰਾਂ 'ਚ ਸੁੰਨਪਨ ਆਉਂਦਾ ਹੈ ਜਾਂ ਹੱਥਾਂ-ਪੈਰਾਂ 'ਚ ਜਾਨ ਨਹੀਂ ਰਹਿੰਦੀ ਤਾਂ ਮਰੀਜ਼ ਨੂੰ ਉਸੇ ਵੇਲੇ ਸਪਾਈਨ ਸਰਜਨ ਦੀ ਸਲਾਹ ਲੈਣੀ ਚਾਹੀਦੀ ਹੈ ਤੇ ਉਸੇ ਵੇਲੇ ਹੀ ਦਵਾਈ ਵੀ ਸ਼ੁਰੂ ਕਰ ਦੇਣੀ ਚਾਹੀਦੀ ਹੈ।

ਕਈ ਵਾਰ ਡਾਕਟਰਾਂ ਕੋਲ ਅਜਿਹੇ ਮਰੀਜ਼ ਆਏ ਹਨ, ਜਿਨ੍ਹਾਂ ਦੀ ਰੀੜ੍ਹ ਦੀ ਹੱਡੀ 'ਤੇ ਗੰਭੀਰ ਸੱਟ ਲੱਗੀ, ਪਰ ਮਰੀਜ਼ ਨੂੰ ਸਮੇਂ ਸਿਰ ਹਸਪਤਾਲ ਲਿਆਂਦਾ ਗਿਆ, ਜਿਸ ਕਰਕੇ ਉਨ੍ਹਾਂ ਦੇ ਸਰੀਰ ਨੂੰ ਹੋਰ ਕੋਈ ਨੁਕਸਾਨ ਨਹੀ ਹੋਇਆ। ਜੇ ਰੀੜ੍ਹ ਦੀ ਹੱਡੀ ਦੀ ਸੱਟ ਪ੍ਰਤੀ ਲਾਪਰਵਾਹੀ ਕੀਤੀ ਜਾਂਦੀ ਹੈ ਜਾਂ ਸਮੇਂ ਸਿਰ ਇਸ ਦਾ ਇਲਾਜ ਨਹੀ ਕੀਤਾ ਜਾਂਦਾ ਤਾਂ ਇਸ ਨਾਲ ਮਰੀਜ਼ ਦੇ ਹੱਥਾਂ-ਪੈਰਾਂ ਦੀ ਤਾਕਤ ਹਮੇਸ਼ਾਂ ਲਈ ਜਾ ਸਕਦੀ ਹੈ। ਇਸ ਲਈ ਜ਼ਰੂਰੀ ਹੈ ਕਿ ਜਦੋਂ ਵੀ ਕਦੇ ਰੀੜ੍ਹ ਦੀ ਹੱਡੀ ਦੀ ਸੱਟ ਲੱਗੇ ਤਾਂ ਕੁਝ ਘੰਟਿਆਂ ਵਿਚ ਹੀ ਸਪਾਈਨ ਸਰਜਨ ਨੂੰ ਵਿਖਾਇਆ ਜਾਵੇ। ਹੱਥਾਂ-ਪੈਰਾਂ 'ਚ ਜਾਨ ਨਾ ਰਹਿਣਾ, ਸੁੰਨਪਨ ਹੋਣਾ, ਕਮਰ ਦਰਦ, ਪਿਸ਼ਾਬ ਅਤੇ ਪਖਾਨੇ 'ਤੇ ਕਾਬੂ ਨਾ ਰਹਿਣਾ, ਕਮਰ ਦਰਦ ਹੋਣ ਜਾਂ ਚੱਲਣ ਲੱਗਿਆਂ ਦਰਦ ਹੋਣਾ, ਕੁਝ ਹੀ ਪੈਂਡੇ ਚੱਲ ਸਕਣਾ ਆਦਿ ਰੀੜ੍ਹ ਦੀ ਹੱਡੀ ਦੀਆਂ ਬਿਮਾਰੀਆਂ ਦੇ ਲੱਛਣ ਹਨ ਜਿਸ ਦਾ ਇਲਾਜ ਜ਼ਰੂਰੀ ਹੈ ਕਿਉਂਕਿ ਇਸ ਤਰ੍ਹਾਂ ਦੀ ਬਿਮਾਰੀ 'ਚ ਕੀਤੀ ਗਈ ਦੇਰੀ ਜ਼ਿੰਦਗੀ ਭਰ ਦਾ ਪਛਤਾਵਾ ਬਣ ਜਾਂਦੀ ਹੈ।

ਇਸ ਤਰ੍ਹਾਂ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਤੇ ਮਾਲਿਸ਼ ਜਾਂ ਕਿਸੇ ਹੋਰ ਤਰ੍ਹਾਂ ਦੀਆਂ ਖਿੱਚਾਂ ਪਵਾਉਣ ਆਦਿ ਦੇ ਚੱਕਰਾਂ 'ਚ ਨਹੀਂ ਪੈਣਾ ਚਾਹੀਦਾ ਨਹੀਂ ਤਾਂ ਇਹ ਬਿਮਾਰੀ ਹੋ ਗੰਭੀਰ ਰੂਪ ਲੈ ਸਕਦੀ ਹੈ ਤੇ ਮਰੀਜ਼ ਹਮੇਸ਼ਾ ਲਈ ਚੱਲਣ ਤੋਂ ਲਾਚਾਰ ਹੋ ਸਕਦਾ ਹੈ। ਇਸ ਵਾਸਤੇ ਕਦੇ ਵੀ ਰੀੜ੍ਹ ਦੀ ਹੱਡੀ ਦੀ ਸੱਟ ਨੂੰ ਲਾਪਰਵਾਹੀ ਨਾਲ ਨਾ ਲਵੋ ਤੇ ਇਸ ਤਰ੍ਹਾਂ ਦੇ ਲੱਛਣ ਨਜ਼ਰ ਆਉਣ 'ਤੇ ਉਸੇ ਵੇਲੇ ਸਪਾਈਨ ਸਰਜਨ ਦੀ ਸਲਾਹ ਲਵੋ। •

# ਮੌਤ ਨੂੰ ਸੱਦਾ ਸਿਗਰਟਨੋਸ਼ੀ

ਡਾ. ਅਜੀਤਪਾਲ ਸਿੰਘ ਐੱਮ.ਡੀ.

ਸਿਗਰਟ 'ਚ ਲਗਪਗ ਚਾਰ ਹਜ਼ਾਰ ਵੱਖ-ਵੱਖ ਤਰ੍ਹਾਂ ਦੇ ਹਾਨੀਕਾਰਕ ਰਸਾਇਣ ਹੁੰਦੇ ਹਨ ਜਿਵੇਂ ਕਿ ਨਿਕੋਟੀਨ, ਆਰਸੇਨਿਕ, ਮੋਨੋਆਕਸਾਈਡ, ਬੇਂਜਪਾਈਰਨ ਤੇ ਅਮੋਨੀਆ ਆਦਿ। ਭਾਰਤ 'ਚ ਵਿਕਦੀਆਂ ਜ਼ਿਆਦਾਤਰ ਸਿਗਰਟਾਂ ਵਿਚ ਇਕ ਤਾਂ ਟਾਰ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਅਤੇ ਦੂਜੀ ਗੱਲ ਇਨ੍ਹਾਂ ਵਿਚ ਫਿਲਟਰ ਨਹੀਂ ਹੁੰਦਾ। ਇਸ ਨਾਲ ਤੰਬਾਕੂ ਤੋਂ ਹੋਣ ਵਾਲੀਆਂ ਬਿਮਾਰੀਆਂ ਦਾ ਖ਼ਤਰਾ ਕਾਫ਼ੀ ਵਧ ਜਾਂਦਾ ਹੈ। ਸਿਗਰਟ ਦੇ ਧੂੰਏਂ 'ਚ 45 ਅਜਿਹੇ ਤੱਤ ਹੁੰਦੇ ਹਨ ਜੋ ਕੈਂਸਰ ਪੈਦਾ ਕਰਦੇ ਹਨ। ਨਿਕੋਟੀਨ ਧੂੰਏਂ ਰਾਹੀ ਅੰਦਰ ਜਾਣ ਪਿੱਛੋਂ ਸਿਰਫ਼ 10 ਸੈਕਿੰਡ 'ਚ ਦਿਮਾਗ਼ 'ਚ ਪਹੁੰਚ ਜਾਂਦੀ ਹੈ ਅਤੇ ਸਰੀਰ ਦੇ ਹਰ ਅੰਗ 'ਚ ਵੀ। ਧੂੰਏਂ ਅੰਦਰ ਮੌਜੂਦ ਨਿਕੋਟੀਨ ਤੇ ਕਾਰਬਨ ਮੋਨੋਆਕਸਾਈਡ ਦੇ ਮਿਸ਼ਰਣ ਨਾਲ ਕੁਝ ਸਮੇਂ ਲਈ ਦਿਲ ਦੀ ਧੜਕਣ ਤੇ ਬਲੱਡ ਪ੍ਰੈਸ਼ਰ 'ਚ ਵਾਧਾ ਹੋ ਜਾਂਦਾ ਹੈ। ਜ਼ਾਹਿਰ ਹੈ ਇਸ ਨਾਲ ਦਿਲ ਤੇ ਖ਼ੂਨ ਸਪਲਾਈ ਦੀਆਂ ਨਾਲੀਆਂ ਬੇਲੋੜੇ ਤਣਾਅ ਵਿਚ ਆ ਜਾਂਦੀਆਂ ਹਨ। ਤੰਬਾਕੂ ਦੇ ਧੂੰਏਂ 'ਚ ਮੌਜੂਦ ਕੈਂਸਰ ਪੈਦਾ ਕਰਨ ਵਾਲੇ ਤੱਤ (ਕਾਰਸੀਨੋਜਨ) ਸੈੱਲਾਂ ਦੇ ਵਿਕਾਸ ਲਈ ਜ਼ਰੂਰੀ ਜੀਨਸ ਨੂੰ ਨੁਕਸਾਨ ਪਹੁੰਚਾਉਂਦੇ ਹਨ, ਜਿਸ ਨਾਲ ਅਜਿਹੇ ਸੈੱਲ ਬਣਾਉਣ ਲੱਗਦੇ ਹਨ। ਸਿਗਰਟਨੋਸ਼ੀ ਨਾਲ ਫੇਫੜਿਆਂ 'ਚ ਵਿਗਾੜ ਪੈਦਾ ਹੋ ਜਾਂਦੇ ਹਨ। ਸਿਗਰਟਨੋਸ਼ੀ ਕਰਨ ਵਾਲਿਆਂ ਦੇ ਖ਼ੂਨ ਵਿਚ ਹੋਰਾਂ ਲੋਕਾਂ ਦੇ ਮੁਕਾਬਲੇ ਐਂਟੀਆਕਸਾਈਡ ਦੀ ਘਾਟ ਦੇਖਣ ਨੂੰ ਮਿਲਦੀ ਹੈ, ਜਿਸ ਦਾ ਕੰਮ ਨੁਕਸਾਨੇ ਸੈੱਲਾਂ ਦੀ ਮੁਰੰਮਤ ਕਰਨਾ ਹੁੰਦਾ ਹੈ। ਸਿਗਰਟਨੋਸ਼ੀ ਨਾਲ 25 ਦੇ ਲਗਪਗ ਬਿਮਾਰੀਆਂ ਹੋ ਸਕਦੀਆਂ ਹਨ। ਇਹ ਦਿਲ ਦੇ ਦੌਰੇ, ਸਟ੍ਰੋਕ, ਦਮਾ, ਬ੍ਰੌਂਕਾਈਟਿਸ, ਕੈਂਸਰ ਖ਼ਾਸ ਕਰਕੇ ਫੇਫੜਿਆਂ ਦਾ ਕੈਂਸਰ, ਮੂੰਹ ਦਾ ਕੈਂਸਰ, ਪੇਟ ਦਾ ਕੈਂਸਰ, ਫੂਡ ਪਾਈਪ ਦਾ ਕੈਂਸਰ ਤੇ ਪੈਨਕਰੀਆਜ਼ ਦੇ ਕੈਂਸਰ ਦਾ ਮੁੱਖ ਕਾਰਨ ਹੈ। ਇਹ ਹੈ ਕਿ ਜਿਸ ਤਰ੍ਹਾਂ ਸਿਗਰਟ ਪੀਂਦੇ ਰਹਿਣ ਨਾਲ ਸਬੰਧਤ ਬਿਮਾਰੀਆਂ ਦੀ ਗਿਣਤੀ ਵਧਦੀ ਹੈ ਤੇ ਇਨ੍ਹਾਂ ਦਾ ਅਰਸਾ ਵੀ ਵਧਦਾ ਹੈ, ਉਸੇ ਤਰ੍ਹਾਂ ਸਿਗਰਟ ਪੀਣੀ ਛੱਡ ਦੇਣ ਨਾਲ ਇਸ ਨਾਲ ਹੋਏ ਨੁਕਸਾਨ ਦਾ ਖ਼ਤਰਾ ਵੀ ਹੌਲੀ-ਹੌਲੀ ਘੱਟਦਾ ਹੈ।

- ਇਸ ਨਾਲ ਸਰੀਰ 'ਚ ਪੌਸ਼ਟਿਕ ਤੱਤਾਂ ਦੀ ਘਾਟ ਪੈਦਾ ਹੋ ਜਾਂਦੀ ਹੈ।



**ਸਿਗਰਟ ਦੇ ਧੂੰਏਂ 'ਚ 45 ਅਜਿਹੇ ਤੱਤ ਹੁੰਦੇ ਹਨ ਜੋ ਕੈਂਸਰ ਪੈਦਾ ਕਰਦੇ ਹਨ। ਨਿਕੋਟੀਨ ਧੂੰਏਂ ਰਾਹੀਂ ਅੰਦਰ ਜਾਣ ਪਿੱਛੋਂ ਸਿਰਫ਼ 10 ਸੈਕਿੰਡ 'ਚ ਦਿਮਾਗ਼ 'ਚ ਪਹੁੰਚ ਜਾਂਦੀ ਹੈ ਅਤੇ ਸਰੀਰ ਦੇ ਹਰ ਅੰਗ 'ਚ ਵੀ...**

- ਦਿਨ ਭਰ 'ਚ ਪੰਜ ਮਿੰਟ ਸਿਗਰਟ ਪੀਣ ਨਾਲ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਘੱਟ ਜਾਂਦੀ ਹੈ।
- ਸਿਗਰਟ ਪੀਣ ਨਾਲ ਸਰੀਰ ਦੀ ਲੋਹ ਤੱਤ ਗ੍ਰਹਿਣ ਕਰਨ ਦੀ ਸਮਰੱਥਾ ਘੱਟਦੀ ਹੈ, ਜਿਸ ਨਾਲ ਥਕਾਵਟ ਕਮਜ਼ੋਰੀ ਤੇ ਹੋਰ ਲੱਛਣ ਦਿਸਦੇ ਹਨ।
- ਇਕ ਸਿਗਰਟ ਪੀਣ ਨਾਲ ਸਰੀਰ 'ਚ 25 ਐੱਮਜੀ ਵਿਟਾਮਿਨ-ਸੀ ਦੀ ਘੱਟ ਹੁੰਦੀ ਹੈ, ਨਤੀਜੇ ਵਜੋਂ ਸਰੀਰ 'ਚ ਐਂਟੀਆਕਸੀਡੈਂਟ ਦੀ ਘਾਟ ਹੁੰਦੀ ਜਾਂਦੀ ਹੈ।
- ਸਿਗਰਟ ਪੀਣ ਵਾਲਿਆਂ 'ਚ ਹੱਡੀਆਂ ਦੀ ਕਮਜ਼ੋਰੀ ਹੋਣ ਦਾ ਖ਼ਤਰਾ ਵੱਧ ਹੁੰਦਾ ਹੈ। ਮੂੰਹ ਦਾ ਕੈਂਸਰ ਹੋਣ ਦਾ ਖ਼ਤਰਾ ਵੀ ਕਈ ਗੁਣਾਂ ਵੱਧ ਜਾਂਦਾ ਹੈ।

ਭਾਰਤ 'ਚ ਹਰ ਸਾਲ ਤੰਬਾਕੂ ਕਾਰਨ ਲਗਪਗ 1.5 ਲੱਖ ਲੋਕ ਕੈਂਸਰ, 42 ਲੱਖ ਲੋਕ ਦਿਲ ਦੇ ਰੋਗਾਂ ਦੇ ਸ਼ਿਕਾਰ ਹੋ ਜਾਂਦੇ ਹਨ। ਭਾਰਤ ਸੰਸਾਰ 'ਚ ਮੂੰਹ ਦੇ ਕੈਂਸਰ ਦੀ ਰਾਜਧਾਨੀ ਬਣ ਚੁੱਕਾ ਹੈ। ਸਿਹਤ ਮੰਤਰਾਲੇ ਦੇ ਅੰਕੜਿਆਂ 'ਤੋਂ ਪਤਾ ਲੱਗਦਾ ਹੈ ਕਿ ਭਾਰਤ 'ਚ ਹਰੇਕ ਸਾਲ ਦਰਜ ਹੋਣ ਵਾਲੇ ਕੁੱਲ ਕੈਂਸਰ ਦੇ ਕੇਸਾਂ 'ਚ 30 ਫ਼ੀਸਦੀ ਕੇਸ ਮੂੰਹ ਦੇ ਕੈਂਸਰ ਨਾਲ ਸਬੰਧਤ ਹੁੰਦੇ ਹਨ। ਇਸ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਸ ਦਾ ਪਤਾ ਲੇਟ ਹੀ ਲੱਗਦਾ ਹੈ, ਜਿਸ ਕਾਰਨ ਮਰੀਜ਼ਾਂ ਕੋਲ ਸਮਾਂ ਘੱਟ ਬਚਦਾ ਹੈ। ਮੂੰਹ ਦੇ ਕੈਂਸਰ ਦੇ ਵਿਚ ਵੱਧ ਪ੍ਰਭਾਵਿਤ ਅੰਗ ਬੁੱਲ੍ਹ, ਗੱਲ੍ਹ, ਜੀਭ ਆਦਿ ਹੁੰਦੇ ਹਨ। ਤੰਬਾਕੂ, ਗੁਟਖਾ ਜਾਂ ਪਾਨ ਮਸਾਲਾ ਖਾਣ ਨਾਲ ਟਿਸ਼ੂਆਂ 'ਚ ਤਬਦੀਲੀ ਆਉਣ ਨਾਲ ਵੀ ਕੈਂਸਰ ਹੁੰਦਾ ਹੈ।

ਸੰਪਰਕ - 815629301

## ਪਛਾਣ ਅਤੇ ਰੋਕਥਾਮ

*ਪਹਿਲੇ ਪੜਾਅ 'ਚ ਗਲੇ ਦਾ ਅਲਟਰਾਸਾਊਂਡ, ਛਾਤੀ ਦੇ ਐਕਸਰੇ ਤੇ ਖ਼ੂਨ ਦੀ ਜਾਂਚ ਨਾਲ ਇਸ ਦਾ ਪਤਾ ਲੱਗ ਜਾਂਦਾ ਹੈ। ਜੇ ਕੈਂਸਰ ਗਲੇ ਤਕ ਨਹੀ ਪਹੁੰਚਿਆ ਹੁੰਦਾ ਤਾਂ ਸਰਜਰੀ ਰਾਹੀਂ ਠੀਕ ਕਰ ਦਿੱਤਾ ਜਾਂਦਾ ਹੈ। ਦੂਜੇ ਪੜਾਅ 'ਚ ਪਤਾ ਲੱਗਣ 'ਤੇ ਇਹ ਪਤਾ ਇਹ ਪਤਾ ਲੱਗ ਜਾਂਦਾ ਹੈ ਕਿ ਕਿਹੜੇ ਨੋਡ 'ਤੇ ਕਿੰਨਾ ਅਸਰ ਹੋਇਆ ਹੈ? ਗਰਦਨ ਵਿਚਕਾਰ ਜਾਂ ਗਰਦਨ ਦੇ ਹੇਠਾਂ ਇੱਥੇ ਵੀ ਸਰਜਰੀ ਦੇ ਨਾਲ-ਨਾਲ ਰੇਡੀਓਥੈਰੇਪੀ ਦਿੱਤੀ ਜਾਂਦੀ ਹੈ। ਕੇਸ ਨੂੰ ਵੇਖਦੇ ਹੋਏ ਕੀਮੋਥੈਰੇਪੀ ਵੀ ਕੈਂਸਰ ਦੇ ਇਲਾਜ 'ਚ ਕੀਤੀ ਜਾਣ ਵਾਲੀ ਵਿਧੀ ਹੈ। ਸਿਗਰਟਨੋਸ਼ੀ ਛੱਡਣ ਲਈ ਦ੍ਰਿੜ ਫੈਸਲਾ ਲੈਣਾ ਹੁੰਦਾ ਹੈ। ਮਾਨਸਿਕ ਮਜ਼ਬੂਤੀ ਨਾਲ ਤੁਸੀਂ ਇਸ ਤੋਂ ਛੁਟਕਾਰਾ ਪਾ ਸਕਦੇ ਹੋ। ਨਿਕੋ ਗਮ, ਨਿਕੋ ਏਅਰੋਸੋਲ ਤੇ ਇਨਹੇਲਰ ਸਿਗਰਟਨੋਸ਼ੀ ਦੀ ਲਤ ਤੋਂ ਛੁਟਕਾਰਾ ਪਾਉਣ 'ਚ ਮਦਦ ਕਰਦੇ ਹਨ। ਫਲ ਵਧੇਰੇ ਮਾਤਰਾ ਵਿਚ ਖਾਣੇ ਸ਼ੁਰੂ ਕਰੋ। ਇਸ ਨਾਲ ਨਿਕੋਟੀਨ ਦੀ ਤਲਬ ਘੱਟਦੀ ਹੈ। ਰੈਗੂਲਰ ਸੈਰ ਤੇ ਕਸਰਤ ਕਰੋ। ਵਿਗਿਆਨਕ ਅੱਜ-ਕੱਲ੍ਹ ਜੀਨ ਥੈਰੇਪੀ ਰਾਹੀ ਮੂੰਹ ਦੇ ਕੈਂਸਰ ਦਾ ਇਲਾਜ ਕਰਨ 'ਚ ਜੁਟੇ ਹੋਏ ਹਨ। ਸਿਗਰਟਨੋਸ਼ੀ ਨਾ ਸਿਰਫ਼ ਤੁਹਾਡੇ ਲਈ ਬਲਕਿ ਆਉਣ ਵਾਲੀ ਪੀੜ੍ਹੀ ਨੂੰ ਵੀ ਵਿਗੜੇ ਹੋਏ ਡੀ.ਐੱਨ.ਏ ਦੇ ਰਹੀ ਹੈ। 2030 ਤਕ ਸਿਗਰਟ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ 80 ਲੱਖ ਤਕ ਪਹੁੰਚ ਜਾਵੇਗੀ। ਭਾਰਤ 12 ਕਰੋੜ ਦੇ ਲਗਪਗ ਲੋਕ ਸਿਗਰਟ ਪੀਂਦੇ ਹਨ। ਭਾਵ ਸੰਸਾਰ ਦੇ 12 ਫੀਸਦੀ ਸਿਗਰਟਨੋਸ਼ ਭਾਰਤੀ ਹਨ।*

# ਬਦਲਦੇ ਮੌਸਮ 'ਚ ਰਹੋ ਸੁਚੇਤ

ਬਰਸਾਤ ਦਾ ਮੌਸਮ ਜਾਂਦੇ ਹੀ ਖੰਘ-ਜ਼ੁਕਾਮ ਹੋਣਾ ਸਧਾਰਣ ਗੱਲ ਹੈ। ਬੱਚਾ ਹੋਵੇ ਜਾਂ ਕੋਈ ਵੱਡਾ ਵਿਅਕਤੀ ਜੇ ਬਾਹਰ ਤੋਂ ਭਿੱਜ ਕੇ ਆ ਰਿਹਾ ਹੈ ਅਤੇ ਗਿੱਲੇ ਕਪੜਿਆਂ 'ਚ ਲਗਾਤਾਰ ਰਿਹਾ ਹੈ ਤਾਂ ਉਸਨੂੰ ਕਾਮਨ ਫਲੂ ਖੰਘ-ਜ਼ੁਕਾਮ ਹੋ ਸਕਦਾ ਹੈ।

ਫਲੂ ਦੇ ਤਿੰਨ ਮੁੱਖ ਵਾਇਰਸ ਹੁੰਦੇ ਹਨ। ਇਨ੍ਹਾਂ 'ਚ ਏ, ਬੀ ਅਤੇ ਸੀ ਟਾਈਪ ਸ਼ਾਮਲ ਹਨ। ਏ ਵਾਇਰਸ ਜਾਨਵਰਾਂ ਅਤੇ ਇਨਸਾਨਾਂ ਦੋਵਾਂ 'ਚ ਅਤੇ ਬੀ ਤੇ ਸੀ ਵਾਇਰਸ ਸਿਰਫ਼ ਇਨਸਾਨਾਂ 'ਚ ਹੁੰਦਾ ਹੈ। ਸਭ ਤੋਂ ਖ਼ਤਰਨਾਕ ਟਾਈਪ ਏ ਵਾਇਰਸ ਹੁੰਦਾ ਹੈ। ਜੇ ਮਰੀਜ਼ ਨੂੰ ਕੋਈ ਬਿਮਾਰੀ ਹੈ ਤਾਂ ਟਾਈਪ ਬੀ ਵੀ ਗੰਭੀਰ ਹੋ ਸਕਦਾ ਹੈ। ਸੀ ਘੱਟ ਖਤਰਨਾਕ ਹੁੰਦਾ ਹੈ। ਏ ਅਤੇ ਸੀ ਦੀ ਲਪੇਟ 'ਚ ਆਉਣ ਵਾਲੇ ਜ਼ਿਆਦਾਤਰ ਬੱਚਿਆਂ 'ਚ ਛਿੱਕ ਆਉਣ, ਸਰੀਰ ਦਰਦ, ਖੰਘ, ਨੱਕ ਵਗਣ ਅਤੇ ਤੇਜ਼ ਬੁਖਾਰ ਦੇ ਲੱਛਣ ਨਜ਼ਰ ਆਉਂਦੇ ਹਨ ਪਰ ਟਾਈਪ ਸੀ ਤੋਂ ਪ੍ਰਭਾਵਿਤ ਲੋਕਾਂ 'ਚ ਲੱਛਣ ਸਪਸ਼ਟ ਨਹੀ ਦਿਖਦੇ।

ਮੌਸਮ 'ਚ ਤਬਦੀਲੀ ਦੇ ਸਮੇਂ ਟਾਈਪ ਸੀ ਜ਼ਿਆਦਾ ਸਰਗਰਮ ਹੁੰਦਾ ਹੈ ਅਤੇ 5-7 ਦਿਨ 'ਚ ਜ਼ਿਆਦਾਤਰ ਲੋਕ ਬਿਨਾ ਦਵਾਈ ਤੋਂ ਵੀ ਠੀਕ ਹੋ ਜਾਂਦੇ ਹਨ। ਨੱਕ ਰਾਹੀ ਪਾਣੀ ਵਗਣ, ਗਲੇ 'ਚ ਖਾਰਸ਼ ਹੋਣ ਅਤੇ ਪੀਲੀ ਬਲਗਮ ਦੇ ਨਾਲ ਖੰਘ ਆਵੇ ਤਾਂ ਇਸਦਾ ਮਤਲਬ ਹੈ ਕਿ ਇਨਫੈਕਸ਼ਨ ਬੈਕਟੀਰੀਅਲ ਹੈ। ਸਾਹ ਦੀ ਨਾਲੀ ਦੇ ਹੇਠਲੇ ਹਿੱਸੇ 'ਚ ਇਨਫੈਕਸ਼ਨ ਹੋਣ 'ਤੇ ਤੇਜ਼ ਬੁਖਾਰ ਤੇ ਸਰੀਰ 'ਚ ਤੇਜ਼ ਦਰਦ ਹੁੰਦਾ ਹੈ ਅਤੇ ਬਲਗਮ ਜ਼ਿਆਦਾ ਬਣਦੀ ਹੈ। ਇਸ 'ਚ ਐਂਟੀ ਬੈਕਟੀਰੀਅਲ ਟਰੀਟਮੈਂਟ ਦਿੱਤਾ ਜਾਂਦਾ ਹੈ।

ਸਾਹ ਦੀ ਨਾਲੀ ਦੇ ਉੱਪਰੀ ਹਿੱਸੇ 'ਚ ਇਨਫੈਕਸ਼ਨ ਹੋਣ 'ਤੇ ਨੱਕ ਵਹਿੰਦਾ ਹੈ। ਇਹ ਆਮ ਤੌਰ 'ਤੇ ਵਾਇਰਲ ਹੁੰਦਾ ਹੈ। ਇਸ 'ਚ ਐਂਟੀ ਐਲਰਜਿਕ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਜੇ ਸਿਰਫ ਗਲੇ 'ਚ ਖਾਰਸ਼ ਹੈ ਤਾਂ ਇਹ ਇਨਫੈਕਸ਼ਨ ਬੈਕਟੀਰੀਅਲ ਹੁੰਦੀ ਹੈ। ਇਸ 'ਚ ਵੀ ਐਂਟੀਬਾਇਟਿਕਸ ਦਵਾਈਆਂ ਦਿੱਤੀਆਂ ਜਾਂਦੀਆਂ ਹਨ।



### ਸਾਵਧਾਨੀਆਂ

- ਬਾਰਸ਼ ਤੋਂ ਭਿੱਜਣ ਤੋਂ ਬਚੋ ਅਤੇ ਦੇਰ ਤਕ ਪਾਣੀ 'ਚ ਨਾ ਰਹੋ।
- ਘਰ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਛੱਤਰੀ ਜਾਂ ਰੇਨਕੋਟ ਨਾਲ ਲੈ ਕੇ ਨਿਕਲੋ।
- ਇਕ ਤਰ੍ਹਾਂ ਦੇ ਵਾਤਾਵਰਣ 'ਚੋਂ ਦੂਜੇ ਵਾਤਾਵਰਣ 'ਚ ਦਾਖਲ ਹੋਣ ਤੋਂ ਪਹਿਲਾਂ ਥੋੜੀ ਦੇਰ ਰੁਕੋ।
- ਖਾਣ-ਪੀਣ ਦਾ ਖਾਸ ਖਿਆਲ ਰੱਖੋ।
- ਜੇ ਭਿੱਜ ਜਾਓ ਤਾਂ ਤੁਰੰਤ ਕਪੜੇ ਬਦਲੋ ਅਤੇ ਗਿੱਲੇ ਸਿਰ ਨੂੰ ਤੌਲੀਏ ਨਾਲ ਪੂੰਝ ਕੇ ਸੁਕਾ ਲਵੋ।
- ਡਾਕਟਰ ਤੋਂ ਹੀ ਲੱਛਣਾਂ ਦੇ ਹਿਸਾਬ ਨਾਲ ਇਲਾਜ ਕਰਾਉਣਾ ਜ਼ਰੂਰੀ ਹੈ।

• ਫ਼ੀਚਰ ਡੈਸਕ

# ਕੰਜਕਟੀਵਾਈਟਿਸ ਤੋਂ ਬਚਾਅ

*ਜਦੋਂ ਅੱਖ ਦੇ ਡੇਲੇ ਵਿਚ ਸੋਜਿਸ਼ ਹੁੰਦੀ ਹੈ ਤਾਂ ਅੱਖਾਂ ਲਾਲ ਹੋ ਜਾਂਦੀਆਂ ਹਨ ਅਤੇ ਇਹੀ ਕੰਜਕਟੀਵਾਈਟਿਸ ਹੁੰਦਾ ਹੈ...*

ਕੰਜਕਟੀਵਾਈਟਿਸ ਅੱਖਾਂ ਦਾ ਅਜਿਹਾ ਰੋਗ ਹੈ ਜਿਹੜਾ ਬੜੀ ਤੇਜ਼ੀ ਨਾਲ ਫੈਲਦਾ ਹੈ। ਅੱਖ ਦੇ ਡੇਲੇ ਦੇ ਸਫੇਦ ਹਿੱਸੇ ਅਤੇ ਪਲਕ ਦੇ ਅੰਦਰਲੇ ਹਿੱਸੇ ਵਾਲੀ ਝਿੱਲੀ ਨੂੰ ਕੰਟਕਟੀਵਾ ਕਹਿੰਦੇ ਹਨ। ਅਸਲ 'ਚ ਜਦੋਂ ਇਸ 'ਚ ਇਨਫਲਾਮੇਸ਼ਨ (ਸੋਜਿਸ਼) ਹੁੰਦੀ ਹੈ ਤਾਂ ਅੱਖਾਂ ਲਾਲ ਹੋ ਜਾਂਦੀਆਂ ਹਨ ਅਤੇ ਇਹੀ ਕੰਜਕਟੀਵਾਈਟਿਸ ਹੁੰਦਾ ਹੈ। ਇਹ ਚਾਰ ਤਰ੍ਹਾਂ ਨਾਲ ਹੋ ਸਕਦਾ ਹੈ, ਬੈਕਟੀਰੀਅਲ, ਵਾਇਰਲ, ਐਲਰਜਿਕ ਅਤੇ ਕੈਮੀਕਲ ਪੈਣ ਦੀ ਵਜ੍ਹਾ ਨਾਲ। ਇਸ 'ਚ ਸਿਰਫ਼ ਵਾਇਰਲ ਹੀ ਹੁੰਦਾ ਹੈ ਜਦਕਿ ਬਾਕੀ ਤਿੰਨਾਂ ਤਰ੍ਹਾਂ ਦਾ ਰੋਗ ਕਦੀ ਵੀ ਹੋ ਸਕਦਾ ਹੈ। ਰੋਗ 'ਚ ਤਿੰਨ ਤੋਂ ਪੰਜ ਦਿਨਾਂ ਤੱਕ ਅੱਖਾਂ 'ਚ ਜਲਨ ਅਤੇ ਰੜਕ ਮਹਿਸੂਸ ਹੁੰਦੀ ਰਹਿੰਦੀ ਹੈ। ਇਹ ਹੋਣ 'ਤੇ ਅੱਖਾਂ 'ਚੋਂ ਪਾਣੀ ਵਗਦਾ ਰਹਿੰਦਾ ਹੈ, ਅੱਖਾਂ ਲਾਲ ਰਹਿੰਦੀਆਂ ਹਨ। ਬੈਕਟੀਰੀਅਲ ਇਨਫੈਕਸ਼ਨ ਹੋਣ 'ਤੇ ਅੱਖਾਂ 'ਚੋਂ ਪਸ ਵਰਗਾ ਚਿਪਚਿਪਾ ਦ੍ਰਵ ਨਿਕਲਦਾ ਹੈ। ਕੰਜਕਟੀਵਾਈਟਸ ਹੋਣ 'ਤੇ ਜੇ ਕੁਝ ਸਾਵਧਾਨੀਆਂ ਅਪਣਾ ਲਈਆਂ ਜਾਣ ਤਾਂ ਅੱਖਾਂ ਦੇ ਹੋਣ ਵਾਲੇ ਕਿਸੇ ਵੀ ਸੰਭਾਵਿਤ ਵੱਡੇ ਨੁਕਸਾਨ ਨੂੰ ਰੋਕਿਆ ਜਾ ਸਕਦਾ ਹੈ।

- ਅੱਖਾਂ ਨੂੰ ਮਲੋ ਜਾਂ ਰਗੜੋ ਨਾ। ਗਰਮ ਪਾਣੀ ਅਤੇ ਰੂੰ ਨਾਲ ਇਨ੍ਹਾਂ ਨੂੰ ਦਿਨ 'ਚ ਦੋ ਤੋਂ ਤਿੰਨ ਵਾਰ ਸਾਫ ਕਰੋ। ਜ਼ਿਆਦਾ ਤਕਲੀਫ ਹੋਣ 'ਤੇ ਠੰਡੇ ਪਾਣੀ ਜਾਂ ਬਰਫ ਨਾਲ ਸੇਕ ਦਿਓ।
- ਅੱਖਾਂ 'ਤੇ ਪਾਣੀ ਦੇ ਸਿੱਧੇ ਛਿੱਟੇ ਮਾਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਸ ਨਾਲ ਸਮੱਸਿਆ ਵਧ ਸਕਦੀ ਹੈ।
- ਅੱਖਾਂ 'ਚ ਕੋਈ ਵੀ ਦਵਾਈ ਅੱਖਾਂ ਦੇ ਮਾਹਰ ਡਾਕਟਰ ਦੀ ਸਲਾਹ ਤੋਂ ਬਿਨਾਂ ਨਾ ਪਾਓ। ਖੁਦ ਜਾਂ ਕੈਮਿਸਟ ਤੋਂ ਪੁੱਛ ਕੇ ਪਾਏ ਗਏ ਆਈ ਡਰਾਪ ਤੁਹਾਡੀ ਅੱਖਾਂ ਦੀ ਰੋਸ਼ਨੀ ਖੋਹ ਸਕਦੇ ਹਨ।
- ਕਾਲੇ ਚਸ਼ਮੇ ਦਾ ਇਸਤੇਮਾਲ ਕਰੋ। ਕਾਲੇ ਚਸ਼ਮੇ ਦੇ ਇਸਤੇਮਾਲ ਨਾਲ ਰੋਸ਼ਨੀ ਨਾਲ ਹੋਣ ਵਾਲੀ ਪਰੇਸ਼ਾਨੀ ਤੋਂ ਆਰਾਮ ਮਿਲੇਗਾ ਅਤੇ ਅੱਖ 'ਤੇ ਵਾਰ-ਵਾਰ ਹੱਥ ਨਹੀ ਲੱਗੇਗਾ।
- ਅੱਖ ਨੂੰ ਜਦੋਂ ਵੀ ਦਵਾਈ ਪਾਉਣ ਲਈ ਛੂਹਣਾ ਪਵੇ ਤਾਂ ਹੱਥ ਧੋ ਕੇ ਇਸਨੂੰ ਛੂਹੋ ਅਤੇ ਬਾਅਦ 'ਚ ਤੁਰੰਤ ਹੱਥ ਧੋ ਲਵੋ। ਆਪਣੇ ਹੱਥਾਂ ਨੂੰ ਰੁਮਾਲ, ਤੌਲੀਏ, ਚਾਦਰ ਆਦਿ ਬਾਕੀ ਸਾਰੀਆਂ ਚੀਜ਼ਾਂ ਤੋਂ ਦੂਰ ਰੱਖੋ।
- ਕਾਂਟੈਕਟ ਲੈਂਜ਼, ਮੇਕਅੱਪ ਆਦਿ ਦਾ ਇਸਤੇਮਾਲ ਨਾ ਕਰੋ।
- ਬਚਾਅ ਲਈ ਰੋਗੀ ਇਸਤੇਮਾਲ ਕਿਸੇ ਵੀ ਚੀਜ਼ ਨੂੰ ਨਾ ਵਰਤੋ। ਦਿਨ 'ਚ ਕਈ ਵਾਰ ਹੱਥ ਧੋਵੋ। ਆਪਣੀਆਂ ਅੱਖਾਂ ਨੂੰ ਘੱਟ ਤੋਂ ਘੱਟ ਛੂਹੋ।
- ਜਨਤਕ ਥਾਵਾਂ 'ਤੇ ਹੱਥ ਦਾ ਕਿਸੇ ਵੀ ਚੀਜ਼ ਨਾਲ ਸੰਪਰਕ ਘੱਟ ਤੋਂ ਘੱਟ ਕਰੋ।

• ਫ਼ੀਚਰ ਡੈਸਕ



# ਜ਼ਰੂਰੀ ਹੈ ਆਰਾਮ



**ਸਾਡੇ ਸਮਾਜ 'ਚ ਬਹੁਤ ਘੱਟ ਲੋਕ ਨੇ ਜੋ ਸਰੀਰਕ ਥਕਾਵਟ ਦੇ ਨਾਲ-ਨਾਲ ਮਾਨਸਿਕ ਥਕਾਵਟ ਦੂਰ ਕਰਨ ਲਈ ਵੀ ਕੋਈ ਉਪਰਾਲੇ ਕਰਦੇ ਹਨ।**

ਡਾ. ਟੀਐੱਲ ਚੋਪੜਾ

ਅੱਜ ਤੋਂ ਕੁਝ ਵਰ੍ਹੇ ਪਹਿਲਾਂ ਤੱਕ ਏਨੀ ਜ਼ਿਆਦਾ ਭੱਜ-ਨੱਠ ਨਹੀ ਸੀ ਜਿੰਨੀ ਕੁ ਹੁਣ ਹੋ ਚੁੱਕੀ ਹੈ। ਜ਼ਿੰਦਗੀ ਨੇ ਰਫ਼ਤਾਰ ਫੜੀ ਹੋਈ ਹੈ ਅਤੇ ਹਰ ਕੋਈ ਕਾਹਲ 'ਚ ਹੈ, ਹਰ ਕੋਈ ਹਰ ਕਿਸੇ ਤੋਂ ਅੱਗੇ ਨਿਕਲ ਜਾਣਾ ਚਾਹੁੰਦਾ ਹੈ। ਕਿਸੇ ਕੋਲ ਕਿਸੇ ਲਈ ਵਿਹਲ ਨਹੀ ਹੈ, ਇੱਥੋਂ ਤੱਕ ਕਿ ਆਪਣੇ ਆਪ ਲਈ ਵੀ ਨਹੀ। ਟੀਵੀ, ਕੰਪਿਊਟਰ, ਸਮਾਰਟ ਫੋਨ, ਟੈਬ ਨੇ ਰਹਿੰਦੀ ਵੀ ਮੱਤ ਮਾਰ ਕੇ ਰੱਖ ਦਿੱਤੀ ਹੈ। ਇਸ ਵਜ੍ਹਾ ਨਾਲ ਪਹਿਲਾਂ ਜਿਹੜੇ ਸਮੇਂ ਦਾ ਉਪਯੋਗ ਦੋਸਤਾਂ ਜਾਂ ਖੇਡ ਕੇ ਹੁੰਦਾ ਸੀ, ਹੁਣ ਉਹ ਸਮਾਂ ਇਨ੍ਹਾਂ ਗੈਜੇਟਸ ਵਿਚ ਬੀਤ ਜਾਂਦਾ ਹੈ। ਇਸ ਕਰਕੇ ਬਹੁਤ ਸਾਰੀਆਂ ਸਰੀਰਕ, ਮਾਨਸਿਕ, ਆਰਥਿਕ, ਪਰਿਵਾਰਕ ਅਤੇ ਸਮਾਜਿਕ ਸਮੱਸਿਆਵਾਂ ਪਨਪ ਰਹੀਆਂ ਹਨ। ਇਸ 'ਚੋਂ ਹੀ ਅਸੀ ਸਰੀਰਕ ਤੌਰ 'ਤੇ ਆਰਾਮ ਕਰਨਾ ਤਾਂ ਲੋਚਦੇ ਹਾਂ ਪਰ ਮਾਨਸਿਕ ਤੌਰ 'ਤੇ ਆਰਾਮ ਕਰਨ ਬਾਰੇ ਸੋਚਦੇ ਵੀ ਨਹੀ। ਸਾਡੇ ਸਮਾਜ 'ਚ ਬਹੁਤ ਘੱਟ ਲੋਕ ਨੇ ਜੋ ਸਰੀਰਕ ਥਕਾਵਟ ਦੇ ਨਾਲ-ਨਾਲ ਮਾਨਸਿਕ ਥਕਾਵਟ ਦੂਰ ਕਰਨ ਲਈ ਵੀ ਕੋਈ ਉਪਰਾਲੇ ਕਰਦੇ ਹਨ। ਇਹ ਗੱਲ ਪੱਕੀ ਹੈ ਕਿ ਜੇ ਦੋ, ਚਾਰ, ਛੇ ਮਹੀਨਿਆਂ ਬਾਅਦ ਆਪਣੀ ਰੁਟੀਨ ਨੂੰ ਭੰਗ ਕਰ ਕੇ ਦਿਮਾਗ ਨੂੰ ਆਰਾਮ ਦੇ ਲਿਆ ਜਾਵੇ ਤਾਂ ਅੱਗੋਂ ਕੰਮ ਕਰਨ ਦੀ ਸਮਰੱਥਾ ਦੁੱਗਣੀ ਹੋ ਜਾਂਦੀ ਹੈ। ਇਸ ਦੇ ਨਾਲ ਹੀ ਅਸੀ ਤੁਹਾਨੂੰ ਦੇ ਰਹੇ ਹਾਂ ਦਿਮਾਗ ਨੂੰ ਆਰਾਮ ਦੇਣ ਵਾਲੇ ਕੁਝ ਟਿਪਸ, ਜਿਨ੍ਹਾਂ ਨੂੰ ਅਪਣਾ ਕੇ ਤੁਸੀ ਮਾਨਸਿਕ ਤੌਰ 'ਤੇ ਖੁਸ਼ ਰਹਿ ਸਕਦੇ ਹੋ।

### ਰੁਟੀਨ ਬਦਲੋ

ਇਕਸਾਰਤਾ ਹਰ ਚੀਜ਼ 'ਚ ਨੀਰਸਤਾ ਭਰ ਦਿੰਦੀ ਹੈ। ਇਸ ਲਈ ਆਪਣੀ ਰੁਟੀਨ 'ਚ ਤਬਦੀਲੀ ਲਿਆਉਣੀ ਬੇਹੱਦ ਜ਼ਰੂਰੀ ਹੈ। ਹਰ ਕੰਮ ਸਮੇਂ 'ਤੇ ਕਰਨ ਦੇ ਮੂਲ ਮੰਤਰ ਨੂੰ ਪਰੇ ਰੱਖ ਕੇ ਕਦੀ ਆਪਣੇ ਆਪ ਨੂੰ ਥੋੜਾ ਗੈਰ-ਯੋਜਨਾਬੱਧ ਵੀ ਕਰੋ। ਹਰ ਚੀਜ਼ 'ਚ ਛੋਟੀਆਂ-ਛੋਟੀਆਂ ਤਬਦੀਲੀਆਂ ਕਰਨ ਨੂੰ ਤਿਆਰ ਰਹੋ। ਆਪਣੇ ਕਮਰੇ ਦੀ ਸਾਜ-ਸੱਜਾ ਤੋਂ ਲੈ ਕੇ ਆਪਣੇ ਟੀਵੀ ਦੇਖਣ ਦੇ ਸਮੇਂ ਤੱਕ 'ਚ ਵੀ।

### ਮਨਭਾਉਂਦੇ ਕੰਮ ਕਰੋ

ਸਮਾਜਿਕ ਕੰਮਾਂ ਤੋਂ ਬਿਨਾਂ ਜੋ ਮਨ ਨੂੰ ਭਾਉਂਦਾ ਹੋਵੇ ਉਹ ਕੰਮ ਕਰੋ। ਬਿਹਤਰ ਹੋਵੇਗਾ ਕੁਝ ਸਕਾਰਾਤਮਕ ਅਤੇ ਰਚਨਾਤਮਕ ਕਰੋ। ਇਸ ਨਾਲ ਤੁਹਾਨੂੰ ਮਜ਼ਾ ਵੀ ਆਵੇਗਾ ਅਤੇ ਸਿੱਖਣ-ਸਿਖਾਉਣ ਲਈ ਵੀ ਬਹੁਤ ਕੁਝ ਹੋਵੇਗਾ।

### ਪਰਿਵਾਰ ਨੂੰ ਸਮਾਂ

ਆਪਣੀ ਰੁਝੇਵਿਆਂ ਭਰੀ ਜ਼ਿੰਦਗੀ 'ਚ ਪਰਿਵਾਰ ਤੇ ਬੱਚਿਆਂ ਨੂੰ ਸਮਾਂ ਦੇਵੋਗੇ ਤਾਂ ਜ਼ਿੰਦਗੀ 'ਚ ਨੀਰਸਤਾ ਨਹੀ ਆਵੇਗੀ। ਛੋਟੀਆਂ-ਛੋਟੀਆਂ ਖੁਸ਼ੀਆਂ ਸਾਂਝੀਆਂ ਕਰੋ। ਬੱਚਿਆਂ ਨਾਲ ਗੱਲਾਂ ਕਰੋ। ਤੁਹਾਨੂੰ ਬਹੁਤ ਕੁਝ ਆਪਣਾ-ਆਪਣਾ ਤੇ ਚੰਗਾ ਲੱਗੇਗਾ।

### ਘੁੰਮਣਾ-ਫਿਰਨਾ

ਆਪਣੀ ਰੁਟੀਨ ਬਰੇਕ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਘੁੰਮਣਾ-ਫਿਰਨਾ। ਇਸ ਨਾਲ ਜਿੱਥੇ ਸਿਹਤ ਵਧੀਆ ਹੁੰਦੀ ਹੈ ਉੱਥੇ ਗਿਆਨ ਵੀ ਚੋਖਾ ਵੱਧਦਾ ਹੈ। ਚੀਜ਼ਾਂ, ਘਟਨਾਵਾਂ ਅਤੇ ਆਲੇ-ਦੁਆਲੇ ਦੇ ਬਾਰੇ 'ਚ ਤੁਹਾਡੀ ਸਮਝ ਵਿਸ਼ਾਲ ਹੁੰਦੀ ਹੈ।



## ਪਾਲਣਾ ਚਾਹੀਦਾ ਹੈ ਕੋਈ ਸ਼ੌਕ

***ਜ਼ਿਆਦਾ ਰੁਝੇਵੇਂ ਹੋਣ ਕਾਰਨ ਸਿਹਤ ਦਾ ਨੁਕਸਾਨ ਵੱਡੇ ਪੱਧਰ 'ਤੇ ਹੁੰਦਾ ਹੈ। ਹਰ ਮਨੁੱਖ ਨੂੰ ਕੋਈ ਨਾ ਕੋਈ ਸ਼ੌਕ ਜ਼ਰੂਰ ਪਾਲਣਾ ਚਾਹੀਦਾ ਹੈ। ਬੇਸ਼ੱਕ ਉਹ ਬਾਗਵਾਨੀ ਦਾ ਹੋਵੇ, ਕਿਤਾਬਾਂ ਪੜ੍ਹਨ ਦਾ ਹੋਵੇ ਜਾਂ ਫਿਰ ਸੰਗੀਤ ਸੁਣਨ ਦਾ ਹੋਵੇ। ਕੋਈ ਨਾ ਕੋਈ ਸ਼ੌਕ ਹੋਣਾ ਬਹੁਤ ਜ਼ਰੂਰੀ ਹੈ। ਸ਼ੌਕ ਹਮੇਸ਼ਾਂ ਉਤਸ਼ਾਹ ਦਾ ਸੰਚਾਰ ਕਰਦਾ ਹੈ। ਇਸ ਨਾਲ ਦਿਮਾਗ 'ਚੋਂ ਖੁਸ਼ੀ ਦੇਣ ਵਾਲੇ ਹਾਰਮੋਨ ਰਿਲੀਜ਼ ਹੁੰਦੇ ਹਨ।***

### ਮਦਦ ਕਰੋ, ਮਦਦ ਲਵੋ

ਜਦੋਂ ਵੀ ਤੁਸੀ ਕਿਸੇ ਦੇ ਕੰਮ ਆਉਂਦੇ ਹੋ ਤੁਹਾਨੂੰ ਮਾਨਸਿਕ ਤੌਰ 'ਤੇ ਕਾਫ਼ੀ ਰਾਹਤ ਮਿਲਦੀ ਹੈ। ਇਸ ਨਾਲ ਘੱਟ ਜਾਣ-ਪਛਾਣ ਜਾਂ ਨਾ ਜਾਣਨ ਵਾਲੇ ਲੋਕਾਂ ਦੇ ਨਾਲ ਤੁਹਾਡਾ ਕਾਫ਼ੀ ਆਪਣਾਪਨ ਵੀ ਵੱਧਦਾ ਹੈ। ਇਹੀ ਗੱਲ ਮਦਦ ਲੈਣ ਨੂੰ ਤਿਆਰ ਰਹਿਣ ਦੀ ਪ੍ਰਵਿਰਤੀ ਦੇ ਨਾਲ ਵੀ ਹੈ। ਮਦਦ ਲੈਣਾ ਜਾਂ ਦੇਣਾ ਦੋਵੇਂ ਤੁਹਾਨੂੰ ਸਮਾਜਿਕ ਬਣਾਉਂਦੇ ਹਨ ਅਤੇ ਸਮਾਜਿਕ ਬਣਨਾ ਇਕੱਲੇਪਨ ਦੀ ਤ੍ਰਾਸਦੀ ਤੋਂ ਦੂਰ ਹੋਣ ਦਾ ਸਭ ਤੋਂ ਬੇਹਤਰ ਜ਼ਰੀਆ ਹੈ।

### ਸਿਹਤਮੰਦੀ ਜ਼ਰੂਰੀ ਹੈ

ਸਿਹਤਮੰਦ ਸਰੀਰ 'ਚ ਹੀ ਸਿਹਤਮੰਦ ਦਿਮਾਗ ਦਾ ਨਿਵਾਸ ਸੰਭਵ ਹੈ, ਇਸ ਲਈ ਸੰਤੁਲਿਤ ਖਾਣਾ ਖਾਓ। ਰੋਜ਼ਾਨਾ ਕਸਰਤ ਕਰੋ। ਖਾਣੇ 'ਚ ਫਾਇਬਰ ਅਤੇ ਵਿਟਾਮਿਨਾਂ ਦਾ ਖਾਸ ਖਿਆਲ ਰੱਖੋ। ਕੋਲੈਸਟਰੋਲ, ਬਲੱਡ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਨੂੰ ਠੀਕ ਰੱਖਣਾ ਅੱਜ ਦੀ ਸਭ ਤੋਂ ਵੱਡੀ ਸਮੱਸਿਆ ਹੈ। ਜ਼ਰੂਰੀ ਹੈ ਕਿ ਤਲੇ-ਭੁੰਨੇ ਅਤੇ ਮਿੱਠੇ ਭੋਜਨ ਤੋਂ ਬਚੋ।

### ਨਸ਼ੇ ਤੋਂ ਬਚੋ

ਨਸ਼ੀਲੀਆਂ ਚੀਜ਼ਾਂ ਤੋਂ ਤੁਸੀ ਜਿੰਨਾ ਦੂਰ ਰਹੋਗੇ, ਤੁਹਾਡਾ ਦਿਮਾਗ ਓਨਾ ਹੀ ਤਰੋਤਾਜ਼ਾ ਰਹੇਗਾ। ਕਈ ਲੋਕਾਂ ਦੀ ਇਹ ਗਲਤ ਧਾਰਣਾ ਬਣ ਜਾਂਦੀ ਹੈ ਕਿ ਹਾਰਡ ਡ੍ਰਿੰਕਸ ਜਾਂ ਕੋਈ ਨਸ਼ੀਲੀ ਚੀਜ਼ ਲੈਣ ਨਾਲ ਦਿਮਾਗ ਤਰੋਤਾਜ਼ਾ ਹੁੰਦਾ ਹੈ ਜਦੋਂਕਿ ਅਸਲ ਸਥਿਤੀ ਇਸ ਦੇ ਬਿਲਕੁਲ ਉਲਟ ਹੈ। ਮਾਨਸਿਕ ਸਿਹਤ ਖਰਾਬ ਕਰਨ 'ਚ ਨਸ਼ੀਲੀਆਂ ਚੀਜ਼ਾਂ ਦਾ ਪ੍ਰਭਾਵ ਸਭ ਤੋਂ ਜ਼ਿਆਦਾ ਹੈ। ਇਨ੍ਹਾਂ ਤੋਂ ਬਚਣਾ ਚਾਹੀਦਾ ਹੈ। •

## ਸੰਪਾਦਕੀ

# ਧੁਰ ਸੱਜੇ ਪੱਖੀ ਅਤਿਵਾਦ

ਬਰਤਾਨੀਆ ਵਿੱਚ ਚੱਲ ਰਹੀ ਧੁਰ ਸੱਜੇ ਪੱਖੀ ਹਿੰਸਾ ਤਹਿਤ ਜਿਵੇਂ ਪਰਵਾਸੀਆਂ ਅਤੇ ਖ਼ਾਸਕਰ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਹ ਉਸ ਸਮਾਜ ਅੰਦਰ ਵਹਿ ਰਹੀਆਂ ਨਸਲਪ੍ਰਸਤ ਅਤੇ ਕੁਪ੍ਰਚਾਰ ਦੀਆਂ ਧਾਰਾਵਾਂ ਵੱਲ ਧਿਆਨ ਖਿੱਚਣ ਵਾਲਾ ਬਹੁਤ ਹੀ ਪ੍ਰੇਸ਼ਾਨਕੁਨ ਵਰਤਾਰਾ ਹੈ। ਕੁਝ ਦਿਨ ਪਹਿਲਾਂ ਤਿੰਨ ਕੁੜੀਆਂ 'ਤੇ ਚਾਕੂ ਨਾਲ ਹਮਲਾ ਹੋਇਆ ਸੀ ਜਿਸ ਦਾ ਲਾਹਾ ਉਠਾਉਂਦਿਆਂ ਧੁਰ ਸੱਜੇ ਪੱਖੀ ਪ੍ਰਦਰਸ਼ਨਕਾਰੀਆਂ ਨੇ ਆਪਣੀ ਨਫ਼ਰਤ ਅਤੇ ਅਫਰਾ-ਤਫ਼ਰੀ ਦੀ ਭੱਠੀ ਮਘਾ ਦਿੱਤੀ। ਇਹ ਮਹਿਜ਼ ਰੋਸ ਪ੍ਰਦਰਸ਼ਨ ਨਹੀਂ ਸਨ ਸਗੋਂ ਇਸ ਦੌਰਾਨ ਦੁਕਾਨਾਂ ਲੁੱਟਣ, ਕਾਰਾਂ ਨੂੰ ਅੱਗ ਲਾਉਣ ਅਤੇ ਏਸ਼ਿਆਈ ਮੂਲ ਦੇ ਲੋਕਾਂ ਦੇ ਕਾਰੋਬਾਰਾਂ ਤੇ ਮਸਜਿਦਾਂ ਦੀ ਭੰਨਤੋੜ ਦੀਆਂ ਘਟਨਾਵਾਂ ਦਾ ਚੱਕਰ ਵਿੱਢ ਦਿੱਤਾ ਗਿਆ। ਪਰਵਾਸੀਆਂ ਪ੍ਰਤੀ ਧੁਰ ਸੱਜੇ ਪੱਖੀਆਂ ਦੀ ਨਫ਼ਰਤ ਕਿਸੇ ਇੱਕਾ-ਦੁੱਕਾ ਘਟਨਾ ਤਕ ਮਹਿਦੂਦ ਨਹੀਂ ਹੈ ਸਗੋਂ ਇਹ ਵਡੇਰੇ ਰੂਪ ਵਿੱਚ ਉਨ੍ਹਾਂ ਦੀ ਸਮਾਜਿਕ ਬੇਚੈਨੀ ਅਤੇ ਸਿਆਸੀ ਨਾਕਾਮੀਆਂ ਦੀ ਅਕਾਸੀ ਹੈ। ਟੌਮੀ ਰੌਬਿਨਸਨ ਜਿਹੇ ਸੋਸ਼ਲ ਮੀਡੀਆ ਕਰਮੀਆਂ ਅਤੇ ਨਾਈਜਲ ਫਰਾਜ਼ ਜਿਹੇ ਸਿਆਸਤਦਾਨਾਂ ਵੱਲੋਂ ਪਰਵਾਸੀਆਂ ਅਤੇ ਸੱਭਿਆਚਾਰਕ ਏਕੀਕਰਨ ਪ੍ਰਤੀ ਕਈ ਮਨਘੜਤ ਵਿਸ਼ਵਾਸ ਫੈਲਾ ਰਹੇ ਹਨ। ਉਹ ਇਸ ਤਰ੍ਹਾਂ ਦਾ ਕੂੜ ਪ੍ਰਚਾਰ ਫੈਲਾਉਂਦੇ ਆ ਰਹੇ ਹਨ ਕਿ ਹਮਲਾਵਰ ਕੋਈ ਮੁਸਲਿਮ ਸੀ ਤਾਂ ਕਿ ਆਪਣੇ ਵੰਡਪਾਊ ਏਜੰਡੇ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸਹੀ ਕਦਮ ਪੁੱਟਦਿਆਂ ਇਨ੍ਹਾਂ ਦੰਗਿਆਂ ਨੂੰ 'ਬੱਝਵੀਂ ਗ਼ੈਰ-ਕਾਨੂੰਨੀ ਬਦਮਾਸ਼ੀ' ਕਰਾਰ ਦਿੱਤਾ ਹੈ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਦੀ ਸਰਕਾਰ ਇਸ ਹਿੰਸਾ ਨਾਲ ਕਰਾਰੇ ਹੱਥੀਂ ਨਜਿੱਠੇਗੀ। ਹਾਲਾਂਕਿ ਹਿੰਸਾ ਦੇ ਇੱਕ ਹਫ਼ਤੇ ਦੇ ਅੰਦਰ-ਅੰਦਰ ਕਰੀਬ 400 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਪ੍ਰਦਰਸ਼ਨਕਾਰੀਆਂ ਤੇ ਪੁਲੀਸ ਵਿਚਕਾਰ ਝੜਪਾਂ ਚੱਲ ਰਹੀਆਂ ਹਨ ਤਾਂ ਵੀ ਆਨਲਾਈਨ ਕੂੜ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ ਹੋਰ ਠੋਸ ਕਦਮ ਚੁੱਕਣ ਦੀ ਲੋੜ ਹੈ ਕਿਉਂਕਿ ਇਸੇ ਹਥਿਆਰ ਦੇ ਜ਼ਰੀਏ ਸੱਜੇ ਪੱਖੀ ਤਾਕਤਾਂ ਹਿੰਸਾ ਫੈਲਾ ਰਹੀਆਂ ਹਨ। ਸਰਕਾਰ ਨੂੰ ਬੇਰੁਜ਼ਗਾਰੀ ਅਤੇ ਨਾਕਾਫ਼ੀ ਸਮਾਜਿਕ ਸੇਵਾਵਾਂ ਜਿਹੇ ਸਤਹਿ ਹੇਠਲੇ ਸਮਾਜਿਕ-ਆਰਥਿਕ ਮੁੱਦਿਆਂ ਨੂੰ ਵੀ ਮੁਖ਼ਾਤਿਬ ਹੋਣ ਦੀ ਲੋੜ ਹੈ ਜਿਨ੍ਹਾਂ ਦਾ ਇਹ ਧੁਰ ਸੱਜੇ ਪੱਖੀ ਲਾਹਾ ਲੈ ਰਹੇ ਹਨ ਅਤੇ ਅਕਸਰ ਪਰਵਾਸੀਆਂ ਖਿਲਾਫ਼ ਨਫ਼ਰਤ ਪੈਦਾ ਕਰਨ ਦਾ ਬਹਾਨਾ ਬਣਾਉਂਦੇ ਰਹਿੰਦੇ ਹਨ।

ਡਰ ਦੇ ਅਜਿਹੇ ਮਾਹੌਲ ਅੰਦਰ ਇਹ ਸਹਿਣਸ਼ੀਲਤਾ ਅਤੇ ਇੱਕਜੁੱਟਤਾ ਦੀਆਂ ਕਦਰਾਂ-ਕੀਮਤਾਂ ਦਾ ਪੱਲਾ ਫੜੀ ਰੱਖਣਾ ਬਹੁਤ ਜ਼ਰੂਰੀ ਹੈ। ਬਰਤਾਨੀਆ ਨੂੰ ਬਿਨਾਂ ਕਿਸੇ ਭੇਦ-ਭਾਵ ਤੋਂ ਆਪਣੇ ਸਾਰੇ ਬਾਸ਼ਿੰਦਿਆਂ ਦੀ ਸੁਰੱਖਿਆ ਅਤੇ ਭਲਾਈ ਯਕੀਨੀ ਬਣਾਉਣ ਅਤੇ ਇਸ ਦੇ ਨਾਲ ਹੀ ਇਸ ਕਿਸਮ ਦੀ ਨਸਲਪ੍ਰਸਤ ਹਿੰਸਾ ਨੂੰ ਜੜੋਂ ਪੁੱਟਣ ਦੀ ਲੋੜ ਹੈ। ਮੀਡੀਆ ਅਤੇ ਸਿਆਸੀ ਆਗੂਆਂ ਨੂੰ ਜਿ ੰਮੇਵਾਰੀ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਕਿਸੇ ਵੀ ਕਿਸਮ ਦੀ ਭੜਕਾਊ ਬਿਆਨਬਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਬਰਤਾਨੀਆ ਵਿੱਚ ਰਹਿ ਰਹੇ ਪਰਵਾਸੀ ਭਾਈਚਾਰਿਆਂ ਨੂੰ ਇਸ ਸਮੇਂ ਚੌਕਸ ਰਹਿਣਾ ਚਾਹੀਦਾ ਹੈ ਅਤੇ ਕਿਸੇ ਵੀ ਕਿਸਮ ਦੇ ਟਕਰਾਅ ਤੋਂ ਬਚਣਾ ਚਾਹੀਦਾ ਹੈ। ਪਿਛਲੇ ਕੁਝ ਸਾਲਾਂ ਤੋਂ ਸੰਸਾਰ ਦੇ ਵੱਖ-ਵੱਖ ਮੁਲਕਾਂ ਵਿੱਚ ਸੱਜੇ ਪੱਖੀਆਂ ਦੀ ਚੜ੍ਹਤ ਦੇਖਣ ਨੂੰ ਮਿਲ ਰਹੀ ਹੈ ਅਤੇ ਇਹ ਸੱਜੇ ਪੱਖੀ ਆਗੂ ਅਜਿਹੀਆਂ ਨੀਤੀਆਂ ਲੈ ਕੇ ਆ ਰਹੇ ਹਨ ਜਿਨ੍ਹਾਂ ਨਾਲ ਅਵਾਮ ਅੰਦਰ ਪਾੜਾ ਵਧਦਾ ਹੈ। ਇਉਂ ਇਹ ਆਗੂ ਆਪਣੀ ਚੜ੍ਹਤ ਖ਼ਾਤਿਰ ਲੋਕਾਂ ਨੂੰ ਸਿਆਸਤ ਦਾ ਖਾਜਾ ਬਣਾਉਣ ਦੀਆਂ ਕੋਸਿ ਸ਼ਾਂ ਕਰਦੇ ਹਨ। ਇਸ ਲਈ ਅਜਿਹੇ ਟਕਰਾਅ ਰੋਕਣੇ ਇਸ ਵਕਤ ਦੀ ਸਭ ਤੋਂ ਵੱਡੀ ਜ਼ਰੂਰਤ ਅਤੇ ਜਿੰਮੇਵਾਰੀ ਹੈ।

## ਪ੍ਰਸਤਾਵਨਾ 'ਤੇ ਵਿਵਾਦ

ਵਿਦਿਅਕ ਖੋਜ ਅਤੇ ਸਿਖਲਾਈ ਬਾਰੇ ਕੌਮੀ ਪਰਿਸ਼ਦ (ਐੱਨਸੀਈਆਰਟੀ) ਦਾ ਵਿਵਾਦਾਂ ਨਾਲ ਪੁਰਾਣਾ ਨਾਤਾ ਰਿਹਾ ਹੈ। ਇਹ ਵੱਖ-ਵੱਖ ਜਮਾਤਾਂ ਦੀਆਂ ਪਾਠ ਪੁਸਤਕਾਂ ਵਿੱਚ ਹਵਾਲਿਆਂ ਦੀ ਆਪਣੀ ਕਥਿਤ ਚੋਣ ਲਈ ਕਈ ਵਾਰ ਸੁਰਖੀਆਂ ਵਿੱਚ ਆਉਂਦੀ ਰਹੀ ਹੈ; ਫਿਰ ਭਾਵੇਂ ਉਹ ਹਵਾਲੇ ਸ਼ਾਮਿਲ ਕਰਨ ਦਾ ਮਾਮਲਾ ਹੋਵੇ ਜਾਂ ਇਨ੍ਹਾਂ ਦੀ ਕੱਟ-ਵੱਢ ਦਾ। ਕਈ ਸਮਕਾਲੀ ਘਟਨਾਵਾਂ ਜਿਵੇਂ ਬਾਬਰੀ ਮਸਜਿਦ ਢਾਹੇ ਜਾਣਾ ਅਤੇ ਗੁਜਰਾਤ ਦੰਗਿਆਂ, ਇਤਿਹਾਸਕ ਸ਼ਖ਼ਸੀਅਤਾਂ ਜਿਵੇਂ ਮੁਗ਼ਲ ਸ਼ਾਸਕਾਂ ਦੇ ਹਵਾਲਿਆਂ ਨਾਲ ਕਥਿਤ ਛੇੜਛਾੜ ਲਈ ਇਹ ਵਿਵਾਦਾਂ ਵਿੱਚ ਘਿਰੀ ਰਹੀ ਹੈ। ਤਾਜ਼ਾ ਰੇੜਕਾ ਜਿਸ ਨੂੰ ਬੇਸ਼ੱਕ ਟਾਲਿਆ ਜਾ ਸਕਦਾ ਸੀ, ਤੀਜੀ ਤੇ ਛੇਵੀਂ ਜਮਾਤ ਦੀਆਂ ਕਈ ਪਾਠ ਪੁਸਤਕਾਂ ਵਿੱਚੋਂ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਕਥਿਤ ਤੌਰ 'ਤੇ ਹਟਾਉਣ ਨਾਲ ਜੁੜਿ ਆ ਹੋਇਆ ਹੈ।

ਪ੍ਰਸਤਾਵਨਾ ਨੂੰ ਛੋਟਾ ਕਰ ਕੇ ਸ਼ਾਮਿਲ ਕਰਨ ਦਾ ਵਿਚਾਰ ਰੋਸ ਪੈਦਾ ਕਰਦਾ ਹੈ ਕਿਉਂਕਿ ਸੰਵਿਧਾਨ ਦੇ ਇਸ ਹਿੱਸੇ ਦੇ ਮਹੱਤਵ ਤੇ ਪਵਿੱਤਰਤਾ ਨੂੰ ਬਿਲਕੁਲ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸੰਵਿਧਾਨ ਦਾ ਸਾਰ-ਤੱਤ ਅਸਲ ਵਿੱਚ ਸਪੱਸ਼ਟ ਤੌਰ 'ਤੇ ਸਾਰੇ ਭਾਰਤੀ ਨਾਗਰਿਕਾਂ ਦੀ ਆਜ਼ਾਦੀ, ਬਰਾਬਰੀ ਯਕੀਨੀ ਬਣਾਉਣ, ਸਾਰਿਆਂ ਨੂੰ ਇਕਸਾਰ ਨਿਆਂ ਅਤੇ ਭਾਈਚਾਰੇ ਦੀ ਭਾਵਨਾ ਨੂੰ ਕਾਇਮ ਰੱਖਣ ਦੇ ਅਹਿਦ ਨਾਲ ਜੁੜਿਆ ਹੋਇਆ ਹੈ। ਪ੍ਰਸਤਾਵਨਾ ਕਿਸੇ ਵੀ ਪੱਖ ਤੋਂ ਬੁਨਿਆਦੀ ਫ਼ਰਜ਼ਾਂ ਅਤੇ ਹੱਕਾਂ, ਰਾਸ਼ਟਰੀ ਗੀਤ ਤੇ ਕੌਮੀ ਤਰਾਨੇ ਨਾਲੋਂ ਬਿਲਕੁਲ ਘੱਟ ਮਹੱਤਵਪੂਰਨ ਨਹੀਂ ਹੈ। ਇਨ੍ਹਾਂ ਸਾਰੇ ਤੱਤਾਂ ਦੀ ਵਿਲੱਖਣ ਪਛਾਣ ਤੇ ਮੂਲ ਭਾਵ ਹੈ ਤੇ ਕੋਈ ਵੀ ਇੱਕ ਦੂਜੇ ਦੀ ਥਾਂ ਨਹੀਂ ਲੈ ਸਕਦਾ।

ਵਿਦਿਅਕ ਖੋਜ ਤੇ ਸਿਖਲਾਈ ਬਾਰੇ ਕੌਮੀ ਪਰਿਸ਼ਦ (ਐੱਨਸੀਈਆਰਟੀ) ਦੇ ਨਾਲ-ਨਾਲ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਦਾਅਵਾ ਕੀਤਾ ਹੈ ਕਿ ਪ੍ਰਸਤਾਵਨਾ ਹਟਾਉਣ ਸਬੰਧੀ ਲਾਏ ਗਏ ਦੋਸ਼ ਬੇਬੁਨਿਆਦ ਹਨ। ਹਾਲਾਂਕਿ ਇਸ ਬਾਰੇ ਸਬੂਤਾਂ ਨਾਲ ਸਫ਼ਾਈ ਦੇਣ ਦੀ ਬਜਾਇ, ਕੇਂਦਰੀ ਮੰਤਰੀ ਪ੍ਰਧਾਨ ਨੇ ਕਾਂਗਰਸ 'ਤੇ ਤਿੱਖਾ ਨਿਸ਼ਾਨਾ ਸੇਧਿਆ ਹੈ। ਉਨ੍ਹਾਂ ਕਿਹਾ ਹੈ ਕਿ ਵਿਰੋਧੀ ਧਿਰ ਦੀ 'ਝੂਠਾਂ ਦੀ ਸਿਆਸਤ' ਨੇ ਇਸ ਦੀ 'ਘਿਨਾਉਣੀ ਮਾਨਸਿਕਤਾ' ਦਾ ਪਰਦਾਫਾਸ਼ ਕਰ ਦਿੱਤਾ ਹੈ। ਸੰਵਿਧਾਨ ਦੀ ਪ੍ਰਸਤਾਵਨਾ 'ਚ ਦਰਜ ਸੰਵਿਧਾਨਕ ਕਦਰਾਂ-ਕੀਮਤਾਂ ਕਿਸੇ ਰਾਜਨੀਤਕ ਪਾਰਟੀ ਦਾ ਅਧਿਕਾਰ ਖੇਤਰ ਨਹੀਂ ਹਨ। ਨਾ ਹੀ ਕਿਸੇ ਪਾਰਟੀ ਜਾਂ ਸਰਕਾਰ ਨੂੰ ਇਹ ਗ਼ਲਤਫਹਿਮੀ ਪਾਲਣੀ ਚਾਹੀਦੀ ਹੈ ਕਿ ਉਹ ਇਸ ਪਵਿੱਤਰ ਦਸਤਾਵੇਜ਼ ਦੀ ਅਣਦੇਖੀ ਕਰ ਸਕਦੀ ਹੈ। ਇੱਥੇ ਇਹ ਤੱਥ ਵੀ ਮਹੱਤਵਪੂਰਨ ਹੈ ਕਿ ਇਸ ਸਾਲ ਸੰਵਿਧਾਨ ਸਭਾ ਵੱਲੋਂ ਸੰਵਿਧਾਨ ਅਪਣਾਏ ਜਾਣ ਨੂੰ 75 ਸਾਲ ਪੂਰੇ ਹੋ ਜਾਣਗੇ। ਇਸ ਵਿੱਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਭਾਸ਼ਾ, ਵਿਗਿਆਨ ਤੇ ਵਾਤਾਵਰਨ ਸਬੰਧੀ ਅਧਿਐਨ ਦੀਆਂ ਵੱਖ-ਵੱਖ ਪੁਸਤਕਾਂ 'ਚ ਸਤਿਕਾਰ ਸਹਿਤ ਥਾਂ ਮਿਲਣੀ ਚਾਹੀਦੀ ਹੈ। ਅਜਿਹਾ ਕਰਨ 'ਚ ਨਾਕਾਮੀ ਨਾ ਸਿਰਫ਼ ਸੰਵਿਧਾਨ ਬਲਕਿ ਭਾਰਤੀ ਲੋਕਤੰਤਰ ਦਾ ਵੀ ਨਿਰਾਦਰ ਹੋਵੇਗਾ।

## ਵਿਧਾਇਕਾਂ ਅਤੇ ਪ੍ਰਸ਼ਾਸਨ ਵੱਲੋਂ ਵਣ ਮਹੋਤਸਵ ਮਨਾਇਆ, ਬੂਟੇ ਲਗਾਏ



**ਲੁਧਿਆਣਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਨਾਲ ਵਿਧਾਨ ਸਭਾ ਦੇ ਮੈਂਬਰਾਂ ਨੇ ਜ਼ਿਲ੍ਹੇ ਵਿੱਚ ਹਰਿਆਲੀ ਨੂੰ ਸੁਧਾਰਨ ਅਤੇ ਵਾਤਾਵਰਣ ਪ੍ਰਦੂਸ਼ਣ ਨਾਲ ਨਜਿੱਠਣ ਲਈ ਇੱਕ ਮਹੱਤਵਪੂਰਨ ਪਹਿਲਕਦਮੀ ਵਿੱਚ ਹਿੱਸਾ ਲਿਆ। ਇਸ ਮੌਕੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਗੁਰਪ੍ਰੀਤ ਬੱਸੀ ਗੋਗੀ, ਕੁਲਵੰਤ ਸਿੰਘ ਸਿੱਧੂ, ਮਦਨ ਲਾਲ ਬੱਗਾ, ਅਸ਼ੋਕ ਪਰਾਸ਼ਰ ਪੱਪੀ, ਦਲਜੀਤ ਸਿੰਘ ਭੋਲਾ ਗਰੇਵਾਲ, ਰਜਿੰਦਰਪਾਲ ਕੌਰ ਛੀਨਾ, ਜੀਵਨ ਸਿੰਘ ਸੰਗੋਵਾਲ, ਹਰਦੀਪ ਸਿੰਘ ਮੁੰਡੀਆਂ ਅਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਤਰਸੇਮ ਸਿੰਘ ਭਿੰਡਰ ਸਮੇਤ ਨੇ ਆਪਣੇ ਵਿਧਾਨ ਸਭਾ ਹਲਕਿਆਂ ਵਿੱਚ ਇੱਕ ਵਿਲੱਖਣ ਬੂਟੇ ਲਗਾਉਣ ਦੀ ਮੁਹਿੰਮ ਸ਼ੁਰੂ ਕਰਕੇ ਵਣ ਮਹੋਤਸਵ ਮਨਾਇਆ। ਇਸ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰ ਅਨਮੋਲ ਸਿੰਘ ਧਾਲੀਵਾਲ ਨੇ ਐਸ.ਡੀ.ਐਮ. ਖੰਨਾ ਡਾ. ਬਲਜਿੰਦਰ ਸਿੰਘ ਢਿੱਲੋਂ ਅਤੇ ਐਸ.ਡੀ.ਐਮ. ਪਾਇਲ ਕ੍ਰਿਤਿਕਾ ਗੋਇਲ ਦੇ ਨਾਲ ਕ੍ਰਮਵਾਰ ਖੰਨਾ ਅਤੇ ਪਾਇਲ ਵਿੱਚ ਬੂਟੇ ਲਗਾਏ।

# ਹਸੀਨਾ ਤਾਨਾਸ਼ਾਹਾਂ ਦੀ ਕਤਾਰ 'ਚ ਕਿੰਝ ਪਹੁੰਚੀ

**ਜਯੋਤੀ ਮਲਹੋਤਰਾ**



ਅਸੀਂ ਸੋਚਦੇ ਹਾਂ ਕਿ ਇਹ ਕਿਸੇ ਵਿਦਿਆਰਥੀ ਮੁਜ਼ਾਹਰਾਕਾਰੀ ਦਾ ਕੰਮ ਨਹੀਂ ਹੋ ਸਕਦਾ ਭਾਵੇਂ ਉਹ ਬੰਗਬੰਧੂ ਦੀ ਧੀ ਤੋਂ ਕਿਤਨਾ ਵੀ ਖਫ਼ਾ ਕਿਉਂ ਨਾ ਹੋਵੇ। ਹਾਲਾਂਕਿ ਪਿਛਲੇ ਕੁਝ ਹਫ਼ਤਿਆਂ ਵਿੱਚ ਕਿਸੇ ਹੋਰ ਨਹੀਂ ਸਗੋਂ ਉਸ ਦੀ ਅਵਾਮੀ ਲੀਗ ਪਾਰਟੀ ਦੇ ਜਨਰਲ ਸਕੱਤਰ ਉਬੈਦੁਲ ਕਾਦਰ ਵੱਲੋਂ ਮੁਜ਼ਾਹਰਾਕਾਰੀਆਂ 'ਤੇ ਦੇਖਦਿਆਂ ਹੀ ਗੋਲੀ ਚਲਾਉਣ ਦੇ ਹੁਕਮ ਦਿੱਤੇ ਜਾਣ ਤੋਂ ਬਾਅਦ 300 ਤੋਂ ਵੱਧ ਲੋਕ ਮਾਰੇ ਗਏ ਸਨ ਤਾਂ ਵੀ ਸ਼ੇਖ਼ ਹਸੀਨਾ ਨੇ ਚੁੱਪ ਵੱਟੀ ਹੋਈ ਸੀ। ਫਿਰ ਵੀ ਕੀ ਕਿਸੇ ਅਜਿਹੇ ਵਿਚਾਰਧਾਰਕ ਸਨਕੀ ਵੱਲੋਂ ਬੰਗਬੰਧੂ ਦਾ ਨਿਰਾਦਰ ਕਰਨਾ ਬਣਦਾ ਸੀ ਜਿਸ ਨੂੰ 1971 ਦੀ ਮੁਕਤੀ ਜੰਗ ਬਾਰੇ ਥੋੜ੍ਹਾ ਕੁ ਜਾਂ ਬਿਲਕੁਲ ਵੀ ਇਲਮ ਨਹੀਂ ਹੈ?

ਬੰਗਲਾਦੇਸ਼ ਦੇ ਬਾਨੀ ਦੀ ਧੀ ਅਤੇ ਜਮਹੂਰੀਅਤ ਦੀ ਜਾਈ ਸ਼ੇਖ਼ ਹਸੀਨਾ ਅਜਿਹਾ ਕੁਝ ਗ਼ਲਤ ਨਹੀਂ ਕਰ ਸਕਦੀ ਜੋ 15 ਅਗਸਤ 1975 ਦੀ ਉਸ ਖੌਫ਼ਨਾਕ ਰਾਤ ਵੇਲੇ ਵਾਪਰੇ ਕਤਲੇਆਮ ਤੋਂ ਇਸ ਕਰ ਕੇ ਬਚ ਗਈ ਸੀ ਕਿਉਂਕਿ ਉਹ ਅਤੇ ਉਸ ਦੀ ਭੈਣ ਰਿਹਾਨਾ ਉਦੋਂ ਧਨਮੰਡੀ ਵਿਚਲੇ ਉਨ੍ਹਾਂ ਦੇ ਜ਼ੱਦੀ ਘਰ ਵਿੱਚ ਮੌਜੂਦ ਨਹੀਂ ਸਨ। ਉਦੋਂ ਉਸ ਦੇ ਬਾਕੀ ਪਰਿਵਾਰ ਦੇ ਜੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ; ਤੇ ਅੱਜ ਉਹੀ ਹਸੀਨਾ ਤਾਨਾਸ਼ਾਹਾਂ ਦੀ ਕਤਾਰ ਵਿੱਚ ਆਣ ਖੜ੍ਹੀ ਹੈ। ਉਸ ਨੂੰ ਹੋਰਾਂ ਦਾ ਖ਼ੂਨ ਵਹਾਉਣ ਲੱਗਿਆਂ ਰਤਾ ਦਰਦ ਨਾ ਆਇਆ ਕਿਉਂਕਿ ਉਸ ਨੇ ਪਹਿਲਾਂ ਆਪਣਿਆਂ ਦੀ ਰਾਖੀ ਕਰਨੀ ਸੀ।

ਇਹ ਨੌਬਤ ਕਿਉਂ ਆਈ ਕਿਵੇਂ ਹਸੀਨਾ ਨੇ ਉਬੈਦੁਲ ਕਾਦਰ ਨੂੰ ਮੁਜ਼ਾਹਰੇ ਕਰਨ ਦੀ ਜੁਰਅਤ ਕਰਨ ਵਾਲਿਆਂ 'ਤੇ ਦੇਖਦਿਆਂ ਹੀ ਗੋਲੀ ਚਲਾਉਣ ਦੇ ਹੁਕਮ ਦੇਣ ਦੀ ਆਗਿਆ ਦਿੱਤੀ? ਸਾਫ਼ ਜ਼ਾਹਿਰ ਹੈ ਕਿ 1971 ਦੀ ਕ੍ਰਾਂਤੀ ਹੁਣ ਸਿਰ ਭਾਰ ਖੜ੍ਹੀ ਹੋ ਗਈ ਹੈ। ਇਹ ਆਪਣੇ ਹੀ ਬੱਚਿਆਂ ਨੂੰ ਖਾਣ ਡਹਿ ਪਈ ਹੈ। ਕਿਹਾ ਜਾਂਦਾ ਹੈ ਕਿ ਦੋ ਹਫ਼ਤੇ ਪਹਿਲਾਂ ਉਬੈਦੁਲ ਕਾਦਰ ਨੇ ਢਾਕਾ ਵਿੱਚ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਸੀ ਕਿ ਜੇ ਵਿਦਿਆਰਥੀ ਆਪਣੇ ਧਰਨੇ-ਮੁਜ਼ਾਹਰੇ ਬੰਦ ਕਰ ਕੇ ਘਰਾਂ ਨੂੰ ਨਾ ਗਏ ਤਾਂ ਉਹ ਉਨ੍ਹਾਂ ਨੂੰ 'ਸਿੱਧੇ ਕਰਨ ਲਈ' ਆਪਣੀ ਅਵਾਮੀ ਲੀਗ ਦੇ ਕਾਰਕੁਨਾਂ ਨੂੰ ਹੁਕਮ ਦੇਣਗੇ। ਕੀ ਇਸ ਦਾ ਅਰਥ ਇਹ ਸੀ ਕਿ ਹਸੀਨਾ ਦੀ ਪਾਰਟੀ ਦੇ ਕਾਰਕੁਨਾਂ ਨੇ ਹੀ ਢਾਕਾ ਅਤੇ ਚਿਟਾਗਾਂਗ ਵਿੱਚ ਨਿਹੱਥੇ ਵਿਦਿਆਰਥੀਆਂ 'ਤੇ ਗੋਲੀਆਂ ਚਲਾਈਆਂ ਸਨ? ਇਸ ਦਾ ਫ਼ੈਸਲਾ ਹੋਣਾ ਅਜੇ ਬਾਕੀ ਹੈ ਪਰ ਯੂਨੀਸੈਫ ਨੇ ਆਖਿਆ ਹੈ ਕਿ ਜੁਲਾਈ ਮਹੀਨੇ ਹੋਏ ਇਨ੍ਹਾਂ ਰੋਸ ਪ੍ਰਦਰਸ਼ਨਾਂ ਦੌਰਾਨ ਘੱਟੋ-ਘੱਟ 32 ਬੱਚਿਆਂ ਦੀ ਮੌਤ ਹੋ ਚੁੱਕੀ ਹੈ।

ਆਪਣੇ ਗਭਰੇਟ ਭਰਾ ਰਸਲ ਸਣੇ ਪਰਿਵਾਰ ਦੇ ਕਤਲੇਆਮ ਤੋਂ ਬਾਅਦ ਆਪਣੀ ਭੈਣ ਨਾਲ ਦਿੱਲੀ ਦੇ ਪੰਡਾਰਾ ਰੋਡ ਇਲਾਕੇ ਵਿੱਚ ਰਹਿੰਦੀ ਰਹੀ ਅਤੇ ਆਪਣੇ ਪਿਆਰੇ ਵਤਨ ਵਿੱਚ ਪਾਕਿਸਤਾਨ ਪੱਖੀਆਂ ਨੂੰ ਤਾਕਤ ਵਿੱਚ ਵਿਚਰਦਿਆਂ ਦੇਖਣ ਵਾਲੀ ਹਸੀਨਾ ਕਿਵੇਂ ਆਪਣੇ ਵਿਰੋਧੀਆਂ ਦੀ ਹੂ-ਬ-ਹੂ ਨਕਲ ਬਣ ਕੇ ਰਹਿ ਗਈ? ਲੰਘੀ ਰਾਤ ਜਦੋਂ ਉਹ ਭਾਰਤ ਦੇ ਕਿਸੇ ਸੁਰੱਖਿਅਤ ਟਿਕਾਣੇ ਜਾਂ ਦਿੱਲੀ ਨੇੜਲੇ ਹਿੰਡਨ ਏਅਰਬੇਸ ਦੇ ਲਾਗੇ ਚਾਗੇ ਕਿਤੇ ਸੁੱਤੀ ਹੋਵੇਗੀ (ਜਿੱਥੋਂ ਉਸ ਨੂੰ ਇੱਕ ਘੰਟੇ ਦੀ ਦੂਰੀ 'ਤੇ ਰਾਜਧਾਨੀ ਜਾਣ ਦੀ ਇਜ਼ਾਜਤ ਨਹੀਂ ਹੋਵੇਗੀ ਜਿੱਥੇ ਸੰਸਾਰ ਸਿਹਤ ਸੰਸਥਾ (ਡਬਲਿਊਐੱਚਓ) ਲਈ ਕੰਮ ਕਰਦੀ ਉਸ ਦੀ ਧੀ ਸਾਇਮਾ ਵਾਜਿਦ ਰਹਿ ਰਹੀ ਹੈ) ਤਾਂ ਸ਼ਾਇਦ ਹਸੀਨਾ ਨੂੰ ਕੁਝ ਪਲ ਆਪਣੇ ਅੰਦਰ ਝਾਤ ਮਾਰ ਕੇ ਸੋਚਣਾ ਚਾਹੀਦਾ ਸੀ ਕਿ ਕਿਵੇਂ ਅਤੇ ਕਿਉਂ ਉਸ ਨੇ ਅਜਿਹੇ ਖ਼ਤਰਨਾਕ ਹਾਲਾਤ ਬਣਨ ਦਿੱਤੇ?

ਜਨਵਰੀ ਵਿੱਚ ਜਦੋਂ ਵਿਰੋਧੀ ਧਿਰ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀਐੱਨਪੀ) ਨੇ ਦੂਜੀ ਵਾਰ ਚੋਣਾਂ ਦਾ ਬਾਈਕਾਟ ਕੀਤਾ, ਹਸੀਨਾ ਨੇ ਗ਼ਰੂਰ ਵਿੱਚ ਫ਼ੈਸਲਾ ਮੋੜ ਕੇ ਇਸ ਦੇ ਮੂੰਹ 'ਤੇ ਮਾਰਿਆ, ਪਾਰਟੀ ਦੇ ਪ੍ਰਮੁੱਖ ਆਗੂਆਂ ਦੀ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ; ਦੂਜੇ ਸ਼ਬਦਾਂ 'ਚ ਉਨ੍ਹਾਂ ਦੇ ਮੂੰਹ 'ਤੇ ਥੁੱਕ ਦਿੱਤਾ। ਜੇ ਇਹ ਦੋਵੇਂ ਤ੍ਰੀਮਤਾਂ, ਹਸੀਨਾ ਅਤੇ ਕਈ ਸਾਲਾਂ ਤੋਂ ਨਿਤਾਣੀ ਪਈ ਬੀਐੱਨਪੀ ਨੇਤਾ ਖ਼ਾਲਿਦਾ ਜਿ ਆ ਇੱਕ ਦੂਜੇ ਦੀ ਜੁਰਅਤਮੰਦੀ ਤੋਂ ਸੜਦੀਆਂ ਵੀ ਰਹੀਆਂ ਹੋਣ ਤਾਂ ਵੀ ਲੋਕਤੰਤਰ ਦਾ ਪਹਿਲਾ ਨੇਮ ਇਹੀ ਕਹਿੰਦਾ ਹੈ ਕਿ ਜਿਸ ਸ਼ਖ਼ਸ ਦੀ ਹਿੰਮਤ ਤੋਂ ਤੁਹਾਨੂੰ ਸਾੜਾ ਹੈ, ਤੁਸੀਂ ਉਸ ਨੂੰ ਮੌਕਾ ਦਿਓ ਤੇ ਜੋ ਵੀ ਉਹ ਕਹਿਣਾ ਚਾਹੁੰਦਾ ਹੈ, ਉਸ ਨੂੰ ਕਹਿਣ ਦਿਓ।

ਹਸੀਨਾ ਦਲੀਲ ਦਿੰਦੀ ਰਹੀ ਤੇ ਦਿੱਲੀ ਬਿਨਾਂ ਕਿਸੇ ਚਾਰੇ ਤੋਂ ਇਸ ਨੂੰ ਮੰਨਦੀ ਰਹੀ ਕਿ ਜੇ ਤਾਨਾਸ਼ਾਹ ਸਾਧਨਾਂ ਜ਼ਰੀਏ ਉਸ ਦੀ ਲੋਕਤੰਤਰੀ ਸੱਤਾ ਵਿੱਚ ਵਾਪਸੀ ਦਾ ਸਮਰਥਨ ਨਾ ਕੀਤਾ ਗਿਆ ਤਾਂ ਬੰਗਾਲ ਦੀ ਖਾੜੀ ਮਗਰਮੱਛਾਂ ਦਾ ਟਿਕਾਣਾ ਬਣ ਜਾਵੇਗੀ ਜਿਨ੍ਹਾਂ ਨੂੰ ਪਾਕਿਸਤਾਨੀ ਫ਼ੌਜ ਪਾਲੇਗੀ ਤੇ ਸਿਖਲਾਈ ਦੇਵੇਗੀ। ਹਾਲਾਤ ਦਾ ਵਿਅੰਗ ਇਹ ਹੈ ਕਿ ਇਹ ਮੁਲਾਂਕਣ ਵੀ ਬਿਲਕੁਲ ਸੱਚਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਤੋਂ ਪਹਿਲਾਂ ਰਹੇ ਕਈ ਪ੍ਰਧਾਨ ਮੰਤਰੀਆਂ ਜਿਨ੍ਹਾਂ ਵਿੱਚ ਇੰਦਰਾ ਗਾਂਧੀ ਤੇ ਅਟਲ ਬਿਹਾਰੀ ਵਾਜਪਾਈ ਸ਼ਾਮਿਲ ਹਨ, ਵਾਂਗ ਮੰਨਿਆ ਕਿ ਨਵੀਂ ਦਿੱਲੀ ਕੋਲ ਹਸੀਨਾ ਦੇ ਸਮਰਥਨ ਤੋਂ ਬਿਨਾਂ ਕੋਈ ਚਾਰਾ ਨਹੀਂ। ਜਦੋਂ 2001 ਤੋਂ ਲੈ ਕੇ 2006 ਤੱਕ ਬੀਐੱਨਪੀ ਸੱਤਾ ਵਿੱਚ ਸੀ, ਉਦੋਂ ਨਾ ਸਿਰਫ਼ ਭਾਰਤ ਦਾ ਉੱਤਰ-ਪੂਰਬ ਖੇਤਰ ਗਹਿਰੀ ਗੜਬੜੀ ਦਾ ਸ਼ਿਕਾਰ ਸੀ ਬਲਕਿ ਪਾਕਿਸਤਾਨ ਪੱਖੀ ਤੱਤਾਂ ਨੇ ਚਿਟਾਗਾਂਗ ਬੰਦਰਗਾਹ ਰਾਹੀਂ ਬੰਗਲਾਦੇਸ਼ ਵਿੱਚ ਅਤਿ ਆਧੁਨਿਕ ਹਥਿਆਰਾਂ ਦੀਆਂ ਵੱਡੀਆਂ ਖੇਪਾਂ ਧੱਕਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਸਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ਼ੇਖ਼ ਹਸੀਨਾ ਦੀ ਸੱਤਾ 'ਚ ਵਾਪਸੀ ਦਾ ਭਾਰਤ ਨੂੰ ਵੱਡਾ ਲਾਭ ਮਿਲਿਆ। ਇਹ ਸਿਰਫ਼ 1971 ਦੇ ਸਬੰਧਾਂ ਬਾਰੇ ਨਹੀਂ ਸੀ ਬਲਕਿ ਹਸੀਨਾ ਦੀ ਪ੍ਰਧਾਨ ਮੰਤਰੀ ਵਜੋਂ ਵਾਪਸੀ ਦੇ ਪਿਛਲੇ 15 ਸਾਲਾਂ ਬਾਰੇ ਵੀ ਸੀ ਹਾਲਾਂਕਿ ਇਹ ਵਿਸ਼ੇਸ਼ ਰਿਸ਼ਤੇਦਾਰੀ ਉਸੇ ਹਲਚਲ ਭਰੀ ਸ਼ੁਰੂਆਤ (1971) ਵਿੱਚੋਂ ਬਣੀ, ਨਾ ਸਿਰਫ਼ ਮੁਕਤੀ ਬਾਹਿਨੀ ਤੇ ਭਾਰਤ ਦੇ ਹਥਿਆਰਬੰਦ ਬਲਾਂ ਵਿਚਾਲੇ ਬਲਕਿ ਦੋਵਾਂ ਮੁਲਕਾਂ ਦੇ ਲੋਕਾਂ ਵਿਚਾਲੇ ਵੀ। ਭਾਰਤ ਅਤੇ ਹਸੀਨਾ ਦੇ ਬੰਗਲਾਦੇਸ਼ ਦਰਮਿਆਨ ਸਿਆਸੀ ਤੇ ਆਰਥਿਕ ਘੇਰਿਆਂ 'ਚ ਨਵੀਂ-ਨਕੋਰ ਭਾਈਵਾਲੀ ਬਾਕੀ ਦੇ ਦੱਖਣ ਏਸ਼ੀਆ ਲਈ ਆਦਰਸ਼ ਬਣ ਗਈ। ਸੜਕਾਂ, ਰੇਲਵੇ, ਆਵਾਜਾਈ ਅਧਿਕਾਰ, ਨਾਗਰਿਕ ਆਵਾਜਾਈ, ਰੱਖਿਆ ਸਹਿਯੋਗ, ਕਿਸੇ ਵੀ ਖੇਤਰ ਦਾ ਨਾਂ ਲੈ ਲਓ, ਭਾਰਤ ਤੇ ਬੰਗਲਾਦੇਸ਼ ਇੰਝ ਉਭਰਦੇ ਹਨ ਕਿ ਜਿਵੇਂ ਇਕ ਫਲੀ 'ਚ ਦੋ ਦਾਣੇ ਹੋਣ।

ਹੁਣ ਅੱਗੇ ਕੀ ਹੋਵੇਗਾ? ਸਪੱਸ਼ਟ ਹੈ ਕਿ ਸੋਮਵਾਰ ਨੂੰ ਢਾਕਾ 'ਚ ਮੁਜੀਬ ਦੇ ਕੰਕਰੀਟ ਬੁੱਤ ਦੀ ਖੋਪੜੀ ਨੂੰ ਬੰਗਲਾਦੇਸ਼ੀ ਮੁਜ਼ਾਹਰਾਕਾਰੀ ਵੱਲੋਂ ਹਥੌੜੇ ਨਾਲ ਭੰਨਿਆ ਜਾਣਾ ਅਤੇ ਨਾਲ ਹੀ ਪੂਰੇ ਦੇਸ਼ ਵਿਚ ਹਿੰਦੂ ਪਰਿਵਾਰਾਂ 'ਤੇ ਹਮਲੇ, ਸਭ ਅਦ੍ਰਿਸ਼ ਤਾਕਤ ਵੱਲੋਂ ਕਰਵਾਇਆ ਜਾ ਰਿਹਾ ਹੈ। ਇਸ ਪਿੱਛੇ ਪਾਕਿਸਤਾਨ ਪੱਖੀ ਜਮਾਤ-ਏ-ਇਸਲਾਮੀ ਦੇ ਹੋਣ ਦੀ ਪੂਰੀ ਸੰਭਾਵਨਾ ਹੈ। ਉਹ ਵਾਪਸ ਆ ਚੁੱਕੇ ਹਨ। ਬੰਗਲਾਦੇਸ਼ 'ਚ ਅਤੀਤ ਕਦੇ ਵੀ ਮੁਕੰਮਲ ਤੌਰ 'ਤੇ ਅਤੀਤ ਨਹੀਂ ਹੁੰਦਾ। ਬੰਗਾਲ ਦੀ ਖਾੜੀ ਵਿੱਚ ਇੱਕ ਵਾਰ ਫਿਰ ਤੋਂ ਖੇਡਣ ਦਾ ਪਾਕਿਸਤਾਨੀ ਫ਼ੌਜ ਨੂੰ ਮਿਲਿਆ ਮੌਕਾ ਜੰਨਤ ਤੋਂ ਮਿਲੇ ਮੌਕੇ ਵਰਗਾ ਹੈ।

ਇਹ ਗੱਲ ਵੀ ਓਨੀ ਹੀ ਸੱਚ ਹੈ ਕਿ ਹਸੀਨਾ ਤੋਂ ਇਲਾਵਾ ਹੋਰ ਕੋਈ ਵੀ ਨਹੀਂ ਹੈ ਜੋ ਜਮਾਤ ਅਤੇ ਇਸ ਦੇ ਸਿਆਸੀ ਚਿਹਰੇ ਬੀਐੱਨਪੀ ਦਾ ਮੁਕਾਬਲਾ ਕਰਨ ਦਾ ਮਾਦਾ ਰੱਖਦਾ ਹੋਵੇ ਪਰ ਹਸੀਨਾ ਹੁਣ ਦੌੜ ਗਈ ਹੈ। ਹਿੰਡਨ ਏਅਰਬੇਸ 'ਤੇ ਸ਼ਾਇਦ ਉਹ ਇਸ ਗੱਲ ਦੀ ਉਡੀਕ ਕਰ ਰਹੀ ਸੀ ਕਿ ਬਰਤਾਨਵੀ ਵਿਦੇਸ਼ ਵਿਭਾਗ ਵੱਲੋਂ ਉਸ ਦੀ ਸਿਆਸੀ ਸ਼ਰਨ ਦੀ ਬੇਨਤੀ ਸਵੀਕਾਰ ਕੀਤੀ ਜਾਂਦੀ ਹੈ ਜਾਂ ਨਹੀਂ। ਲੰਡਨ ਦੀ 'ਹਾਂ' ਦੀ ਉਡੀਕ ਕਰਦਿਆਂ ਸ਼ਾਇਦ ਢਾਕਾ ਵਿੱਚ ਉਸ ਦਾ ਟਿਕੇ ਰਹਿਣਾ ਮਹਿਫ਼ੂਜ਼ ਨਹੀਂ ਹੋਣਾ ਸੀ। ਸੰਭਾਵਨਾ ਹੈ ਕਿ ਉਸ ਨੇ ਭਾਰਤ ਤੋਂ ਆਰਜ਼ੀ ਤੌਰ 'ਤੇ ਪਨਾਹ ਮੰਗੀ ਹੋਵੇਗੀ। ਮੋਦੀ ਸਰਕਾਰ ਨੇ ਉਸ ਨੂੰ ਭਾਰਤ ਵਿੱਚ ਆਉਣ ਦੀ ਆਗਿਆ ਦੇ ਕੇ ਠੀਕ ਹੀ ਕੀਤਾ ਹੈ। ਮਿੱਤਰ ਹੋਰ ਕਾਹਦੇ ਲਈ ਹੁੰਦੇ ਹਨ, ਉਦੋਂ ਵੀ ਜਦੋਂ ਉਨ੍ਹਾਂ ਤੋਂ ਕੋਈ ਕਾਰਾ ਹੋ ਜਾਵੇ।

# ਪੰਜਾਬ ਪੁਲਿਸ ਨੇ ਸੁਤੰਤਰਤਾ ਦਿਵਸ ਦੇ ਮੱਦੇਨਜ਼ਰ ਚਲਾਈ ਵਿਸ਼ੇਸ਼ ਘੇਰਬੰਦੀ ਤੇ ਤਲਾਸ਼ੀ ਮੁਹਿੰਮ ਦੌਰਾਨ ਸੂਬੇ ਭਰ ਦੇ ਬੱਸ ਅੱਡਿਆਂ 'ਤੇ ਸ਼ੱਕੀ ਵਿਆਕਤੀਆਂ ਦੀ ਲਈ ਤਲਾਸ਼ੀ

**➢ ਸੂਬੇ ਭਰ ਵਿੱਚ 393 ਪੁਲਿਸ ਟੀਮਾਂ ਨੇ 195 ਬੱਸ ਸਟੈਂਡਾਂ 'ਤੇ 2493 ਵਿਅਕਤੀਆਂ ਦੀ ਤਲਾਸ਼ੀ ਲਈ ➢ ਪੁਲਿਸ ਟੀਮਾਂ ਨੇ ਬੱਸ ਸਟੈਂਡ ਦੇ ਬਾਹਰ ਖੜ੍ਹੇ 3174 ਵਾਹਨਾਂ ਦੀ ਵੀ ਕੀਤੀ ਚੈਕਿੰਗ; 205 ਚਲਾਨ ਕੱਟੇ, 11 ਵਾਹਨ ਕੀਤੇ ਜ਼ਬਤ**

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਅਨੁਸਾਰ ਅਗਾਮੀ ਸੁਤੰਤਰਤਾ ਦਿਵਸ-2024 ਦੇ ਸ਼ਾਂਤਮਈ ਜਸ਼ਨਾਂ ਨੂੰ ਯਕੀਨੀ ਬਣਾਉਣ ਲਈ ਸ਼ੁਰੂ ਕੀਤੀ ਵਿਸ਼ੇਸ਼ ਘੇਰਾਬੰਦੀ ਅਤੇ ਤਲਾਸ਼ੀ ਅਭਿਆਨ ਨੂੰ ਜਾਰੀ ਰੱਖਦਿਆਂ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਦੇ ਸਾਰੇ ਬੱਸ ਸਟੈਂਡਾਂ ਦੀ ਤਲਾਸ਼ੀ ਕੀਤੀ।

ਡੀਜੀਪੀ ਪੰਜਾਬ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ 'ਤੇ ਇਹ ਮੁਹਿੰਮ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਚਲਾਈ ਗਈ, ਜਿਸ ਤਹਿਤ ਪੁਲਿਸ ਟੀਮਾਂ ਨੇ ਖੋਜੀ ਕੁੱਤਿਆਂ ਦੀ ਸਹਾਇਤਾ ਨਾਲ ਬੱਸ ਸਟੈਂਡ 'ਤੇ ਆਉਣ-ਜਾਣ ਵਾਲੇ ਲੋਕਾਂ ਦੀ ਤਲਾਸ਼ੀ ਲਈ।

ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ, ਜੋ ਇਸ ਸੂਬਾ ਪੱਧਰੀ ਮੁਹਿੰਮ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਸਨ, ਨੇ ਕਿਹਾ ਕਿ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਆਪੋ-ਆਪਣੇ ਅਧਿਕਾਰ ਖੇਤਰ ਅਧੀਨ ਬੱਸ ਅੱਡਿਆਂ ਦੀ ਢੁਕਵੀਂ ਘੇਰਾਬੰਦੀ ਅਤੇ ਮੁਕੰਮਲ ਤਲਾਸ਼ੀ ਕਰਨ ਲਈ ਕਿਹਾ ਗਿਆ ਸੀ ਅਤੇ ਇਸ ਆਪ੍ਰੇਸ਼ਨ ਨੂੰ ਸਫ਼ਲ ਬਣਾਉਣ ਲਈ ਸਾਰੇ ਜ਼ਿਲ੍ਹਿਆਂ ਵਿੱਚ ਐਸਪੀ ਰੈਂਕ ਦੇ ਅਧਿਕਾਰੀਆਂ ਦੀ ਅਗਵਾਈ ਹੇਠ ਵੱਧ ਤੋਂ ਵੱਧ ਪੁਲਿਸ ਟੀਮਾਂ ਨੂੰ ਤਾਇਨਾਤ ਕੀਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸੀਪੀਜ਼/ਐਸਐਸਪੀਜ਼ ਨੂੰ ਵਾਹਨ ਐਪ ਦੀ ਵਰਤੋਂ ਕਰਕੇ ਬੱਸ ਸਟੈਂਡ ਦੇ ਆਲੇ-ਦੁਆਲੇ ਖੜ੍ਹੇ ਸਾਰੇ ਵਾਹਨਾਂ ਦੀ ਚੈਕਿੰਗ ਕਰਨ ਲਈ ਵੀ ਕਿਹਾ ਗਿਆ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਸਖ਼ਤ ਹਦਾਇਤ ਕੀਤੀ ਸੀ ਕਿ ਉਹ ਇਸ ਕਾਰਵਾਈ ਦੌਰਾਨ ਹਰ ਵਿਅਕਤੀ ਨਾਲ ਨਿਮਰਤਾ ਨਾਲ ਪੇਸ਼ ਆਉਣ।

ਉਨ੍ਹਾਂ ਕਿਹਾ ਕਿ ਆਮ ਲੋਕਾਂ ਲਈ ਘੱਟੋ-ਘੱਟ ਅਸੁਵਿਧਾ ਨੂੰ ਯਕੀਨੀ ਬਣਾਉਂਦਿਆਂ ਸੂਬੇ ਭਰ ਦੇ ਵੱਖ-ਵੱਖ ਬੱਸ ਅੱਡਿਆਂ 'ਤੇ ਸ਼ੱਕੀ ਵਿਅਕਤੀਆਂ ਦੀ ਤਲਾਸੀ ਕਰਨ ਲਈ 2500 ਪੁਲਸ ਮੁਲਾਜ਼ਮਾਂ ਵਾਲੀਆਂ 393 ਪੈਟਰੋਲਿੰਗ ਪਾਰਟੀਆਂ ਤਾਇਨਾਤ ਕੀਤੀਆਂ ਗਈਆਂ ਸਨ। ਉਨ੍ਹਾਂ ਦੱਸਿਆ ਕਿ ਸੂਬੇ ਭਰ ਦੇ 195 ਬੱਸ ਅੱਡਿਆਂ 'ਤੇ ਚਲਾਏ ਇਸ ਆਪਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 2493 ਲੋਕਾਂ ਦੀ ਚੈਕਿੰਗ ਕੀਤੀ, ਜਦਕਿ ਚਾਰ ਵਿਅਕਤੀਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ। ਉਨ੍ਹਾਂ ਅੱਗੇ ਦੱਸਿਆ ਕਿ ਬੱਸ ਸਟੈਂਡ ਦੇ ਆਲੇ-ਦੁਆਲੇ ਵੱਖ-ਵੱਖ ਪਾਰਕਿੰਗਾਂ ਵਿੱਚ ਖੜ੍ਹੇ 3174 ਵਾਹਨਾਂ ਦੀ ਵੀ ਚੈਕਿੰਗ ਕੀਤੀ ਗਈ, ਜਿਸ ਦੌਰਾਨ ਪੁਲਿਸ ਟੀਮਾਂ ਵੱਲੋਂ 205 ਚਲਾਨ ਕੱਟੇ ਗਏ ਅਤੇ 11 ਵਾਹਨ ਜ਼ਬਤ ਕੀਤੇ ਗਏ।

ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਕਿਹਾ ਕਿ ਸਰਹੱਦੀ ਸੂਬੇ ਵਿੱਚ ਸ਼ਾਂਤੀ ਅਤੇ ਸਦਭਾਵਨਾ ਨੂੰ ਯਕੀਨੀ ਬਣਾਉਣ ਲਈ ਅਜਿਹੇ ਅਭਿਆਨ ਜਾਰੀ ਰਹਿਣਗੇ।

# ਢਾਈ ਸਾਲਾਂ ਵਿੱਚ 44250 ਸਰਕਾਰੀ ਨੌਕਰੀਆਂ, ਨੌਜਵਾਨਾਂ ਨੂੰ 872 ਦਿਨਾਂ ਵਿੱਚ ਔਸਤਨ ਰੋਜ਼ਾਨਾ 50 ਨੌਕਰੀਆਂ ਦਿੱਤੀਆਂ: ਮੁੱਖ ਮੰਤਰੀ

**➢ ਪੁਲਿਸ, ਕਾਨੂੰਨ, ਨਿਆਂ ਤੇ ਗ੍ਰਹਿ ਮਾਮਲਿਆਂ ਬਾਰੇ ਵਿਭਾਗ ਵਿੱਚ ਭਰਤੀ ਲਈ 443 ਅਫ਼ਸਰਾਂ ਨੂੰ ਦਿੱਤੇ ਨਿਯੁਕਤੀ ਪੱਤਰ ਪੰਜਾਬ ਪੁਲਿਸ ਵਿੱਚ 10 ਹਜ਼ਾਰ ਨਵੀਆਂ ਅਸਾਮੀਆਂ ਕਾਇਮ ਕਰਨ ਦਾ ਐਲਾਨ ➢ 19 ਟੌਲ ਪਲਾਜ਼ਾ ਬੰਦ ਹੋਣ ਨਾਲ ਪੰਜਾਬੀਆਂ ਦੇ ਰੋਜ਼ਾਨਾ 63 ਲੱਖ ਰੁਪਏ ਬਚਣ ਲੱਗੇ**

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਨੂੰ ਕਿਹਾ ਕਿ ਸੂਬਾ ਸਰਕਾਰ ਨੇ ਆਪਣੇ ਸਿਰਫ਼ 872 ਦਿਨਾਂ ਦੇ ਕਾਰਜਕਾਲ ਵਿੱਚ ਸੂਬੇ ਦੇ 44,250 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ ਨਵੇਂ ਮਾਪਦੰਡ ਸਿਰਜੇ ਹਨ, ਜਿਸ ਨਾਲ ਪਿਛਲੇ ਢਾਈ ਸਾਲਾਂ ਵਿੱਚ ਔਸਤਨ ਰੋਜ਼ਾਨਾ 50 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮਿਲੀਆਂ ਹਨ।

ਇੱਥੇ ਪੁਲਿਸ, ਕਾਨੂੰਨ ਤੇ ਨਿਆਂ ਅਤੇ ਗ੍ਰਹਿ ਮਾਮਲੇ ਵਿਭਾਗ ਵਿੱਚ 443 ਅਫ਼ਸਰਾਂ ਨੂੰ ਨਿਯੁਕਤੀ ਪੱਤਰ ਵੰਡਣ ਲਈ ਕਰਵਾਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਨਿਯੁਕਤੀ ਪੱਤਰ ਵੰਡਣ ਨਾਲ ਹੁਣ ਤੱਕ ਸਰਕਾਰੀ ਨੌਕਰੀਆਂ ਹਾਸਲ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ 44250 ਹੋ ਗਈ ਹੈ ਅਤੇ ਇਹ ਸਾਰੀਆਂ ਨਿਯੁਕਤੀਆਂ ਪੂਰੀ ਤਰ੍ਹਾਂ ਮੈਰਿਟ ਦੇ ਆਧਾਰ ਉਤੇ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਹ ਨਿਯੁਕਤੀਆਂ ਪੂਰੀ ਤਰ੍ਹਾਂ ਪਾਰਦਰਸ਼ੀ ਪ੍ਰਕਿਰਿਆ ਅਪਨਾਉਣ ਅਤੇ ਨੌਜਵਾਨਾਂ ਵੱਲੋਂ ਬੇਹੱਦ ਮੁਕਾਬਲੇ ਵਾਲੀ ਪ੍ਰੀਖਿਆ ਪਾਸ ਕਰਨ ਮਗਰੋਂ ਨੇਪਰੇ ਚੜ੍ਹੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਦਾ ਸ਼ੁਰੂ ਤੋਂ ਹੀ ਇਕੋ-ਇਕ ਏਜੰਡਾ ਸਰਕਾਰੀ ਨੌਕਰੀਆਂ ਮੁਹੱਈਆ ਕਰ ਕੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਅਖ਼ਤਿਆਰ ਦੇਣਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਉਹ ਇਸ ਇਤਿਹਾਸਕ ਕੈਂਪਸ ਵਿੱਚ ਦੂਜੀ ਵਾਰ ਆਏ ਹਨ। ਉਨ੍ਹਾਂ ਅੱਜ ਨਿਯੁਕਤੀ ਪੱਤਰ ਹਾਸਲ ਕਰਨ ਵਾਲੇ ਸਾਰੇ 443 ਨੌਜਵਾਨਾਂ ਨੂੰ ਮੁਬਾਰਕਬਾਕ ਦਿੱਤੀ ਅਤੇ ਉਮੀਦ ਜਤਾਈ ਕਿ ਇਹ ਨੌਜਵਾਨ ਅਫ਼ਸਰ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਯੋਗਦਾਨ ਪਾਉਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੱਜ ਦਾ ਇਹ ਦਿਨ ਯਾਦਗਾਰੀ ਹੈ ਕਿਉਂਕਿ ਇਨ੍ਹਾਂ ਨੌਜਵਾਨਾਂ ਨੂੰ ਨੌਕਰੀਆਂ ਮਿਲੀਆਂ ਹਨ ਅਤੇ ਉਹ ਲੋਕਾਂ ਨੂੰ ਸਹੂਲਤ ਦੇਣ ਲਈ ਸਰਕਾਰੀ ਸੇਵਾ ਵਿੱਚ ਆਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਇਹ ਨੌਜਵਾਨ ਸਰਕਾਰ ਦਾ ਅਨਿੱਖੜ ਅੰਗ ਬਣ ਗਏ ਹਨ ਅਤੇ ਉਨ੍ਹਾਂ ਨੂੰ ਹੁਣ ਮਿਸ਼ਨਰੀ ਭਾਵਨਾ ਨਾਲ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਉਮੀਦ ਜਤਾਈ ਕਿ ਨਵੇਂ ਭਰਤੀ ਨੌਜਵਾਨ ਆਪਣੀ ਕਲਮ ਦੀ ਵਰਤੋਂ ਸਮਾਜ ਦੇ ਕੁਚਲੇ ਤੇ ਲੋੜਵੰਦ ਵਰਗਾਂ ਦੀ ਭਲਾਈ ਲਈ ਕਰਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨਵ-ਨਿਯੁਕਤ ਨੌਜਵਾਨਾਂ ਨੂੰ ਜਨਤਾ ਦੀ ਵੱਧ ਤੋਂ ਵੱਧ ਸੇਵਾ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਸਮਾਜ ਦੇ ਹਰੇਕ ਵਰਗ ਨੂੰ ਇਸ ਦਾ ਲਾਭ ਮਿਲੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਕਾਰਨ ਲੋਕਾਂ ਦਾ ਸਰਕਾਰ ਵਿੱਚ ਵਿਸ਼ਵਾਸ ਵਧਿਆ ਹੈ, ਜਿਸ ਕਾਰਨ ਟੈਕਸ ਦੀ ਉਗਰਾਹੀ ਵਿੱਚ ਵੀ ਚੋਖਾ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੁਣ ਤੱਕ 19 ਟੌਲ ਪਲਾਜ਼ਾ ਬੰਦ ਕਰ ਦਿੱਤੇ ਗਏ ਹਨ, ਜਿਨ੍ਹਾਂ ਵਿੱਚੋਂ ਦੋ ਕੱਲ੍ਹ ਹੀ ਬੰਦ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਬਹੁਤੇ ਟੌਲ ਪਲਾਜ਼ਿਆਂ ਦੇ ਪ੍ਰਬੰਧਕ ਸਮਾਂ ਵਧਾਉਣ ਦੀ ਮੰਗ ਕਰ ਰਹੇ ਸਨ ਪਰ ਵਡੇਰੇ ਜਨਤਕ ਹਿੱਤ ਵਿੱਚ ਇਨ੍ਹਾਂ ਦੀ ਮੰਗ ਨੂੰ ਰੱਦ ਕਰ ਦਿੱਤਾ ਗਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਟੌਲ ਪਲਾਜ਼ਾ ਬੰਦ ਹੋਣ ਕਾਰਨ ਪੰਜਾਬ ਵਾਸੀਆਂ ਦੀਆਂ ਜੇਬ੍ਹਾਂ ਵਿੱਚ ਰੋਜ਼ਾਨਾ 63 ਲੱਖ ਰੁਪਏ ਬਚ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਤਿਹਾਸਕ ਕਦਮ ਚੁੱਕਦਿਆਂ 'ਇੱਕ ਵਿਧਾਇਕ, ਇੱਕ ਪੈਨਸ਼ਨ' ਬਿੱਲ ਪਾਸ ਕੀਤਾ ਹੈ, ਜਿਸ ਤਹਿਤ ਇਹ ਯਕੀਨੀ ਬਣਾਇਆ ਗਿਆ ਹੈ ਕਿ ਹਰੇਕ ਵਿਧਾਇਕ ਨੂੰ ਇੱਕ ਹੀ ਪੈਨਸ਼ਨ ਮਿਲੇ, ਜਦਕਿ ਇਸ ਤੋਂ ਪਹਿਲਾਂ ਇਹ ਰੁਝਾਨ ਸੀ ਕਿ ਵਿਧਾਇਕ ਨੂੰ ਹਰ ਮਿਆਦ ਲਈ ਇੱਕ ਪੈਨਸ਼ਨ ਮਿਲਦੀ ਸੀ ਜਿਸ ਨਾਲ ਵਿਧਾਇਕਾਂ ਨੂੰ ਇੱਕ ਤੋਂ ਵੱਧ ਪੈਨਸ਼ਨਾਂ ਦੀ ਇਜਾਜ਼ਤ ਦਿੱਤੀ ਜਾਂਦੀ ਸੀ ਜਿਸ ਕਾਰਨ ਇਨ੍ਹਾਂ ਆਗੂਆਂ ਨੇ ਮੋਟੀ ਕਮਾਈ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਦਾ ਮਨੋਰਥ ਇਹ ਯਕੀਨੀ ਬਣਾਉਣਾ ਹੈ ਕਿ ਲੋਕਾਂ ਦੇ ਪੈਸੇ ਦੀ ਬਰਬਾਦੀ ਨਾ ਹੋਵੇ ਅਤੇ ਇਕ-ਇਕ ਪੈਸੇ ਦੀ ਸਹੀ ਵਰਤੋਂ ਯਕੀਨੀ ਬਣਾਈ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਸੂਬੇ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਨੂੰ ਸੁਚਾਰੂ ਬਣਾਉਣ ਲਈ 410 ਹਾਈ-ਟੈਕ ਨਵੀਆਂ ਗੱਡੀਆਂ ਪੰਜਾਬ ਪੁਲਿਸ ਦੇ ਐੱਸ.ਐੱਚ.ਓਜ਼. ਨੂੰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਵੀ ਪੁਰਾਣੇ ਰੁਝਾਨਾਂ ਦੇ ਉਲਟ ਹੈ, ਜਦੋਂ ਹੇਠਲੀ ਪੱਧਰ 'ਤੇ ਨਵੇਂ ਵਾਹਨ ਦੇਣ ਦੀ ਬਜਾਏ ਇਹ ਉੱਚ ਅਧਿਕਾਰੀਆਂ ਨੂੰ ਦਿੱਤੇ ਜਾਂਦੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਜਿੱਥੇ ਇੱਕ ਪਾਸੇ ਅਮਨ-ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਪੁਲਿਸ ਨੂੰ ਆਪਣੀ ਡਿਊਟੀ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਵਿੱਚ ਬਹੁਤ ਮਦਦ ਮਿਲੀ ਹੈ ਅਤੇ ਦੂਜੇ ਪਾਸੇ ਲੋਕਾਂ ਦੀ ਸੁਰੱਖਿਆ ਵੀ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਕੰਮਕਾਜ ਨੂੰ ਸੁਚਾਰੂ ਅਤੇ ਆਲਾ ਦਰਜੇ ਦਾ ਬਣਾਉਣ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ।

ਮੁੱਖ ਮੰਤਰੀ ਨੇ ਪੁਲਿਸ ਅਧਿਕਾਰੀਆਂ ਨੂੰ ਸੂਬੇ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਨਸ਼ਿਆਂ ਵਿਰੁੱਧ ਦੇਸ਼ ਦੀ ਜੰਗ ਲੜ ਰਿਹਾ ਹੈ ਅਤੇ ਪੰਜਾਬ ਪੁਲਿਸ ਨੇ ਹਮੇਸ਼ਾ ਇਸ ਦੀ ਸਪਲਾਈ ਨੂੰ ਰੋਕਣ ਲਈ ਬੈਰੀਅਰ ਵਜੋਂ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ, ਜਦੋਂ ਪੰਜਾਬ ਪੁਲਿਸ ਨੂੰ ਆਪਣੀ ਸ਼ਾਨਾਮੱਤੀ ਰਵਾਇਤ ਨੂੰ ਕਾਇਮ ਰੱਖਣਾ ਚਾਹੀਦਾ ਹੈ ਤਾਂ ਜੋ ਸੂਬੇ ਵਿੱਚੋਂ ਨਸ਼ਿਆਂ ਦੀ ਲਾਹਨਤ ਨੂੰ ਜੜ੍ਹੋਂ ਖ਼ਤਮ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸੂਬੇ ਵਿੱਚ ਆਪਣੀ ਕਿਸਮ ਦੀ ਪਹਿਲੀ ਸੜਕ ਸੁਰੱਖਿਆ ਫੋਰਸ (ਐਸ.ਐਸ.ਐਫ.) ਕਾਇਮ ਕਰਨ ਦੀ ਪਹਿਲਕਦਮੀ ਕੀਤੀ ਹੈ ਅਤੇ ਸੜਕ ਸੁਰੱਖਿਆ ਫੋਰਸ ਨੂੰ ਸੜਕਾਂ ਦੀ ਸੁਚਾਰੂ ਢੰਗ ਨਾਲ ਨਿਗਰਾਨੀ ਲਈ ਪਹਿਲੇ ਪੜਾਅ ਤਹਿਤ 144 ਅਤਿ-ਆਧੁਨਿਕ ਵਾਹਨ ਦਿੱਤੇ ਗਏ ਹਨ, ਜੋ ਸੜਕਾਂ ਦੀ ਨਿਗਰਾਨੀ ਲਈ ਹਰ 30 ਕਿਲੋਮੀਟਰ ਦੇ ਫ਼ਾਸਲੇ 'ਤੇ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਫੋਰਸ ਨੇ ਫਰਵਰੀ 2024 ਤੋਂ ਆਪਣੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ 1000 ਤੋਂ ਵੱਧ ਕੀਮਤੀ ਜਾਨਾਂ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬੜੇ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਪੰਜਾਬ ਪੁਲਿਸ ਸੂਬੇ ਦੇ ਤਿੰਨ ਕਰੋੜ ਤੋਂ ਵੱਧ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਪਣੀ ਡਿਊਟੀ ਨਿਭਾਅ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਤੋਂ ਉਨ੍ਹਾਂ ਨੇ ਅਹੁਦਾ ਸੰਭਾਲਿਆ ਹੈ, ਉਨ੍ਹਾਂ ਦੀ ਸਰਕਾਰ ਪੁਲਿਸ ਫੋਰਸ ਦੇ ਨਵੀਨੀਕਰਨ 'ਤੇ ਜ਼ੋਰ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਫੋਰਸ ਦੇ ਵਿਗਿਆਨਕ ਲੀਹਾਂ 'ਤੇ ਆਧੁਨਿਕੀਕਰਨ ਵੱਲ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਆਰਟੀਫਿਸ਼ਲ ਇੰਟੈਲੀਜੈਂਸ ਨੂੰ ਵੀ ਪੁਲਿਸ ਵਿੱਚ ਲਾਗੂ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਸ ਮੰਤਵ ਲਈ ਪਹਿਲਾਂ ਹੀ 45 ਕਰੋੜ ਰੁਪਏ ਮਨਜ਼ੂਰ ਕਰ ਚੁੱਕੀ ਹੈ, ਜਿਸ ਨਾਲ ਪੁਲਿਸ ਵਿੱਚ ਇੱਕ ਵੱਡੀ ਕ੍ਰਾਂਤੀਕਾਰੀ ਤਬਦੀਲੀ ਨਜ਼ਰ ਆਵੇਗੀ। ਉਨ੍ਹਾਂ ਕਿਹਾ ਕਿ ਸਰਹੱਦ ਪਾਰੋਂ ਨਸ਼ਿਆਂ, ਹਥਿਆਰਾਂ ਅਤੇ ਹੋਰ ਵਸਤਾਂ ਦੀ ਤਸਕਰੀ 'ਤੇ ਨਜ਼ਰ ਰੱਖਣ ਲਈ ਪਹਿਲੀ ਵਾਰ ਸਰਹੱਦਾਂ 'ਤੇ ਲਗਪਗ 3000 ਏ.ਆਈ. ਸਮਰੱਥ ਕੈਮਰੇ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਛੇਤੀ ਹੀ ਪੰਜਾਬ ਪੁਲਿਸ ਵਿੱਚ 10,000 ਨਵੇਂ ਸਿਪਾਹੀਆਂ ਦੀ ਭਰਤੀ ਕਰੇਗੀ, ਜਿਸ ਸਬੰਧੀ ਨੋਟੀਫਿਕੇਸ਼ਨ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੁਲਿਸ ਨਫ਼ਰੀ ਦੀ ਕਮੀ ਨੂੰ ਦੂਰ ਕਰਨ ਲਈ ਆਉਣ ਵਾਲੇ ਚਾਰ ਸਾਲਾਂ ਲਈ ਪੰਜਾਬ ਪੁਲਿਸ ਵਿੱਚ ਹਰ ਸਾਲ 1800 ਕਾਂਸਟੇਬਲ ਅਤੇ 300 ਸਬ-ਇੰਸਪੈਕਟਰ ਭਰਤੀ ਕਰਨ ਦਾ ਪਹਿਲਾਂ ਹੀ ਫ਼ੈਸਲਾ ਕਰ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ 2100 ਆਸਾਮੀਆਂ ਲਈ ਹਰ ਸਾਲ ਲਗਪਗ 2.50 ਲੱਖ ਉਮੀਦਵਾਰਾਂ ਵੱਲੋਂ ਅਪਲਾਈ ਕੀਤੇ ਜਾਣ ਦੀ ਸੰਭਾਵਨਾ ਹੈ, ਇਸ ਲਈ ਸਾਰੇ ਚਾਹਵਾਨ ਪ੍ਰੀਖਿਆਰਥੀ ਪ੍ਰੀਖਿਆਵਾਂ ਪਾਸ ਕਰਨ ਲਈ ਅਕਾਦਮਿਕ ਤਿਆਰੀ ਦੇ ਨਾਲ-ਨਾਲ ਆਪਣੇ ਸਰੀਰਕ ਸੁਧਾਰ ਵੱਲ ਪਹਿਲਾਂ ਹੀ ਧਿਆਨ ਦੇ ਸਕਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਉਨ੍ਹਾਂ ਦੀ ਅਥਾਹ ਊਰਜਾ ਨੂੰ ਸਾਕਾਰਾਤਮਕ ਦਿਸ਼ਾ ਵੱਲ ਲੈ ਜਾਣ ਅਤੇ ਨਸ਼ਿਆਂ ਦੀ ਅਲਾਮਤ ਤੋਂ ਛੁਟਕਾਰਾ ਪਾਉਣ ਵਿੱਚ ਮਦਦ ਮਿਲ ਰਹੀ ਹੈ।

# ਦੁੱਧ ਠੰਢਾ ਕਰਨ ਲਈ ਵੈਟਰਨਰੀ 'ਵਰਸਿਟੀ ਨੇ ਬਣਾਈ ਮਸ਼ੀਨ



ਅਮਨਦੀਪ ਸ਼ਰਮਾ

ਦੁੱਧ ਵਿਚ ਪਾਣੀ ਦੀ ਜ਼ਿਆਦਾ ਮਾਤਰਾ, ਜੀਵਾਣੂਆਂ ਦੇ ਵਿਕਾਸ ਦਾ ਢੁੱਕਵਾਂ ਮਾਧਿਅਮ ਹੁੰਦੀ ਹੈ, ਜਿਸ ਕਾਰਨ ਇਸ ਨੂੰ ਲੰਬੇ ਸਮੇਂ ਤੱਕ ਸੰਭਾਲ ਕੇ ਰੱਖਣਾ ਸੰਭਵ ਨਹੀਂ ਹੁੰਦਾ। ਇਸ ਲਈ ਜ਼ਰੂਰੀ ਹੈ ਕਿ ਚੁਆਈ ਤੋਂ ਤੁਰਤ ਬਾਅਦ ਦੁੱਧ ਨੂੰ ਪ੍ਰੋਸੈਸ ਜਾਂ ਠੰਢਾ ਕੀਤਾ ਜਾਵੇ। ਆਮ ਤੌਰ 'ਤੇ ਚੁਆਈ ਦੌਰਾਨ ਦੁੱਧ ਵਿੱਚ ਸੂਖਮ ਜੀਵਾਂ ਦੀ ਗਿਣਤੀ ਘੱਟ ਹੁੰਦੀ ਹੈ। ਦੁੱਧ ਦਾ ਤਾਪਮਾਨ 35-38 ਡਿਗਰੀ ਸੈਲਸੀਅਸ ਹੁੰਦਾ ਹੈ।

ਵਿਗਿਆਨੀਆਂ ਅਨੁਸਾਰ ਜੀਵਾਣੂਆਂ ਦੀ ਗਿਣਤੀ ਵਾਤਾਵਰਣ ਤਾਪਮਾਨ ਤੇ ਹਰ 20 ਮਿੰਟਾਂ ਬਾਅਦ ਦੁੱਗਣੀ ਹੋ ਜਾਂਦੀ ਹੈ। ਦੁੱਧ ਵਿੱਚ ਅਣਚਾਹੇ ਜੀਵਾਣੂ ਜਾਂ ਬੈਕਟੀਰੀਆ, ਇਸ ਵਿੱਚ ਲੈਕਟੋਸ ਨੂੰ ਲੈਕਟਿਕ ਏਸਿਡ ਬਣਾ ਦਿੰਦੇ ਹਨ ਜਿਸ ਕਰਕੇ ਦੁੱਧ ਖੱਟਾ ਹੋ ਜਾਂਦਾ ਅਤੇ ਪੀਣ ਯੋਗ ਨਹੀਂ ਰਹਿੰਦਾ। ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਅਨੁਸਾਰ ਦੁੱਧ ਵਿੱਚ ਬੈਕਟੀਰੀਆ ਦੇ ਵਿਕਾਸ ਦੀ ਰੋਕਥਾਮ ਦਾ ਸਭ ਤੋਂ ਯੋਗ ਤਰੀਕਾ, ਦੁੱਧ ਨੂੰ ਚੁਆਈ ਤੋਂ ਤੁਰੰਤ ਬਾਅਦ 4 ਡਿਗਰੀ ਸੈਲਸੀਅਸ 'ਤੇ ਠੰਢਾ ਕਰਨਾ ਹੈ। ਪਿੰਡ ਪੱਧਰ 'ਤੇ ਦੁੱਧ ਠੰਢਾ ਕਰਨ ਦੀ ਸਹੂਲਤ ਦੀ ਕਮੀ ਕਾਰਨ ਕਿਸਾਨਾਂ ਨੂੰ ਪਿੰਡਾਂ ਤੋਂ ਨੇੜਲੇ ਪ੍ਰੋਸੈਸਿੰਗ ਸੈਂਟਰ ਤੱਕ ਦੁੱਧ ਸਪਲਾਈ ਕਰਨ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗਰਮੀਆਂ ਦੇ ਦਿਨਾਂ ਵਿਚ ਕਿਸਾਨ ਨੂੰ ਇਕ ਸੈਂਟਰ ਤੋਂ ਦੁੱਧ ਨੂੰ ਕੁਲੈਕਸ਼ਨ ਜਾਂ ਪ੍ਰੋਸੈਸਿੰਗ ਸੈਂਟਰ ਤੱਕ ਦਿਨ ਵਿੱਚ ਦੋ ਵਾਰ ਢੋਣਾ ਪੈਂਦਾ ਜਿਸ ਕਾਰਨ ਦੁੱਧ ਦੀ ਲਾਗਤ ਵਿੱਚ ਵਾਧਾ ਹੁੰਦਾ ਅਤੇ ਦੁੱਧ ਦੇ ਖਰਾਬ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਦੁੱਧ ਦੀ ਗੁਣਵੱਤਾ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਦੁੱਧ ਨੂੰ ਪਿੰਡ ਪੱਧਰ ਜਾਂ ਜਿਥੇ ਚੁਆਈ ਕੀਤੀ ਜਾਂਦੀ ਹੈ, ਉਥੇ ਹੀ ਠੰਢਾ ਕੀਤਾ ਜਾਵੇ। ਇਸ ਲਈ ਵੱਡੀਆਂ ਮਸ਼ੀਨਾਂ, ਜਿਵੇਂ ਬਲਕ ਮਿਲਕ ਚਿਲਰ (ਬੀਐਮਸੀ), ਜੋ ਮਹਿੰਗੀਆਂ ਹੋਣ ਦੇ ਨਾਲ ਬਿਜਲੀ 'ਤੇ ਵੀ ਨਿਰਭਰ ਕਰਦੀਆਂ ਹਨ, ਦੇ ਨਾਲ ਦੁੱਧ ਠੰਢਾ ਕਰਨਾ ਮੁਸ਼ਕਿਲ ਹੁੰਦਾ ਹੈ। ਇਸ ਸਮੱਸਿਆ ਦੇ ਸਮਾਧਾਨ ਲਈ ਅਜਿਹੇ ਉਪਕਰਨ ਦੀ ਜ਼ਰੂਰਤ ਸੀ ਜਿਸ ਵਿਚ ਦੁੱਧ ਨੂੰ ਠੰਢਾ ਕਰਕੇ ਲੰਮੇ ਸਮੇਂ ਤੱਕ ਸਟੋਰ ਕਰਨ ਦੀ ਸਹੂਲਤ ਹੋਵੇ ਅਤੇ ਦੁੱਧ ਦੀ ਢੋਆ ਢੁਆਈ ਵਿੱਚ ਸਮਾਂ ਅਤੇ ਮਿਹਨਤ ਘੱਟ ਲੱਗੇ।

ਛੋਟੇ ਪੱਧਰ ਦੇ ਕਿਸਾਨਾਂ ਦੀ ਦੁੱਧ ਠੰਢਾ ਕਰਨ ਦੀ ਜ਼ਰੂਰਤ ਨੂੰ ਧਿਆਨ ਵਿਚ ਰੱਖਦੇ ਹੋਏ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਵੱਲੋਂ ਅਜਿਹੇ ਉਪਕਰਨ ਦਾ ਵਿਕਾਸ ਕੀਤਾ ਗਿਆ ਹੈ ਜਿਸ ਨਾਲ ਲਗਭਗ 2 ਘੰਟਿਆਂ ਵਿਚ ਦੁੱਧ ਨੂੰ 4 ਡਿਗਰੀ ਸੈਲਸੀਅਸ 'ਤੇ ਠੰਢਾ ਕੀਤਾ ਜਾ ਸਕਦਾ ਹੈ। ਇਸ ਡਿਜ਼ਾਇਨ ਕੀਤੇ ਉਪਕਰਨ ਜਾਂ ਮਸ਼ੀਨ ਦੀ ਸਮਰੱਥਾ ਕੇਵਲ 40 ਲਿਟਰ ਹੈ, ਜਿਸ ਨੂੰ ਲੋੜ ਮੁਤਾਬਿਕ 100 ਲਿਟਰ ਤੱਕ ਵਧਾਇਆ ਜਾ ਸਕਦਾ ਹੈ। ਛੋਟੇ ਜਾਂ ਮੱਧ ਵਰਗੀ ਕਿਸਾਨਾਂ, ਜਿਨ੍ਹਾਂ ਕੋਲ ਔਸਤ ਇਕ ਜਾਂ ਦੋ ਦੁਧਾਰੂ ਪਸ਼ੂ ਹੁੰਦੇ ਹਨ ਅਤੇ ਜਿਨ੍ਹਾਂ ਦਾ ਪ੍ਰਤੀ ਦਿਨ ਦੁੱਧ ਉਤਪਾਦ 30-40 ਲਿਟਰ ਹੁੰਦਾ ਹੈ, ਲਈ ਇਹ ਮਸ਼ੀਨ ਕਾਫੀ ਲਾਹੇਵੰਦ ਹੈ। ਇਸ ਉਪਕਰਨ ਦੀ ਤਾਪਮਾਨ ਸਥਿਰਤਾ 4 ਡਿਗਰੀ ਸੈਲਸੀਅਸ 'ਤੇ 12 ਘੰਟਿਆਂ ਲਈ ਹੈ। ਇਸ ਲਈ ਸ਼ਾਮ ਦੌਰਾਨ ਚੁਆਈ ਉਪ੍ਰੰਤ ਪ੍ਰਾਪਤ ਦੁੱਧ ਨੂੰ ਇਸ ਵਿੱਚ ਅਗਲੀ ਸਵੇਰ ਦੀ ਦੁੱਧ ਚੁਆਈ ਤੱਕ ਬਿਨਾ ਖਰਾਬ ਹੋਏ ਸੰਭਾਲਿਆ ਜਾ ਸਕਦਾ ਹੈ। ਇਸ ਦੀ ਸਫਾਈ ਸੁਖਾਲੇ ਢੰਗ ਨਾਲ ਕੀਤੀ ਜਾ ਸਕਦੀ ਹੈ। ਹੋਰ ਵੀ ਕਈ ਖੂਬੀਆਂ ਹਨ।

ਕਿਸਾਨਾਂ ਨੂੰ ਇਸ ਮਸ਼ੀਨ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਦੇਣ ਲਈ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਡੇਅਰੀ ਸਾਇੰਸ ਅਤੇ ਤਕਨਾਲੋਜੀ ਕਾਲਜ ਵਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਇਸ ਮਸ਼ੀਨ ਨਾਲ ਕਿਸਾਨ ਘੱਟ ਲਾਗਤ 'ਤੇ ਦੁੱਧ ਠੰਢਾ ਕਰਨ ਦੇ ਨਾਲ ਨਾਲ ਵਧੇਰੇ ਮੁਨਾਫ਼ਾ ਵੀ ਕਮਾਇਆ ਜਾ ਸਕਦਾ ਹੈ।

ਸੰਪਰਕ: 98888-81993

# ਕੀੜਿਆਂ ਤੇ ਬਿਮਾਰੀਆਂ ਤੋਂ ਭਿੰਡੀ ਦਾ ਬਚਾਅ

• ਅਮਨਦੀਪ ਕੌਰ×



ਭਿੰਡੀ ਥੋੜੇ ਸਮੇਂ ਦੀ ਫਸਲ ਹੋਣ ਕਰਕੇ ਫਸਲੀ ਚੱਕਰ ਵਿੱਚ ਵਧੀਆ ਫਿਟ ਹੋ ਜਾਂਦੀ ਹੈ। ਸਬਜ਼ੀ ਦੇ ਤੌਰ 'ਤੇ ਵਰਤਣ ਦੇ ਨਾਲ-ਨਾਲ ਇਸ ਦੇ ਪੱਕੇ ਹੋਏ ਫਲਾਂ ਦਾ ਛਿਲਕਾ ਅਤੇ ਤਣਾ ਕਾਗਜ਼ ਅਤੇ ਗੱਤਾ ਫੈਕਟਰੀਆਂ ਵਿੱਚ ਵਰਤਿਆ ਜਾਂਦਾ ਹੈ। ਭਿੰਡੀ ਦੀਆਂ ਉੱਨਤ ਕਿਸਮਾਂ ਇਹ ਹਨ:-ਪੰਜਾਬ-8: ਇਸ ਕਿਸਮ ਦੇ ਬੂਟੇ ਦਰਮਿਆਨੇ ਉੱਚੇ ਅਤੇ ਤਣੇ ਉਤੇ ਜਾਮਨੀ ਰੰਗ ਦੇ ਡੱਬ ਹੁੰਦੇ ਹਨ। ਪੱਤੇ, ਤਣੇ ਅਤੇ ਡੰਡੀ ਉੱਤੇ ਘੱਟ ਲੂੰ ਹੁੰਦੇ ਹਨ। ਫਲ ਪਤਲੇ, ਲੰਮੇ, ਗੂੜ੍ਹੇ ਹਰੇ ਰੰਗ ਦੇ ਅਤੇ ਪੰਜ ਨੁਕਰਾਂ ਵਾਲੇ ਹੁੰਦੇ ਹਨ। ਇਸ ਕਿਸਮ ਵਿੱਚ ਵਿਸ਼ਾਣੂ ਰੋਗ, ਜੈਸਿਡ ਅਤੇ ਚਿੱਤਕਬਰੀ ਸੁੰਡੀ ਦੇ ਹਮਲੇ ਨੂੰ ਸਹਿਣ ਦੀ ਸਮਰੱਥਾ ਹੁੰਦੀ ਹੈ। ਇਹ ਕਿਸਮ ਡੱਬਾਬੰਦੀ ਵਾਸਤੇ ਢੁਕਵੀਂ ਹੈ। ਇਸ ਕਿਸਮ ਦਾ ਔਸਤ ਝਾੜ 55 ਕੁਇੰਟਲ ਪ੍ਰਤੀ ਏਕੜ ਹੈ।

ਪੰਜਾਬ-7: ਇਸ ਕਿਸਮ ਦੇ ਬੂਟੇ ਦਰਮਿਆਨੇ ਉੱਚੇ ਅਤੇ ਤਣੇ ਉਤੇ ਜਾਮਨੀ ਰੰਗ ਦੇ ਡੱਬ ਹੁੰਦੇ ਹਨ। ਡੰਡੀ ਦਾ ਹੇਠਲਾ ਪਾਸਾ ਗੂੜ੍ਹਾ ਜਾਮਨੀ ਰੰਗ ਦਾ ਹੁੰਦਾ ਹੈ। ਪੱਤਿਆਂ, ਤਣੇ ਅਤੇ ਡੰਡੀ ਉੱਤੇ ਲੂੰ ਹੁੰਦੇ ਹਨ। ਫਲ ਦਰਮਿਆਨੇ ਲੰਮੇਂ, ਹਰੇ, ਨਰਮ ਅਤੇ ਪੰਜ ਧਾਰੀਆਂ ਵਾਲੇ ਹੁੰਦੇ ਹਨ। ਫਲ ਦੀ ਨੋਕ ਖੁੰਢੀ ਹੁੰਦੀ ਹੈ। ਇਸ ਕਿਸਮ ਵਿੱਚ ਵਿਸ਼ਾਣੂ ਰੋਗ ਨੂੰ ਸਹਿਣ ਦੀ ਸਮਰੱਥਾ ਹੈ। ਔਸਤ ਝਾੜ 45 ਕੁਇੰਟਲ ਪ੍ਰਤੀ ਏਕੜ ਹੈ।

ਪੰਜਾਬ ਪਦਮਨੀ: ਇਸ ਦੇ ਬੂਟੇ ਦੇ ਤਣੇ ਅਤੇ ਡੰਡੀ ਉਤੇ ਜਾਮਨੀ ਧੱਬੇ ਹੁੰਦੇ ਹਨ। ਪੱਤੇ ਲੂੰਆਂ ਵਾਲੇ ਅਤੇ ਫਲ ਤੇਜ਼ੀ ਨਾਲ ਵਧਣ ਵਾਲੇ ਹਰੇ, ਪਤਲੇ ਲੰਮੇ ਅਤੇ ਪੰਜ ਧਾਰੀਆਂ ਵਾਲੇ ਹੁੰਦੇ ਜੋ ਜ਼ਿਆਦਾ ਦੇਰ ਤੱਕ ਨਰਮ ਰਹਿੰਦੇ ਹਨ। ਇਸ ਕਿਸਮ ਨੂੰ ਪੀਲੀਏ ਦੀ ਬਿਮਾਰੀ ਘੱਟ ਲਗਦੀ ਹੈ। ਔਸਤ ਝਾੜ 45 ਕੁਇੰਟਲ ਪ੍ਰਤੀ ਏਕੜ ਹੈ।

ਬਿਜਾਈ: ਬਰਸਾਤ ਰੁੱਤ ਵਿੱਚ ਭਿੰਡੀ ਦੀ ਬਿਜਾਈ ਜੂਨ-ਜੁਲਾਈ ਵਿੱਚ ਕੀਤੀ ਜਾਂਦੀ ਹੈ। ਇਕ ਏਕੜ ਵਾਸਤੇ 4-6 ਕਿੱਲੋ ਬੀਜ ਕਾਫ਼ੀ ਹੈ। ਬਿਜਾਈ ਤੋਂ ਪਹਿਲਾਂ ਬੀਜ ਨੂੰ 24 ਘੰਟੇ ਲਈ ਪਾਣੀ ਵਿੱਚ ਭਿਉਂਣਾ ਚਾਹੀਦਾ ਹੈ। ਕਤਾਰ ਤੋਂ ਕਤਾਰ ਦਾ ਫਾਸਲਾ 20 ਸੈਂਟੀਮੀਟਰ ਰੱਖਣਾ ਚਾਹੀਦਾ ਹੈ। ਬੂਟੇ ਤੋਂ ਬੂਟੇ ਦਾ ਫਾਸਲਾ 60 ਸੈਂਟੀਮੀਟਰ ਹੋਵੇ। ਬਿਜਾਈ ਹਮੇਸ਼ਾ ਵੱਤਰ ਵਿੱਚ ਹੀ ਕਰੋ।

ਖਾਦਾਂ ਦੀ ਵਰਤੋਂ: 15-20 ਟਨ ਗਲੀ-ਸੜੀ ਰੂੜੀ ਦੀ ਖਾਦ ਨੂੰ ਬਿਜਾਈ ਤੋਂ ਘੱਟੋ-ਘੱਟ ਇਕ ਹਫ਼ਤਾ ਪਹਿਲਾਂ ਜ਼ਮੀਨ ਵਿੱਚ ਰਲਾਉਣਾ ਚਾਹੀਦਾ ਹੈ। ਚੰਗੀ ਫ਼ਸਲ ਲਈ 36 ਕਿੱਲੋ ਨਾਈਟਰੋਜਨ (80 ਕਿੱਲੋ ਯੂਰੀਆ) ਪ੍ਰਤੀ ਏਕੜ ਦਰਮਿਆਨੀਆਂ (ਆਮ) ਜ਼ਮੀਨਾਂ ਵਾਸਤੇ ਸਿਫਾਰਿਸ਼ ਕੀਤੀ ਜਾਂਦੀ ਹੈ। ਅੱਧੀ ਨਾਈਟਰੋਜਨ ਬਿਜਾਈ ਵੇਲੇ ਅਤੇ ਅੱਧੀ ਪਹਿਲੀ ਤੁੜਾਈ ਤੋਂ ਬਾਅਦ ਪਾਉ। ਮਿੱਟੀ ਪਰਖ਼ ਦੇ ਆਧਾਰ ਉਤੇ ਖਾਦਾਂ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।

ਨਦੀਨਾਂ ਦੀ ਰੋਕਥਾਮ: ਭਿੰਡੀ ਦੀ ਫ਼ਸਲ ਵਿੱਚ ਨਦੀਨਾਂ ਦੀ ਰੋਕਥਾਮ 3-4 ਗੋਡੀਆਂ ਰਾਹੀਂ ਕੀਤੀ ਜਾ ਸਕਦੀ ਹੈ। ਪਹਿਲੀ ਗੋਡੀ ਫ਼ਸਲ ਦੇ ਉੱਗਣ ਤੋਂ ਦੋ ਹਫਤੇ ਪਿੱਛੋਂ ਅਤੇ ਬਾਕੀ ਗੋਡੀਆਂ 15 ਦਿਨ ਦੇ ਵਕਫ਼ੇ ਬਾਅਦ ਕਰਦੇ ਰਹੋ। ਨਦੀਨਾਂ ਦੀ ਰੋਕਥਾਮ ਨਦੀਨ ਨਾਸ਼ਕ ਦਵਾਈਆਂ ਨਾਲ ਵੀ ਕੀਤੀ ਜਾ ਸਕਦੀ ਹੈ। ਬਾਸਾਲਿਨ 45 ਈ ਸੀ (ਫਲੂਕਲੋਰਾਇਨ) ਦਾ 800 ਮਿਲੀਲਿਟਰ ਪ੍ਰਤੀ ਏਕੜ ਫ਼ਸਲ ਬੀਜਣ ਤੋਂ 4 ਦਿਨ ਪਹਿਲਾਂ ਛਿੜਕਾਅ ਕਰੋ। ਇਸ ਪਿੱਛੋ ਖੇਤ ਵਿੱਚ ਹੈਰੋ ਜ਼ਰੂਰ ਫੇਰੋ ਲਾਸੋ 2 ਲੀਟਰ ਪ੍ਰਤੀ ਏਕੜ ਬਿਜਾਈ ਤੋਂ ਇਕ ਦਿਨ ਪਹਿਲਾਂ ਛਿੜਕੋ। ਸਟੌਂਪ 30 ਈ ਸੀ (ਪੈਂਡੀਮੈਥਾਲਿਨ) ਇਕ ਲਿਟਰ ਪ੍ਰਤੀ ਏਕੜ ਬਿਜਾਈ ਤੋਂ ਇਕ ਦਿਨ ਪਿੱਛੋਂ ਸਪਰੇਅ ਕਰੋ। ਇਨ੍ਹਾਂ ਸਾਰੇ ਨਦੀਨ ਨਾਸ਼ਕਾਂ ਲਈ 200-250 ਲੀਟਰ ਪਾਣੀ ਪ੍ਰਤੀ ਏਕੜ ਵਰਤੋ।

ਪਾਣੀ ਦੀ ਜ਼ਰੂਰਤ: ਬਿਜਾਈ ਹਮੇਸ਼ਾ ਵੱਤਰ ਵਿੱਚ ਕਰੋ। ਪਹਿਲਾ ਪਾਣੀ ਬੀਜ ਜੰਮਣ ਤੋਂ ਬਾਅਦ ਦਿਉ। ਬਰਸਾਤ ਵਿੱਚ ਪਾਣੀ ਦੀ ਘੱਟ ਲੋੜ ਹੁੰਦੀ ਹੈ, ਸੋ ਸਿੰਚਾਈ ਬਾਰਿਸ਼ ਦੇ ਹਿਸਾਬ ਨਾਲ ਕਰੋ। ਵੈਸੇ ਭਿੰਡੀ ਨੂੰ ਤਕਰੀਬਨ 10-12 ਪਾਣੀਆਂ ਦੀ ਲੋੜ ਹੁੰਦੀ ਹੈ। ਤੁੜਾਈ: ਕਿਸਮ ਅਤੇ ਮੌਸਮ ਮੁਤਾਬਿਕ ਭਿੰਡੀ ਦੀ ਫ਼ਸਲ 45 ਤੋਂ 50 ਦਿਨਾਂ ਵਿੱਚ ਤੁੜਾਈ ਯੋਗ ਹੋ ਜਾਂਦੀ ਹੈ। ਫਲ ਨੂੰ ਡੋਡੀ ਕੋਲੋਂ ਫੜ ਕੇ ਝਟਕੇ ਨਾਲ ਤੁੜਾਈ ਕੀਤੀ ਜਾਂਦੀ ਹੈ। ਲੋਕਲ ਮੰਡੀਆਂ ਲਈ ਤੁੜਾਈ ਸਵੇਰ ਵੇਲੇ ਕਰੋ। ਜਦੋਂ ਫਲ ਬਰਸਾਤ ਕਾਰਨ ਗਿੱਲਾ ਹੋਵੇ ਤਾਂ ਤੁੜਾਈ ਨਾ ਕਰੋ। ਫਲ ਦੀ ਤੁੜਾਈ ਕਰਕੇ ਹਵਾਦਾਰ ਕਰੇਟਾਂ ਵਿੱਚ ਪਾ ਕੇ ਠੰਢੀ ਥਾਂ ਉਪਰ ਰੱਖਦੇ ਜਾਉ।

ਮੰਡੀਕਰਨ: ਸਾਫ ਸੁੱਥਰੇ ਫਲਾਂ ਨੂੰ ਆਕਾਰ, ਰੰਗ ਅਤੇ ਸ਼ਕਲ ਦੇ ਅਨੁਸਾਰ ਗਰੇਡਿੰਗ ਕਰਕੇ ਹੀ ਮੰਡੀ ਵਿੱਚ ਵੇਚੋ ਤਾਂ ਜੋ ਚੰਗਾ ਮੁੱਲ ਮਿਲ ਸਕੇ। ਫਲ ਨਾਲ ਇਕ ਸੈਂਟੀਮੀਟਰ ਦੀ ਡੰਡੀ ਰਹਿਣ ਦਿੱਤੀ ਜਾਂਦੀ ਹੈ।

ਪੌਦ ਸੁਰੱਖਿਆ: ਹਰੇ ਰੰਗ ਦੇ ਇਹ ਛੋਟੇ ਕੀੜੇ ਮਈ ਤੋਂ ਸਤੰਬਰ ਦੌਰਾਨ ਪੱਤਿਆਂ ਦੇ ਹੇਠਲੇ ਪਾਸਿਓਂ ਰਸ ਚੂਸ ਕੇ ਪੱਤਿਆਂ ਨੂੰ ਪੀਲਾ ਅਤੇ ਠੂਠੀ ਵਰਗਾ ਬਣਾ ਦਿੰਦੇ ਹਨ। ਰੋਕਥਾਮ ਲਈ 560 ਮਿਲੀਲਿਟਰ ਮੈਲਾਥੀਆਨ 50 ਈ ਸੀ ਨੂੰ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ ਅਤੇ ਲੋੜ ਪੈਣ ਤੇ 15 ਦਿਨ ਬਾਦ ਦੁਹਰਾਓ। ਬੀਜ ਲਈ ਰੱਖੀ ਭਿੰਡੀ ਤੇ 8 ਕਿਲੋ ਥਿਮਟ 10 ਜੀ ਬਿਜਾਈ ਸਮੇਂ ਹੀ ਸਿਆੜਾਂ ਵਿੱਚ ਹੀ ਪਾਓ ਜਾਂ 250 ਮਿਲੀਲਿਟਰ ਰੋਗਰ 30 ਈ ਸੀ ਜਾਂ 20 ਗ੍ਰਾਮ ਪ੍ਰਾਈਡ 20 ਐਸ ਪੀ, 100-125 ਲਿਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਛਿੜਕੋ ਅਤੇ ਲੋੜ ਪੈਣ ਤੇ 15 ਦਿਨਾਂ ਬਾਦ ਦੁਹਰਾਓ।

ਚਿਤਕਬਰੀ ਸੁੰਡੀ: ਇਹ ਸੁੰਡੀ ਭਿੰਡੀ ਵਿੱਚ ਸੁਰਾਖ਼ ਕਰਕੇ ਅੰਦਰੋਂ ਖਾਂਦੀ ਹੈ ਜਿਸ ਨਾਲ ਫਲ ਕਾਣੇ ਹੋ ਜਾਂਦੇ ਹਨ। ਇਸ ਸੁੰਡੀ ਦੀ ਰੋਕਥਾਮ ਲਈ ਫੁੱਲ ਪੈਣੇ ਸ਼ੁਰੂ ਹੁੰਦਿਆਂ ਹੀ, 70 ਗ੍ਰਾਮ ਪ੍ਰੋਕਲੇਮ 05 ਐਸ ਜੀ ਜਾਂ 500 ਗ੍ਰਾਮ ਸੇਵਿਨ 50 ਘੁਲਣਸ਼ੀਲ ਜਾਂ 100 ਮਿਲੀਲਿਟਰ ਸੁਮੀਸੀਡੀਨ 20 ਈ ਸੀ ਜਾਂ 80 ਮਿਲੀਲਿਟਰ ਸਿੰਬੁਸ਼ 25 ਈ ਸੀ ਨੂੰ 100-125 ਲਿਟਰ ਪਾਣੀ ਵਿੱਚ 15 ਦਿਨ ਦੇ ਵਕਫੇ ਨਾਲ ਤਿੰਨ ਵਾਰ ਛਿੜਕੋ। ਬੀਜ ਲਈ ਰੱਖੀ ਫਸਲ ਤੇ ਸੁੰਡੀ ਦੇ ਹਮਲੇ ਕਾਰਨ 20-30 ਪ੍ਰਤੀਸ਼ਤ ਮੁਰਝਾਈਆਂ ਲੱਗਰਾਂ ਵੇਖਦੇ ਹੀ 100 ਮਿਲੀਲਿਟਰ ਸੁਮੀਸੀਡੀਨ 20 ਈ ਸੀ ਹਾਂ 80 ਮਿਲੀਲਿਟਰ ਸਿੰਬੁਸ਼ 25 ਈ ਸੀ ਜਾਂ 160 ਮਿਲੀਲਿਟਰ ਡੈਸਿਸ 2.8 ਈ ਸੀ 100-125 ਲਿਟਰ ਪਾਣੀ ਵਿਚ ਛਿੜਕੋ।

ਮਕੌੜਾ ਜੂੰ: ਇਹ ਪੱਤਿਆਂ ਦਾ ਰਸ ਚੂਸਦੀ ਹੈ ਜਿਸ ਨਾਲ ਜਾਲੇ ਲੱਗਕੇ ਪੱਤੇ ਸੁੱਕ ਕੇ ਝੜ ਜਾਂਦੇ ਹਨ। ਰੋਕਥਾਮ ਲਈ 250 ਮਿ. ਲਿ. ਮੈਟਾਸਿਸਟਾਕਸ 25 ਈ ਸੀ ਜਾਂ ਰੋਗਰ 30 ਈ ਸੀ ਪ੍ਰਤੀ ਏਕੜ ਦੇ ਹਿਸਾਬ 100-125 ਲਿਟਰ ਪਾਣੀ ਵਿੱਚ ਛਿੜਕੋ।

ਧੱਬਿਆਂ ਦਾ ਰੋਗ: ਜੁਲਾਈ ਤੋਂ ਅਗਸਤ ਦੌਰਾਨ ਪੱਤੇ ਦੇ ਦੋਵੇਂ ਪਾਸੇ ਛੋਟੇ, ਭੂਰੇ ਕਾਲੇ ਧੱਬੇ ਪੈ ਜਾਂਦੇ ਜੋ ਜੁੜ ਕੇ ਵੱਧ ਜਾਂਦੇ ਹਨ ਤੇ ਫਿਰ ਪੱਤੇ ਸੁੱਕ ਕੇ ਝੜ ਜਾਂਦੇ ਹਨ। ਰੋਕਥਾਮ ਲਈ 200 ਗ੍ਰਾਮ ਬਾਵਿਸਟਨ ਦਾ ਛਿੜਕਾਅ ਪ੍ਰਤੀ ਏਕੜ 200 ਲਿਟਰ ਪਾਣੀ ਵਿੱਚ ਘੋਲ ਕੇ 14 ਦਿਨਾਂ ਦੇ ਵਕਫ਼ੇ ਅਤੇ 3 ਵਾਰ ਨਿਸ਼ਾਨੀਆਂ ਦਿਸਦੇ ਸਾਰ ਹੀ ਕਰੋ। ×ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ

# ਸਬਜ਼ੀਆਂ ਦੀ ਕਾਸ਼ਤ ਲਈ ਮਸ਼ੀਨਾਂ

• ਮਹੇਸ਼ ਕੁਮਾਰ ਨਾਰੰਗ, ਅਰਸ਼ਦੀਪ ਸਿੰਘ

ਪੰਜਾਬ ਵਿਚ ਮੁੱਖ ਫ਼ਸਲੀ ਚੱਕਰ ਕਣਕ ਤੇ ਝੋਨਾ ਹੈ। ਕਣਕ ਹੇਠ 35 ਲੱਖ ਹੈਕਟੇਅਰ ਤੇ ਝੋਨੇ ਹੇਠ 29.5 ਲੱਖ ਹੈਕਟੇਅਰ ਰਕਬਾ ਹੈ। ਝੋਨੇ 'ਚ ਪਾਣੀ ਦੀ ਲਾਗਤ ਬਹੁਤ ਜ਼ਿਆਦਾ ਹੈ ਜਿਸ ਕਾਰਨ ਜ਼ਮੀਨਦੋਜ਼ ਪਾਣੀ ਦਾ ਪੱਧਰ ਡਿੱਗ ਰਿਹਾ ਹੈ। ਇਸ ਨੂੰ ਰੋਕਣ ਲਈ ਰਵਾਇਤੀ ਫ਼ਸਲੀ ਚੱਕਰ ਨੂੰ ਘਟਾ ਕੇ ਬਦਲਵੀਆਂ ਫ਼ਸਲਾਂ ਲੈਣੀਆਂ ਚਾਹੀਦੀਆਂ ਹਨ। ਇਨ੍ਹਾਂ ਲਈ ਸਬਜ਼ੀਆਂ ਹੇਠ ਰਕਬਾ ਵਧਾਇਆ ਜਾ ਸਕਦਾ ਹੈ। ਪੰਜਾਬ ਵਿਚ ਸਾਲ 2015-16 ਦੌਰਾਨ 2.30 ਲੱਖ ਹੈਕਟੇਅਰ ਰਕਬੇ 'ਚ ਸਬਜ਼ੀਆਂ ਦੀ ਕਾਸ਼ਤ ਕੀਤੀ ਗਈ। ਕਾਸ਼ਤ ਦੇ ਕੰਮ 'ਚ ਸੁਧਾਰ ਲਿਆਉਣ ਤੇ ਦਸਤੀ ਮਿਹਨਤ ਘਟਾਉਣ ਲਈ ਸਬਜ਼ੀਆਂ ਵਿਚ ਮਸ਼ੀਨੀਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਕੌਮੀ ਬਾਗ਼ਬਾਨੀ ਮਿਸ਼ਨ ਅਧੀਨ ਨਵੀਆਂ ਮਸ਼ੀਨਾਂ ਲਈ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਸਬਜ਼ੀਆਂ ਦੀ ਕਾਸ਼ਤ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਨਵੀਆਂ ਮਸ਼ੀਨਾਂ ਵਿਕਸਿਤ ਕੀਤੀਆਂ ਜਾ ਰਹੀਆਂ ਹਨ:



### ਲੇਜ਼ਰ ਕਰਾਹਾ

ਲੇਜਰ ਕਰਾਹਾ ਟ੍ਰੈਕਟਰ ਨਾਲ ਚੱਲਣ ਵਾਲੀ ਮਸ਼ੀਨ ਹੈ, ਜਿਸ ਨਾਲ ਲੋੜੀਂਦੀ-ਢਲਾਣ ਮੁਤਾਬਿਕ ਖੇਤ ਨੂੰ ਵਧੀਆ ਤਰੀਕੇ ਨਾਲ ਪੱਧਰਾ ਕੀਤਾ ਜਾ ਸਕਦਾ ਹੈ। ਇਸ ਨੂੰ 50 ਹਾਰਸ ਪਾਵਰ ਦੇ ਟ੍ਰੈਕਟਰ ਨਾਲ ਚਲਾਇਆ ਜਾਂਦਾ ਹੈ। ਲੇਜਰ ਕਰਾਹੇ ਨਾਲ ਜ਼ਮੀਨ ਪੱਧਰੀ ਕਰਨ 'ਤੇ ਪਾਣੀ ਦੀ 15-30 ਫ਼ੀਸਦੀ ਤਕ ਬੱਚਤ ਹੁੰਦੀ ਹੈ। ਇਸ ਨਾਲ ਝਾੜ 'ਚ 5-10 ਫ਼ੀਸਦੀ ਵਾਧਾ ਹੁੰਦਾ ਹੈ। ਖਾਦਾਂ ਤੇ ਕੀਟਨਾਸ਼ਕਾਂ ਦੀ ਸੁਚੱਜੀ ਵਰਤੋਂ ਹੁੰਦੀ ਹੈ। ਖੇਤ ਦੇ ਪੱਧਰ ਹੋਣ ਕਾਰਨ ਵੱਟਾਂ ਦੀ ਗਿਣਤੀ ਘਟਦੀ ਹੈ ਜਿਸ ਨਾਲ ਪੱਧਰੀ ਬਿਜਾਈ ਵਾਲੇ ਖੇਤਾਂ ਵਿਚ 2-3 ਫ਼ੀਸਦੀ ਤੇ ਵੱਟਾ 'ਤੇ ਬਿਜਾਈ ਵਾਲੇ ਖੇਤਾਂ ਵਿਚ ਫ਼ਸਲ ਹੇਠ 6-8 ਰਕਬਾ ਵਧ ਜਾਂਦਾ ਹੈ। ਇਸ ਮਸ਼ੀਨ ਦੁਆਰਾ ਅਸੀਂ ਖੇਤ 'ਚ ਢਲਾਣ ਵੀ ਦੇ ਸਕਦੇ ਹਾਂ। ਜੇ ਖੇਤ ਦੇ ਲੈਵਲ 'ਚ 3-4 ਇੰਚ ਫ਼ਰਕ ਹੈ ਤਾਂ ਇਸ ਨੂੰ ਬਿਲਕੁਲ ਪੱਧਰਾ ਕਰਨ ਲਈ ਔਸਤ ਸਮਾਂ 1.25 ਤੋਂ 1.50 ਘੰਟਾ ਪ੍ਰਤੀ ਏਕੜ ਲਗਦਾ ਹੈ। ਸਬਜ਼ੀਆਂ ਲਈ ਖੇਤ ਪੱਧਰਾ ਹੋਵੇ ਤਾਂ ਇਕਸਾਰ ਸਿੰਚਾਈ ਹੁੰਦੀ ਹੈ ਤੇ ਝਾੜ ਵਿਚ ਵੀ ਵਾਧਾ ਹੁੰਦਾ ਹੈ।

### ਸਿੱਧੀ ਬਿਜਾਈ ਲਈ ਮਸ਼ੀਨੀ ਪਲਾਂਟਰ

ਸਬਜ਼ੀਆਂ ਦੀ ਸਿੱਧੀ ਬਿਜਾਈ ਲਈ ਮਸ਼ੀਨੀ ਪਲਾਂਟਰ ਵੀ ਉਪਲਬਧ ਹਨ। ਇਨ੍ਹਾਂ ਵਿਚ ਬਿਜਾਈ ਲਈ ਖ਼ਾਸ ਤੌਰ 'ਤੇ ਡਿਜ਼ਾਈਨ ਕੀਤੀਆਂ ਪਲੇਟਾਂ ਇਕ ਖ਼ਾਸ ਕੋਨ 'ਤੇ ਕੱਸੀਆਂ ਹੁੰਦੀਆਂ ਹਨ, ਜੋ ਬੀਜ ਨੂੰ ਬਕਸੇ ਵਿੱਚੋਂ ਚੁੱਕ ਕੇ ਟਿਊਬ 'ਚ ਪਾ ਦਿੰਦੀਆਂ ਹਨ। ਇਹ ਮਸ਼ੀਨ 40 ਸੈਂਟੀਮੀਟਰ ਦੀ ਉੱਪਰਲੀ ਚੌੜਾਈ ਵਾਲੇ ਤਿੰਨ ਬੈੱਡ ਇੱਕੋ ਸਮੇਂ ਬਣਾਉਂਦੀ ਹੈ। ਹਰ ਬੈੱਡ 'ਤੇ ਚਾਰ ਕਤਾਰਾ ਬੀਜਦੀ ਹੈ ਤੇ ਹਰ ਕਤਾਰ 'ਚ 10 ਸੈਂਟੀਮੀਟਰ ਦਾ ਫ਼ਾਸਲਾ ਹੁੰਦਾ ਹੈ। ਇਸ ਮਸ਼ੀਨ ਦੀ ਕੰਮ ਕਰਨ ਦੀ ਸਮਰਥਾ 1-1.5 ਏਕੜ ਪ੍ਰਤੀ ਘੰਟਾ ਹੈ। ਇਸ ਨਾਲ ਗਾਜਰ ਤੇ ਛੋਟੇ ਬੀਜਾਂ ਦੀ ਬਿਜਾਈ ਹੋ ਸਕਦੀ ਹੈ।

### ਲਸਣ ਪਲਾਂਟਰ

ਇਸ ਮਸ਼ੀਨ ਨਾਲ ਲਸਣ ਦੀ ਬੀਜਾਈ ਕੀਤੀ ਜਾਂਦੀ ਹੈ। ਇਸ ਮਸ਼ੀਨ 'ਚ ਬੀਜ ਦਾ ਬਕਸਾ, ਪਾਵਰ ਟਰਾਂਸਮਿਸ਼ਨ ਲਈ ਚੇਨ-ਗਰਾਰੀਆਂ, ਹੈਂਡਲ ਤੇ ਪਲੇਟ ਲੱਗੀ ਹੁੰਦੀ ਹੈ ਜਿਸ ਉੱਪਰ ਚਮਚੇ ਲੱਗੇ ਹੁੰਦੇ ਹਨ। ਇਸ ਮਸ਼ੀਨ ਨੂੰ ਇਕ ਆਦਮੀ ਚਲਾਉਂਦਾ ਹੈ ਤੇ ਦੂਜਾ ਰੱਸੀ ਦੁਆਰਾ ਖਿੱਚਦਾ ਹੈ। ਇਸ ਮਸ਼ੀਨ ਨਾਲ ਇਕ ਦਿਨ 'ਚ ਇਕ ਏਕੜ ਰਕਬਾ ਬੀਜਿਆ ਜਾ ਸਕਦਾ ਹੈ। ਇਸ ਨਾਲ 80 ਫ਼ੀਸਦੀ ਲੇਬਰ ਤੇ 75 ਫ਼ੀਸਦੀ ਖ਼ਰਚਿਆਂ ਦੀ ਬੱਚਤ ਹੁੰਦੀ ਹੈ। ਬੀਜ ਵਾਲੇ ਡੱਬੇ ਨੂੰ ਦੋ ਤਿਹਾਈ ਹੀ ਭਰੋ ਤੇ ਗ੍ਰੇਡਿਡ ਬੀਜ ਦੀ ਹੀ ਵਰਤੋਂ ਕਰੋ।

### ਬੈੱਡ ਬਣਾਉਣ ਤੇ ਮਲਚ ਵਿਛਾਉਣ ਵਾਲੀ ਮਸ਼ੀਨ

ਇਹ ਮਸ਼ੀਨ ਸਬਜ਼ੀਆਂ ਦੀ ਬਿਜਾਈ ਲਈ ਬੈੱਡ ਬਣਾਉਣ, ਡਰਿਪ ਪਾਈਪ ਪਾਉਣ, ਮਲਚ ਦੇ ਤੌਰ 'ਤੇ ਪਲਾਸਟਿਕ ਸ਼ੀਟ ਵਿਛਾਉਣ ਤੇ ਪਲਾਸਟਿਕ ਸ਼ੀਟ 'ਚ ਲੋੜੀਂਦੀ ਵਿੱਥ 'ਤੇ ਸੁਰਾਖ਼ ਕੱਢਣ ਦੇ ਚਾਰੋ ਕੰਮ ਇੱਕੋ ਵੇਲੇ ਕਰਦੀ ਹੈ। ਮਸ਼ੀਨ ਨੂੰ ਚਲਾਉਣ ਲਈ 45-50 ਹਾਰਸ ਪਾਵਰ ਵਾਲੇ ਟ੍ਰੈਕਟਰ ਦੀ ਲੋੜ ਪੈਂਦੀ ਹੈ। ਇਸ ਦੀ ਸਮਰਥਾ 0.60 ਏਕੜ ਪ੍ਰਤੀ ਘੰਟਾ ਹੈ। ਇਸ ਦੀ ਵਰਤੋਂ ਨਾਲ ਹੱਥ ਦੇ ਕੰਮ ਕਰਨ ਦੇ ਮੁਕਾਬਲੇ 92 ਫ਼ੀਸਦੀ ਲੇਬਰ ਦੀ ਬੱਚਤ ਹੁੰਦੀ ਹੈ।

### ਪਨੀਰੀ ਲਈ ਟਰਾਂਸਪਲਾਟਰ

ਇਸ ਮਸ਼ੀਨ ਨਾਲ ਬੈਂਗਣ, ਗੋਭੀ, ਬੰਦ ਗੋਭੀ, ਟਮਾਟਰ ਤੇ ਸਰਦ ਰੁੱਤ ਦੀਆਂ ਮੱਕੀ, ਸਰ੍ਹੋਂ ਆਦਿ ਫ਼ਸਲਾਂ ਦੀ ਪਨੀਰੀ ਲਗਾਈ ਜਾ ਸਕਦੀ ਹੈ। ਇਸ ਨਾਲ ਪਨੀਰੀ ਨੂੰ ਵੱਟਾਂ ਉੱਪਰ ਤੇ ਪੱਧਰੀ ਵੀ ਲਗਾਇਆ ਜਾ ਸਕਦਾ ਹੈ। ਇਸ 'ਚ ਕਤਾਰ ਤੋਂ ਕਤਾਰ ਦਾ ਫ਼ਾਸਲਾ 67.5 ਸੈਂਟੀਮੀਟਰ ਤੇ ਬੂਟੇ ਦਾ ਫ਼ਾਸਲਾ 20 ਸੈਂਟੀਮੀਟਰ ਤੋਂ 60 ਸੈਂਟੀਮੀਟਰ ਤਕ ਰੱਖਿਆ ਜਾ ਸਕਦਾ ਹੈ। ਇਹ ਮਸ਼ੀਨ 1.75 ਤੋਂ 2 ਏਕੜ ਦੀ ਪਨੀਰੀ ਦਿਨ ਵਿਚ ਲਗਾ ਸਕਦੀ ਹੈ। ਇਸ ਨੂੰ ਟ੍ਰੈਕਟਰ ਨਾਲ 0.8 ਤੋਂ 1 ਕਿਲੋਮੀਟਰ ਪ੍ਰਤੀ ਘੰਟੇ ਦੀ ਸਪੀਡ 'ਤੇ ਚੱਲਦੀ ਹੈ। ਇਸ ਮਸ਼ੀਨ ਨਾਲ 75 ਤੋਂ 80 ਫ਼ੀਸਦੀ ਤਕ ਲੇਬਰ ਦੀ ਬਚਤ ਹੁੰਦੀ ਹੈ।

### ਜੜ੍ਹਦਾਰ ਸਬਜ਼ੀਆਂ ਪੁੱਟਣ ਵਾਲੀ ਮਸ਼ੀਨ

ਇਸ ਮਸ਼ੀਨ ਨਾਲ ਗਾਜਰ, ਆਲੂ, ਲਸਣ ਤੇ ਪਿਆਜ਼ ਆਦਿ ਜੜ੍ਹਦਾਰ ਸਬਜੀਆਂ ਦੀ ਪੁਟਾਈ ਕੀਤੀ ਜਾ ਸਕਦੀ ਹੈ। ਇਸ 'ਚ 115 ਸੈਂਟੀਮੀਟਰ ਚੌੜਾ ਬਲੇਡ ਹੁੰਦਾ ਹੈ ਜੋ ਸਬਜ਼ੀਆਂ ਨੂੰ ਪੁੱਟਦਾ ਹੈ। ਮਿੱਟੀ ਝਾੜਨ ਲਈ ਲੋਹੇ ਦੀਆਂ ਰਾਡਾਂ ਤੋਂ ਬਣਿਆ ਕਨਵੇਅਰ ਹੁੰਦਾ ਹੈ, ਜਿਸ 'ਚ ਲੱਗੇ ਦੋ ਗੀਅਰ ਕਨਵੇਅਰ ਨੂੰ ਉਛਾਲਦੇ ਹਨ ਤੇ ਸਬਜ਼ੀਆਂ ਤੋਂ ਮਿੱਟੀ ਝੜ ਜਾਂਦੀ ਹੈ। ਮਸ਼ੀਨ ਵਿਚਲੇ ਬਲੇਡ ਦੇ ਦੋਵੇਂ ਪਾਸੇ ਤਵੀਆਂ ਲੱਗੀਆਂ ਹੁੰਦੀਆਂ ਹਨ ਜੋ ਮਿੱਟੀ ਪੁੱਟਣ 'ਚ ਮਦਦ ਕਰਦੀਆਂ ਹਨ। ਮਸ਼ੀਨ ਦੀ ਸਮਰਥਾ 0.5 ਏਕੜ ਪ੍ਰਤੀ ਘੰਟਾ ਹੈ। ਪੁਟਾਈ ਦੀ ਕੁਸ਼ਲਤਾ 96-99 ਫ਼ੀਸਦੀ ਹੈ ਤੇ ਇਸ ਨਾਲ 60-70 ਫ਼ੀਸਦੀ ਲੇਬਰ ਦੀ ਬੱਚਤ ਹੁੰਦੀ ਹੈ।

### ਬੀਜ ਕੱਢਣ ਵਾਲੀ ਮਸ਼ੀਨ

ਇਹ ਮਸ਼ੀਨ ਫਲਾਂ ਤੇ ਟਮਾਟਰ, ਮਿਰਚ, ਤਰਬੂਜ, ਖੀਰਾ, ਟਿੰਡੇ ਆਦਿ ਸਬਜ਼ੀਆਂ ਦੇ ਬੀਜ ਕੱਢਣ ਲਈ ਵਰਤੀ ਜਾਂਦੀ ਹੈ। ਇਸ 'ਚ ਕਟਾਈ ਵਾਲਾ ਇਕ ਮੁਢਲਾ ਚੈਂਬਰ ਹੈ, ਜਿਸ 'ਚ ਸਬਜ਼ੀਆਂ ਤੇ ਫਲਾਂ ਟੁਕੜਿਆਂ 'ਚ ਕਟਾਈ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਇਨ੍ਹਾਂ ਨੂੰ ਰੋਟਰ 'ਤੇ ਲੱਗੇ ਬਲੇਡਾਂ ਨਾਲ ਦਰੜਿਆ ਜਾਂਦਾ ਹੈ। ਵੱਖ-ਵੱਖ ਸਾਈਜ਼ ਦੇ ਬੀਜਾਂ ਲਈ ਵੱਖਰੀਆਂ ਜਾਲੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਸਬਜ਼ੀਆਂ ਦੀ ਕਾਸ਼ਤ ਦੇ ਵੱਖ-ਵੱਖ ਖੇਤੀ ਕੰਮਾਂ ਦੇ ਮਸ਼ੀਨੀਕਰਨ ਲਈ ਯੂਨੀਵਰਸਿਟੀ ਵੱਲੋਂ ਮਸ਼ੀਨਾਂ ਵਿਕਸਿਤ, ਸਿਫਾਰਸ਼ ਤੇ ਪ੍ਰਚਲਿਤ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਮਸ਼ੀਨਾਂ ਦੀ ਵਰਤੋਂ ਨਾਲ ਕਿਸਾਨ ਸਮੇਂ ਅਤੇ ਲੇਬਰ ਦੀ ਬੱਚਤ ਕਰ ਸਕਦੇ ਹਨ। ਇਸ ਨਾਲ ਪੈਦਾਵਾਰ ਅਤੇ ਮੁਨਾਫ਼ੇ ਵਿਚ ਵੀ ਵਾਧਾ ਕੀਤਾ ਜਾ ਸਕਦਾ ਹੈ।•



### ਆਲੂ ਬੀਜਣ ਵਾਲੀ ਮਸ਼ੀਨਰੀ

*ਆਲੂ ਦੀ ਬੀਜਾਈ ਲਈ ਸੈਮੀ-ਆਟੋਮੈਟਿਕ ਤੇ ਆਟੋਮੈਟਿਕ ਪਲਾਂਟਰ ਮੌਜੂਦ ਹਨ। ਸੈਮੀ ਆਟੋਮੈਟਿਕ ਪਲਾਂਟਰ ਦੋ ਕਿਸਮਾਂ ਦੇ ਹਨ : ਬੈਲਟ ਕੱਪ ਅਤੇ ਦੂਜਾ ਘੁੰਮਣ ਵਾਲੀ ਪਲੇਟ ਵਾਲਾ ਹੈ। ਇਨ੍ਹਾਂ ਦੀ ਸਮਰਥਾ 0.30 ਤੋਂ 0.40 ਏਕੜ ਪ੍ਰਤੀ ਘੰਟਾ ਹੈ।। ਆਟੋਮੈਟਿਕ ਆਲੂ ਪਲਾਂਟਰ ਦੋ ਕਤਾਰਾਂ ਵਿਚ ਬਿਜਾਈ ਕਰਦਾ ਹੈ ਤੇ ਵੱਟਾਂ ਪਾਉਣ ਦਾ ਕੰਮ ਵੀ ਨਾਲੋ-ਨਾਲ ਕਰਦਾ ਹੈ। ਬੀਜ ਵਾਲੇ ਬਕਸੇ ਵਿਚ ਆਲੂ ਚੁੱਕਣ ਲਈ ਦੋ ਪਹੀਏ ਲੱਗੇ ਹਨ, ਜਿਨ੍ਹਾਂ ਦੇ ਘੇਰੇ 'ਤੇ ਲੱਗੀਆਂ ਸਪਰਿੰਗ ਨਾਲ ਚੱਲਣ ਵਾਲੀਆਂ ਉਂਗਲਾਂ ਆਪਣੇ ਆਪ ਆਲੂ ਚੁੱਕਦੀਆਂ ਹਨ। ਇਸ ਦੀ ਸਮਰਥਾ 0.75 ਤੋਂ ਇਕ ਏਕੜ ਪ੍ਰਤੀ ਘੰਟਾ ਹੈ। ਇਸ ਨਾਲ ਲੇਬਰ ਦੀ 80 ਫ਼ੀਸਦੀ ਤਕ ਬੱਚਤ ਹੁੰਦੀ ਹੈ।*

# ਬਾਸਮਤੀ ਦੇ ਚੰਗੇ ਭਾਅ ਲਈ ਰਕਬੇ ਨੂੰ ਰੱਖੋ ਸੀਮਤ

ਰਾਜ ਕੁਮਾਰ ਤੇ ਜਸਦੇਵ ਸਿੰਘ×



ਬਾਸਮਤੀ ਚਾਵਲ ਦੀ ਪੈਦਾਵਾਰ ਕਰਨ ਵਾਲਾ ਭਾਰਤ ਸਭ ਤੋਂ ਵੱਡਾ ਦੇਸ਼ ਹੈ ਜਿਹੜਾ ਵਿਸ਼ਵ ਦੀ ਕੁੱਲ ਬਾਸਮਤੀ ਚਾਵਲ ਦੀ ਪੈਦਾਵਾਰ ਦਾ ਤਕਰੀਬਨ 70 ਪ੍ਰਤੀਸ਼ਤ ਹਿੱਸਾ ਪੈਦਾ ਕਰਦਾ ਹੈ। ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਉਤਰਾਖੰਡ ਅਤੇ ਜੰਮੂ ਅਤੇ ਕਸ਼ਮੀਰ ਬਾਸਮਤੀ ਪੈਦਾ ਕਰਨ ਵਾਲੇ ਮੁੱਖ ਪ੍ਰਾਂਤ ਹਨ। 2016-17 ਦੌਰਾਨ ਭਾਰਤ ਵਲੋਂ ਲੱਗਪਗ 40 ਲੱਖ ਟਨ ਬਾਸਮਤੀ ਚਾਵਲ ਦਾ ਨਿਰਯਾਤ ਕੀਤਾ ਗਿਆ ਜਿਸ ਵਿੱਚ ਸਾਊਦੀ ਅਰਬ ਦਾ ਹਿੱਸਾ 20 ਪ੍ਰਤੀਸ਼ਤ ਸੀ। ਇਸ ਤੋਂ ਇਲਾਵਾ ਇਰਾਨ, ਸੰਯੁਕਤ ਅਰਬ ਅਮੀਰਾਤ, ਇਰਾਕ ਅਤੇ ਕੁਵੈਤ ਨੇ ਭਾਰਤ ਦੇ ਕੁੱਲ ਨਿਰਯਾਤ ਵਿੱਚ ਕ੍ਰਮਵਾਰ 17.98, 15.39, 11.42 ਅਤੇ 4.07 ਪ੍ਰਤੀਸ਼ਤ ਹਿੱਸਾ ਪਾਇਆ।

ਸਾਲ 2008-09 ਦੌਰਾਨ ਬਾਸਮਤੀ ਝੋਨੇ ਦਾ ਨਿਰਯਾਤ 15.6 ਲੱਖ ਟਨ ਸੀ। ਭਾਰਤ ਵਿੱਚ ਬਾਸਮਤੀ ਚਾਵਲ ਦੇ ਉਤਪਾਦਨ ਵਿੱਚ 2008-09 ਤੋਂ 2011-12 ਤੱਕ ਵੱਡਾ ਉਛਾਲ ਆਇਆ। ਨਤੀਜੇ ਵਜੋਂ ਇਨ੍ਹਾਂ ਸਾਲਾਂ ਵਿੱਚ ਨਿਰਯਾਤ ਕੀਮਤਾਂ (2011-12 ਨੂੰ ਛੱਡ ਕੇ) ਥੱਲੇ ਆ ਗਈਆਂ। 2011-12 ਦੌਰਾਨ ਬਾਸਮਤੀ ਦੀ ਪੈਦਾਵਾਰ ਵਧਣ ਦੇ ਬਾਵਜੂਦ ਨਿਰਯਾਤ ਕੀਮਤਾਂ ਦਾ ਵਧਣਾ ਸ਼ਾਇਦ ਇਸ ਕਰਕੇ ਸੀ ਕਿਉਂਕਿ ਬਾਸਮਤੀ ਝੋਨੇ ਦਾ ਨਿਰਯਾਤ 2010-11 ਦੌਰਾਨ 23.7 ਲੱਖ ਟਨ ਤੋਂ ਵਧ ਕੇ 2011-12 ਦੌਰਾਨ 31.8 ਲੱਖ ਟਨ ਹੋ ਗਿਆ ਸੀ। 2011-12 ਅਤੇ 2013-14 ਦਰਮਿਆਨ ਬਾਸਮਤੀ ਚਾਵਲ ਦੀ ਪੂਰਤੀ ਵਿੱਚ ਤਾਂ ਖਾਸ ਬਦਲਾਅ ਨਾ ਆਇਆ ਪਰ ਇਸ ਦਾ ਨਿਰਯਾਤ ਵਧਦਾ ਰਿਹਾ। ਇਸ ਵਜ੍ਹਾ ਕਰਕੇ ਪਿਛਲੇ ਬਚੇ ਹੋਏ ਸਟਾਕ ਵੀ ਘਟ ਗਏ ਤੇ ਇਸ ਦੀ ਨਿਰਯਾਤ ਕੀਮਤ ਵੀ 2011-12 ਵਿੱਚ 4862 ਰੁਪਏ ਪ੍ਰਤੀ ਕੁਇੰਟਲ ਤੋਂ ਵਧ ਕੇ 2013-14 ਵਿੱਚ 7796 ਰੁਪਏ ਪ੍ਰਤੀ ਕੁਇੰਟਲ ਹੋ ਗਈ। 2014-15 ਅਤੇ 2015-16 ਦੌਰਾਨ ਇੱਕ ਤਾਂ ਬਾਸਮਤੀ ਝੋਨੇ ਹੇਠ ਰਕਬਾ ਵਧਣ ਨਾਲ, ਦੂਜਾ ਬਾਸਮਤੀ ਝੋਨੇ ਦੀ ਵੱਧ ਝਾੜ ਦੇਣ ਵਾਲੀ ਨਵੀਂ ਕਿਸਮ ਪੂਸਾ ਬਾਸਮਤੀ 1509 ਦੇ ਆਉਣ ਨਾਲ ਬਾਸਮਤੀ ਚਾਵਲ ਦੀ ਕੁੱਲ ਪੈਦਾਵਾਰ ਵਿੱਚ ਵਾਧਾ ਹੋਇਆ। ਨਤੀਜੇ ਵਜੋਂ ਬਾਸਮਤੀ ਚਾਵਲ ਦੀ ਨਿਰਯਾਤ ਕੀਮਤ 7459 ਰੁਪਏ ਪ੍ਰਤੀ ਕੁਇੰਟਲ (2014-15) ਤੋਂ ਘਟ ਕੇ 5781 ਰੁਪਏ ਪ੍ਰਤੀ ਕੁਇੰਟਲ (2015-16) ਤੇ ਆ ਗਈ।

2016-17 ਦੌਰਾਨ ਭਾਵੇਂ ਬਾਸਮਤੀ ਥੱਲੇ ਰਕਬਾ ਤਾਂ ਕੁੱਝ ਘਟ ਗਿਆ ਸੀ ਪਰ ਇਸਦੇ ਨਿਰਯਾਤ ਵਿੱਚ ਖੜੋਤ ਆ ਜਾਣ ਕਾਰਨ ਅਤੇ ਪਿਛਲੇ ਸਾਲਾਂ ਦੇ ਬਾਸਮਤੀ ਦੇ ਬਚੇ ਸਟਾਕ ਕਾਰਨ ਇਸਦੀਆਂ ਨਿਰਯਾਤ ਕੀਮਤਾਂ ਵਿੱਚ ਗਿਰਾਵਟ ਜਾਰੀ ਰਹੀ। 2008-09 ਤੋਂ 2011-12 ਤੱਕ ਭਾਰਤ ਵਿੱਚ ਬਾਸਮਤੀ ਚਾਵਲ ਦਾ ਉਤਪਾਦਨ, ਇਸ ਦੀ ਕੁੱਲ ਮੰਗ ਤੋਂ ਜ਼ਿਆਦਾ ਸੀ ਜਿਸ ਕਰਕੇ ਇਸ ਦੇ ਸਟਾਕ ਵਿੱਚ ਵਾਧਾ ਹੋਣ ਨਾਲ ਪੰਜਾਬ ਵਿੱਚ ਬਾਸਮਤੀ ਝੋਨੇ ਦੀ ਔਸਤਨ ਕੀਮਤ 2600 ਰੁਪਏ ਪ੍ਰਤੀ ਕੁਇੰਟਲ ਤੋਂ ਘਟ ਕੇ ਸਿਰਫ 1830 ਰੁਪਏ ਪ੍ਰਤੀ ਕੁਇੰਟਲ ਰਹਿ ਗਈ ਸੀ। ਕੀਮਤਾਂ ਵਿੱਚ ਆਈ ਗਿਰਾਵਟ ਵਜੋਂ ਕਿਸਾਨਾਂ ਨੇ ਬਾਸਮਤੀ ਝੋਨੇ ਹੇਠ ਰਕਬਾ ਘਟਾ ਦਿੱਤਾ ਜਿਸ ਦੇ ਸਿੱਟੇ ਵਜੋਂ 2012-13 ਅਤੇ 2013-14 ਦੌਰਾਨ ਇਸਦਾ ਉਤਪਾਦਨ ਘਟ ਗਿਆ। ਉਤਪਾਦਨ ਘਟਣ ਕਾਰਨ ਬਾਸਮਤੀ ਦੇ ਪਿਛਲੇ ਸਾਲਾਂ ਦੇ ਜਮਾਂ ਹੋਏ ਸਟਾਕ ਨੂੰ ਖਪਤ ਕਰਨ ਵਿੱਚ ਮਦਦ ਮਿਲੀ ਹੈ ਅਤੇ ਇਸ ਦੀ ਔਸਤਨ ਕੀਮਤ ਵੀ 2570 ਰੁਪਏ ਪ੍ਰਤੀ ਕੁਇੰਟਲ ਤੋਂ ਵੱਧ ਕੇ 3500 ਰੁਪਏ ਪ੍ਰਤੀ ਕੁਇੰਟਲ ਹੋ ਗਈ। ਕੀਮਤਾਂ ਦੇ ਇਸ ਵਾਧੇ ਨੇ ਪੰਜਾਬ ਦੇ ਕਿਸਾਨਾਂ ਨੇ ਬਾਸਮਤੀ ਝੋਨੇ ਹੇਠ ਹੋਰ ਰਕਬਾ ਲਿਆਉਣ ਲਈ ਕਾਫੀ ਉਤਸ਼ਾਹਿਤ ਕੀਤਾ।

2014-15 ਵਿੱਚ ਬਾਸਮਤੀ ਝੋਨੇ ਥੱਲੇ ਰਕਬਾ ਵਧ ਕੇ 8.62 ਲੱਖ ਹੈਕਟੇਅਰ ਤੱਕ ਪਹੁੰਚ ਗਿਆ। ਸਿੱਟੇ ਵਜੋਂ ਇਸਦੇ ਉਤਪਾਦਨ ਵਿੱਚ ਵੱਡੇ ਪੱਧਰ 'ਤੇ ਹੋਏ ਵਾਧੇ ਕਾਰਨ ਇਸਦੀ ਪੂਰਤੀ, ਇਸਦੀ ਮੰਗ ਨਾਲੋਂ ਕਾਫੀ ਵਧ ਗਈ ਜਿਸ ਕਾਰਨ ਜਿੱਥੇ ਇਸਦੀਆਂ ਨਿਰਯਾਤ ਅਤੇ ਘਰੇਲੂ ਕੀਮਤਾਂ ਵਿੱਚ ਗਿਰਾਵਟ ਆ ਗਈ, ਉੱਥੇ ਨਾਲ ਹੀ ਇਸਦੇ ਸਟਾਕ ਵਿੱਚ ਵੀ ਚੋਖਾ ਵਾਧਾ ਹੋ ਗਿਆ। ਇਸ ਦੇ ਚੱਲਦਿਆਂ 2015-16 ਵਿੱਚ ਬਾਸਮਤੀ ਦੇ ਵੱਧ ਉਤਪਾਦਨ ਅਤੇ ਪਿਛਲੇ ਜਮ੍ਹਾਂ ਹੋਏ ਵੱਡੇ ਸਟਾਕ ਨੇ ਘਰੇਲੂ ਮਾਰਕੀਟ ਵਿੱਚ ਇਸ ਦੀਆਂ ਕੀਮਤਾਂ ਨੂੰ ਮੂਧੇ ਮੂੰਹ ਡੇਗ ਦਿੱਤਾ। ਕਿਸਾਨਾਂ ਨੇ ਪੰਜਾਬ ਵਿੱਚ 2016-17 ਦੌਰਾਨ ਬਾਸਮਤੀ ਅਧੀਨ ਰਕਬਾ ਘਟਾ ਕੇ 5 ਲੱਖ ਹੈਕਟੇਅਰ ਉੱਪਰ ਲੈ ਆਂਦਾ ਜਿਸ ਕਰਕੇ ਬਾਸਮਤੀ ਦੀਆਂ ਘਰੇਲੂ ਕੀਮਤਾਂ ਨੂੰ ਕੁੱਝ ਹੁਲਾਰਾ ਮਿਲਿਆ ਅਤੇ ਇਹ ਵਧ ਕੇ 2400-2500 ਰੁਪਏ ਪ੍ਰਤੀ ਕੁਇੰਟਲ ਹੋ ਗਈਆਂ। ਕਿਸਾਨਾਂ ਨੂੰ ਚਾਹੀਦਾ ਹੈ ਕਿ ਬਾਸਮਤੀ ਅਧੀਨ ਰਕਬੇ ਨੂੰ ਇਸ ਸਾਲ ਵੀ ਪੰਜ ਲੱਖ ਹੈਕਟੇਅਰ ਤੱਕ ਹੀ ਸੀਮਤ ਰੱਖਣ। ×ਪੀਏਯੂ, ਲੁਧਿਆਣਾ।

# ਜੰਮੂ ਕਸ਼ਮੀਰ ’ਚ ਜਲਦ ਹੋਣਗੀਆਂ ਵਿਧਾਨ ਸਭਾ ਚੋਣਾਂ : ਚੋਣ ਕਮਿਸ਼ਨ

**ਨਵੀਂ ਦਿੱਲੀ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਚੋਣ ਕਮਿਸ਼ਨ ਨੇ ਜੰਮੂ ਕਸ਼ਮੀਰ ’ਚ ਵਿਧਾਨ ਸਭਾ ਚੋਣਾਂ ਜਲਦ ਕਰਵਾਉਣ ਦਾ ਸੰਕੇਤ ਦਿੰਦੇ ਹੋਏ ਸ਼ੁੱਕਰਵਾਰ ਨੂੰ ਕਿਹਾ ਕਿ ਇਕ ਵਾਰ ਇਹ ਪ੍ਰਕਿਰਿਆ ਐਲਾਨ ਕਰ ਦਿੱਤੇ ਜਾਣ ਤੋਂ ਬਾਅਦ ਕੋਈ ਵੀ ਤਾਕਤ ਉਸ ਨੂੰ ਰੋਕ ਨਹੀਂ ਸਕਦੀ। ਮੁੱਖ ਚੋਣ ਕਮਿਸ਼ਨ ਰਾਜੀਵ ਕੁਮਾਰ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ ਦਾ 2 ਦਿਨ ਦਾ ਦੌਰਾ ਕਰਨ ਤੋਂ ਬਾਅਦ ਇੱਥੇ ਇਕ ਪੱਤਰਕਾਰ ਸੰਮੇਲਨ ’ਚ ਕਿਹਾ,”ਜੰਮੂ ਕਸ਼ਮੀਰ ’ਚ ਵਿਧਾਨ ਸਭਾ ਚੋਣਾਂ ਦਾ ਸੁਫ਼ਨਾ ਸਾਕਾਰ ਕਰਨ ਦਾ ਸਮਾਂ ਆ ਗਿਆ ਹੈ।” ਉਨ੍ਹਾਂ ਕਿਹਾ,”ਜੰਮੂ ਕਸ਼ਮੀਰ ’ਚ ਚੋਣ ਪ੍ਰਕਿਰਿਆ ਐਲਾਨ ਹੋਣ ਦੇ ਬਾਅਦ ਕੋਈ ਵੀ ਅੰਦਰੂਨੀ ਅਤੇ ਬਾਹਰੀ ਤਾਕਤ ਚੋਣ ਪ੍ਰਕਿਰਿਆ ਨੂੰ ਪੱਟੜੀ ਤੋਂ ਨਹੀਂ ਉਤਾਰ ਸਕਦੀ।” ਉਨ੍ਹਾਂ ਕਿਹਾ ਕਿ ਇਸ ਸਰਹੱਦੀ ਖੇਤਰ ’ਚ ਚੋਣਾ ਕਰਵਾਉਣਾ ਇਕ ਚੁਣੌਤੀ ਭਰਿਆ ਕੰਮ ਜ਼ਰੂਰ ਹੈ ਪਰ ਕੋਈ ਇਹ ਨਹੀਂ ਕਹਿ ਸਕਦਾ ਕਿ ਵਿਧਾਨ ਸਭਾ ਚੋਣਾਂ ਨੂੰ



ਰੋਕਿਆ ਜਾ ਸਕਦਾ ਹੈ। ਰਾਜੀਵ ਕੁਮਾਰ ਨੇ ਕਿਹਾ ਕਿ ਉਨ੍ਹਾਂ ਦੇ ਜੰਮੂ ਕਸ਼ਮੀਰ ਦੌਰੇ ’ਚ ਹਰ ਪੱਖ ਨੇ ਇਹ ਯਕੀਨੀ ਕੀਤਾ ਹੈ ਕਿ ਚੋਣਾਂ ’ਚ ਉਨ੍ਹਾਂ ਦੀ ਪੂਰੀ ਹਿੱਸੇਦਾਰੀ ਅਤੇ ਇਸ ਨੂੰ ਸੰਪੰਨ ਕਰਵਾਉਣ ’ਚ ਉਨ੍ਹਾਂ ਦਾ ਪੂਰਾ ਸਹਿਯੋਗ ਹੋਵੇਗਾ। ਉਨ੍ਹਾਂ ਕਿਹਾ ਕਿ ਚੋਣਾਂ ਦਾ ਸਮਾਂ ਆ ਗਿਆ ਹੈ ਅਤੇ ਕਮਿਸ਼ਨ ਦਿੱਲੀ ਪਹੁੰਚ ਕੇ ਸੁਰੱਖਿਆ ਫ਼ੋਰਸਾਂ ਦੀ ਉਪਲੱਬਧਤਾ ਬਾਰੇ ਸਮੀਖਿਆ ਕਰੇਗਾ।

ਮੁੱਖ ਚੋਣ ਕਮਿਸ਼ਨਰ ਨਾਲ ਕਮਿਸ਼ਨ ’ਚ ਉਨ੍ਹਾਂ ਦੇ ਸਹਿਯੋਗੀ ਕਮਿਸ਼ਨਰ ਗਿਆਨੇਸ਼ ਕੁਮਾਰ ਐੱਸ.ਐੱਸ. ਸੰਧੂ ਅਤੇ ਕੁਝ ਹੋਰ ਅਧਿਕਾਰੀ ਵੀ ਮੌਜੂਦ ਸਨ।

ਕਮਿਸ਼ਨ ਨੇ ਇਸ ਦੌਰੇ ’ਚ ਜੰਮੂ ਅਤੇ ਸ਼੍ਰੀਨਗਰ ’ਚ ਕੇਂਦਰ ਸ਼ਾਸਿਤ ਖੇਤਰ ਦੇ ਅਧਿਕਾਰੀਆਂ ਦੇ ਨਾਲ-ਨਾਲ ਵੱਖ-ਵੱਖ ਰਾਜਨੀਤਕ ਦਲਾਂ ਅਤੇ ਸੰਗਠਨਾਂ ਦੇ ਪ੍ਰਤੀਨਿਧੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਰਾਜ ’ਚ ਚੋਣਾਂ ਦੀ ਦ੍ਰਿਸ਼ਟੀ ਨਾਲ ਕਾਨੂੰਨ ਦੀ ਸਥਇਤੀ ਅਤੇ ਹੋਰ ਤਿਆਰੀਆਂ ਦਾ ਜਾਇਜ਼ਾ ਲਿਆ। ਕੁਮਾਰ ਨੇ ਕਿਹਾ,”ਸ਼੍ਰੀਨਗਰ ’ਚ ਅਸੀਂ ਨਵੇਂ ਚੁਣੇ ਰਾਜਨੀਤਕ ਦਲਾਂ ਦੇ ਪ੍ਰਤੀਨਿਧੀਆਂ ਨੂੰ ਮਿਲੇ, ਉਨ੍ਹਾਂ ਸਾਰਿਆਂ ਨੇ ਜੰਮੂ ਕਸ਼ਮੀਰ ’ਚ ਲੋਕ ਸਭਾ ਚੋਣਾਂ ਸ਼ਾਂਤੀਪੂਰਨ ਤਰੀਕੇ ਨਾਲ ਸੰਪੰਨ ਕਰਵਾਉਣ ਲਈ ਇਕ ਆਵਾਜ਼ ਨਾਲ ਕਮਿਸ਼ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਨਾਲ ਹੀ ਅਸੀਂ ਵਿਧਾਨ ਸਭਾ ਚੋਣਾਂ ਜਲਦ ਤੋਂ ਜਲਦ ਕਰਵਾਉਣ ਦੀ ਮੰਗ ਕੀਤੀ।” ਜੰਮੂ-ਕਸ਼ਮੀਰ ਵਿਧਾਨ ਸਭਾ ’ਚ 90 ਚੋਣ ਖੇਤਰ ਹਨ, ਜਿਸ ’ਚ 9 ਚੋਣ ਖੇਤਰ ਅਨੁਸੂਚਿਤ ਜਨਜਾਤੀ ਅਤੇ 7 ਅਨੁਸੂਚਿਤ ਜਾਤੀ ਲਈ ਰਾਖਵੀਆਂ ਕੀਤੀਆਂ ਗਈਆਂ ਹਨ। ਕਮਿਸ਼ਨ ਨੇ ਵਿਧਾਨ ਸਭਾ ਚੋਣਾਂ ਦੇ ਸੰਬੰਧ ’ਚ ਪ੍ਰਸ਼ਾਸਨ ਲਈ ਕੁਝ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ, ਜਿਸ ’ਚ ਨਸ਼ੀਲੇ ਪਦਾਰਥਾਂ ਦੀ ਗਲਤ ਵਰਤੋਂ ਸ਼ਰਬਾ ਦੇ ਕਾਰੋਬਾਰ ’ਤੇ ਚੌਕਸੀ, ਰਾਜਨੀਤਕ ਦਲਾਂ ਦੀ ਅਪੀਲ ’ਤੇ ਸਾਰੇ ਕੇਂਦਰਾਂ ’ਤੇ 100 ਫ਼ੀਸਦੀ ਸੀ.ਸੀ.ਟੀ.ਵੀ. ਲਗਾਏ ਜਾਣ ਅਤੇ ਸਾਰੇ ਦਲਾਂ ਦੇ ਪ੍ਰਤੀਨਿਧੀਆਂ ਨੂੰ ਸਮੀਖਿਆ ਦੇ ਆਧਾਰ ’ਤੇ ਜ਼ਰੂਰੀ ਸੁਰੱਖਿਆ ਪ੍ਰਦਾਨ ਕਰਨ ਅਤੇ ਕੇਂਦਰਾਂ ਨੂੰ 2 ਕਿਲੋਮੀਟਰ ਦੇ ਦਾਇਰੇ ’ਚ ਰੱਖਣ ਦੇ ਨਿਰਦੇਸ਼ ਦਿੱਤੇ ਹਨ।

# ਸੁਪਰੀਮ ਕੋਰਟ ਨੇ ਮਨੀਸ਼ ਸਿਸੋਦੀਆ ਨੂੰ ਜ਼ਮਾਨਤ ਦਿੱਤੀ



**ਨਵੀਂ ਦਿੱਲੀ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਦਿੱਲੀ ਆਬਕਾਰੀ ਨੀਤੀ ਘੁਟਾਲੇ ਨਾਲ ਜੁੜੇ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੇ ਮਾਮਲਿਆਂ ਵਿਚ ‘ਆਪ’ ਆਗੂ ਮਨੀਸ਼ ਸਿਸੋਦੀਆ ਨੂੰ ਜ਼ਮਾਨਤ ਦੇ ਦਿੱਤੀ। ਉਹ ਪਿਛਲੇ 17 ਮਹੀਨਿਆਂ ਤੋਂ ਹਿਰਾਸਤ ਵਿਚ ਹਨ। ਜਸਟਿਸ ਬੀਆਰ ਗਵਈ ਅਤੇ ਕੇਵੀ ਵਿਸ਼ਵਨਾਥਨ ਦੇ ਬੈਂਚ ਨੇ ਕਿਹਾ ਕਿ ਸਿਸੋਦੀਆ 17 ਮਹੀਨਿਆਂ ਤੋਂ ਹਿਰਾਸਤ ਵਿੱਚ ਹਨ ਅਤੇ ਮੁਕੱਦਮਾ ਅਜੇ ਸ਼ੁਰੂ ਨਹੀਂ ਹੋਇਆ ਹੈ ਜਿਸ ਨਾਲ ਉਸ ਨੂੰ ਤੇਜ਼ੀ ਨਾਲ ਸੁਣਵਾਈ ਦੇ ਅਧਿਕਾਰ ਤੋਂ ਵਾਂਝਾ ਕੀਤਾ ਗਿਆ ਹੈ।

ਅਦਾਲਤ ਨੇ ਨਿਰਦੇਸ਼ ਦਿੱਤਾ ਕਿ ਸਿਸੋਦੀਆ ਨੂੰ 10 ਲੱਖ ਰੁਪਏ ਦੇ ਨਿੱਜੀ ਮੁਚੱਲਕੇ ਤੇ ਇੰਨੀ ਹੀ ਰਕਮ ਦੀਆਂ ਦੋ ਜ਼ਮਾਨਤਾਂ ਦੇ ਨਾਲ ਜ਼ਮਾਨਤ ’ਤੇ ਰਿਹਾਅ ਕੀਤਾ ਜਾਵੇ।

# ਸੁਤੰਤਰਤਾ ਦਿਵਸ ਦੇ ਮੱਦੇਨਜ਼ਰ ਪੰਜਾਬ ਪੁਲਿਸ ਨੇ ਸੂਬੇ ਭਰ ਦੇ 170 ਰੇਲਵੇ ਸਟੇਸ਼ਨਾਂ ’ਤੇ ਵਿਸ਼ੇਸ਼ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਚਲਾਈ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਅਗਾਮੀ ਸੁਤੰਤਰਤਾ ਦਿਵਸ-2024 ਦੇ ਮੱਦੇਨਜ਼ਰ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿੱਢੀ ਵਿਸ਼ੇਸ਼ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਦੇ ਵੱਖ-ਵੱਖ ਰੇਲਵੇ ਸਟੇਸ਼ਨਾਂ ਅਤੇ ਇਨ੍ਹਾਂ ਦੇ ਆਲੇ-ਦੁਆਲੇ ਵਿਸ਼ੇਸ਼ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਚਲਾਈ।



ਡੀਜੀਪੀ ਪੰਜਾਬ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ’ਤੇ ਇਹ ਮੁਹਿੰਮ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਚਲਾਈ ਗਈ, ਜਿਸ ਤਹਿਤ ਪੁਲਿਸ ਟੀਮਾਂ ਨੇ ਖੋਜੀ ਕੁੱਤਿਆਂ ਦੀ ਸਹਾਇਤਾ ਨਾਲ ਰੇਲਵੇ ਸਟੇਸ਼ਨਾਂ ’ਤੇ ਆਉਣ-ਜਾਣ ਵਾਲੇ ਲੋਕਾਂ ਦੀ ਤਲਾਸ਼ੀ ਲਈ।

ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ, ਜੋ ਇਸ ਸੂਬਾ ਪੱਧਰੀ ਮੁਹਿੰਮ ਦੀ ਨਿੱਜੀ ਤੌਰ ’ਤੇ ਨਿਗਰਾਨੀ ਕਰ ਰਹੇ ਸਨ, ਨੇ ਕਿਹਾ ਕਿ ਇਸ ਮੁਹਿੰਮ ਨੇ ਨੇਪਰੇ ਚਾੜ੍ਹਨ ਲਈ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਐਸਪੀ ਰੈਂਕ ਦੇ ਅਧਿਕਾਰੀਆਂ ਦੀ ਅਗਵਾਈ ਹੇਠ ਪ੍ਰਤੀ ਰੇਲਵੇ ਸਟੇਸ਼ਨ ਘੱਟੋ ਘੱਟ ਦੋ ਟੀਮਾਂ ਤਾਇਨਾਤ ਕਰਨ ਲਈ ਕਿਹਾ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਸਖ਼ਤ ਹਦਾਇਤ ਕੀਤੀ ਸੀ ਕਿ ਉਹ ਇਸ ਕਾਰਵਾਈ ਦੌਰਾਨ ਵਿਅਕਤੀਆਂ ਦੀ ਤਲਾਸ਼ੀ ਲੈਣ ਸਮੇਂ ਉਨ੍ਹਾਂ ਨਾਲ ਨਿਮਰਤਾ ਨਾਲ ਪੇਸ਼ ਆਉਣ। ਉਨ੍ਹਾਂ ਕਿਹਾ ਕਿ ਆਮ ਲੋਕਾਂ ਲਈ ਘੱਟੋ-ਘੱਟ ਅਸੁਵਿਧਾ ਨੂੰ ਯਕੀਨੀ ਬਣਾਉਂਦਿਆਂ ਸੂਬੇ ਭਰ ਦੇ ਵੱਖ-ਵੱਖ ਰੇਲਵੇ ਸਟੇਸ਼ਨਾਂ ’ਤੇ ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਕਰਨ ਲਈ 2000 ਤੋਂ ਵੱਧ ਪੁਲਸ ਮੁਲਾਜ਼ਮਾਂ ਵਾਲੀਆਂ 250 ਪੁਲਿਸ ਪਾਰਟੀਆਂ ਤਾਇਨਾਤ ਕੀਤੀਆਂ ਗਈਆਂ ਸਨ।

ਉਨ੍ਹਾਂ ਦੱਸਿਆ ਕਿ ਸੂਬੇ ਭਰ ਦੇ 170 ਰੇਲਵੇ ਸਟੇਸ਼ਨਾਂ ’ਤੇ ਚਲਾਏ ਇਸ ਆਪਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 1778 ਲੋਕਾਂ ਦੀ ਚੈਕਿੰਗ ਕੀਤੀ, ਜਦਕਿ 31 ਸ਼ੱਕੀ ਵਿਅਕਤੀਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ।

# ਅਣਮਿੱਥੇ ਸਮੇਂ ਲਈ ਮੁਲਤਵੀ ਹੋਈ ਲੋਕ ਸਭਾ, 15 ਬੈਠਕਾਂ ’ਚ 115 ਘੰਟੇ ਹੋਇਆ ਕੰਮ

**ਨਵੀਂ ਦਿੱਲੀ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

18ਵੀਂ ਲੋਕ ਸਭਾ ਦੇ ਦੂਜੇ ਸੈਸ਼ਨ ਦੀ ਕਾਰਵਾਈ ਸ਼ੁੱਕਰਵਾਰ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ, ਜਿਸ ਵਿੱਚ ਕੇਂਦਰੀ ਬਜਟ 2024-25 ਨੂੰ ਮਨਜ਼ੂਰੀ ਦੇਣ ਦੀ ਪ੍ਰਕਿਰਿਆ ਪੂਰੀ ਹੋ ਗਈ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਲੋਕ ਸਭਾ ਦੀ ਮੀਟਿੰਗ ਅਣਮਿੱਥੇ ਸਮੇਂ ਲਈ ਮੁਲਤਵੀ ਕਰਨ ਦਾ ਐਲਾਨ ਕਰਨ ਤੋਂ ਪਹਿਲਾਂ ਕਿਹਾ ਕਿ 115 ਘੰਟੇ ਤੱਕ ਚੱਲੇ ਇਸ ਸੈਸ਼ਨ ਵਿੱਚ 15 ਮੀਟਿੰਗਾਂ ਹੋਈਆਂ ਅਤੇ ਸਦਨ ਦੀ ਕੰਮਕਾਜ 136 ਫ਼ੀਸਦੀ ਰਹੀ। ਅਠਾਰਵੀਂ ਲੋਕ ਸਭਾ ਦੇ ਦੂਜਾ ਸੈਸ਼ਨ ਦੀ ਸ਼ੁਰੂਆਤ 22 ਜੁਲਾਈ ਨੂੰ ਹੋਈ, ਜਿਸ ਵਿੱਚ 23 ਜੁਲਾਈ ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸਦਨ ਵਿੱਚ ਕੇਂਦਰੀ ਬਜਟ 2024-25 ਪੇਸ਼ ਕੀਤਾ। ਸਪੀਕਰ ਬਿਰਲਾ ਨੇ ਦੱਸਿਆ ਕਿ ਸਦਨ ’ਚ ਬਜਟ ’ਤੇ ਆਮ ਚਰਚਾ 27 ਘੰਟੇ 19 ਮਿੰਟ ਤੱਕ ਚੱਲੀ, ਜਿਸ ’ਚ 181 ਮੈਂਬਰਾਂ ਨੇ ਹਿੱਸਾ ਲਿਆ।

# ਈ. ਟੀ. ਓ. ਵਲੋਂ 90 ਫੀਸਦ ਤੋਂ ਵੱਧ ਨੰਬਰ ਲੈਣ ਵਾਲੇ ਦਸਵੀਂ ਅਤੇ ਬਾਰਹਵੀਂ ਦੇ ਬੱਚੇ ਸਨਮਾਨਤ

## ਸਾਡੀ ਸਰਕਾਰ ਦੇ ਕਾਰਜਕਾਲ ਵਿੱਚ ਪੜ੍ਹਾਈ ਦਾ ਪੱਧਰ ਵਧਿਆ - ਈ ਟੀ ਓ




**ਅੰਮ੍ਰਿਤਸਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਜੰਡਿਆਲਾ ਗੁਰੂ ਹਲਕੇ ਦੇ 90ਫੀਸਦੀ ਤੋਂ ਵੱਧ ਨੰਬਰ ਲੈਣ ਵਾਲੇ ਦਸਵੀਂ ਅਤੇ ਬਾਰਹਵੀਂ ਕਲਾਸ ਦੇ ਬੱਚਿਆਂ ਦੇ ਸਨਮਾਨ ਲਈ ਵਿਸ਼ੇਸ਼ ਸਮਾਗਮ ਕਰਵਾਇਆ। ਜਿਸ ਵਿੱਚ ਉਨਾਂ ਤੋਂ ਇਲਾਵਾ ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ , ਐਸ.ਐਸ.ਪੀ. ਸ: ਚਰਨਜੀਤ ਸਿੰਘ, ਅਤੇ ਹੋਰ ਅਧਿਕਾਰੀ ਬੱਚਿਆਂ ਦਾ ਹੌਸਲਾ ਵਧਾਉਣ ਲਈ ਪਹੁੰਚੇ। ਇਸ ਮੌਕੇ ਸੰਬੋਧਨ ਕਰਦੇ ਸ: ਹਰਭਜਨ ਸਿੰਘ ਨੇ ਕਿਹਾ ਕਿ ਸਾਡੀ ਸਰਕਾਰ ਦੇ ਕਾਰਜਕਾਲ ਦੌਰਾਨ ਪੜ੍ਹਾਈ ਦਾ ਪੱਧਰ ਵਧਿਆ ਹੈ। ਉਨਾਂ ਦੱਸਿਆ ਕਿ ਪਿਛਲੇ ਸਾਲ ਮੈਂ 80 ਫੀਸਦ ਤੋਂ ਵੱਧ ਨੰਬਰ ਲੈਣ ਵਾਲੇ ਆਪਣੇ ਹਲਕੇ ਦੇ ਅਜਿਹੇ ਬੱਚਿਆਂ ਦਾ ਸਨਮਾਨ ਕੀਤਾ ਸੀ, ਜਿਨ੍ਹਾਂ ਦੀ ਗਿਣਤੀ 250 ਦੇ ਕਰੀਬ ਸੀ। ਇਸ ਵਾਰ ਅਸੀਂ ਆਪਣਾ ਟੀਚਾ ਵਧਾ ਕੇ 90 ਫੀਸਦ ਤੋਂ ਵੱਧ ਨੰਬਰ ਲੈਣ ਵਾਲੇ ਆਪਣੇ ਹਲਕੇ ਦੇ ਬੱਚਿਆਂ ਨੂੰ ਸਨਮਾਨਤ ਕੀਤਾ ਹੈ, ਤਾਂ ਮੈਨੂੰ ਇਹ ਦੇਖ ਕੇ ਬੜੀ ਖੁਸ਼ੀ ਹੋਈ ਕਿ ਅੱਜ 32 ਸਕੂਲਾਂ ਦੇ 271 ਬੱਚਿਆਂ ਨੇ ਇਹ ਸਨਮਾਨ ਪ੍ਰਾਪਤ ਕੀਤਾ ਹੈ। ਉਨਾਂ ਕਿਹਾ ਕਿ ਇਹ ਪ੍ਰਾਪਤੀ ਕੇਵਲ ਜੰਡਿਆਲਾ ਗੁਰੂ ਹਲਕੇ ਦੀ ਹੀ ਨਹੀਂ ਬਲਿਕ ਸਮੁੱਚੇ ਪੰਜਾਬ ਦੀ ਹੈ। ਉਨਾਂ ਦੱਸਿਆ ਕਿ ਜੰਡਿਆਲਾ ਗੁਰੂ ਦੇ ਸਕੂਲ ਆਫ ਐਮੀਨੈਂਸ 34 ਬੱਚੇ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਸ਼ਮੇਸ਼ ਨਗਰ ਦੇ 18 ਬੱਚੇ 90 ਫੀਸਦ ਤੋਂ ਵੱਧ ਨੰਬਰ ਲੈਣ ਵਾਲਿਆਂ ਵਿੱਚ ਸ਼ਾਮਲ ਹਨ। ਉਨਾਂ ਕਿਹਾ ਕਿ ਮੈਂ ਆਪਣੇ ਹਲਕੇ ਦੇ ਸਾਰੇ ਸਕੂਲਾਂ ਦਾ ਦੌਰਾ ਕਰ ਚੁੱਕਾ ਹਾਂ ਅਤੇ ਹਰੇਕ ਸਕੂਲ ਦੀ ਸਮੱਸਿਆ ਨੂੰ ਆਪਣੀ ਨਿੱਜੀ ਸਮੱਸਿਆ ਸਮਝ ਕੇ ਦੂਰ ਕੀਤਾ ਹੈ। ਜਿਸ ਦਾ ਨਤੀਜਾ ਅੱਜ ਤੁਹਾਡੇ ਸਾਹਮਣੇ ਹੈ। ਉਨਾਂ ਬੱਚਿਆਂ ਨੂੰ ਚੰਗੇ ਭਵਿੱਖ ਦੀਆਂ ਸ਼ੁਭ ਕਾਮਨਾਵਾਂ ਦਿੰਦਿਆਂ ਮਾਤਾ-ਪਿਤਾ ਨੂੰ ਮੁਬਾਰਕਾਂ ਦਿੱਤੀਆਂ।

# ਪੰਜਾਬ ’ਚ ਰੇਸ਼ਮ ਉਤਪਾਦਨ ਨੂੰ ਹੁਲਾਰਾ ਦੇਣ ਲਈ ਬਾਗ਼ਬਾਨੀ ਵਿਭਾਗ ਨੇ ਕੀਤੇ ਕਮਰ-ਕੱਸੇ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ’ਚ ਰੇਸ਼ਮ ਉਤਪਾਦਨ ਦੇ ਕਿੱਤੇ ਨੂੰ ਹੁਲਾਰਾ ਦੇਣ ਸਬੰਧੀ ਬਾਗ਼ਬਾਨੀ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੇ ਦਿਸ਼ਾ- ਨਿਰਦੇਸ਼ਾਂ ਤਹਿਤ ਡਾਇਰੈਕਟਰ ਬਾਗ਼ਬਾਨੀ ਸ਼ੈਲਿੰਦਰ ਕੌਰ, ਆਈ.ਐਫ.ਐਸ. ਦੀ ਅਗਵਾਈ ਹੇਠ ਪ੍ਰਾਜੈਕਟ ਮੌਨੀਟਰਿੰਗ ਕਮੇਟੀ (ਪੀ.ਐਮ.ਸੀ.) ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ ਜਿਸ ਵਿੱਚ ਵਿਭਾਗ ਦੇ ਸੈਰੀਕਲਚਰ ਵਿੰਗ, ਰੇਸ਼ਮ ਪੱਟੀ ਤੇ ਕੇਂਦਰੀ ਰੇਸ਼ਮ ਬੋਰਡ ਦੇ ਅਧਿਕਾਰੀਆਂ ਨੇ ਹਿੱਸਾ ਲਿਆ। ਇਸ ਦੌਰਾਨ ਸੂਬੇ ਦੇ ਕੰਢੀ ਖੇਤਰ ਵਿੱਚ ਰੇਸ਼ਮ ਉਤਪਾਦਨ ਨੂੰ ਪ੍ਰਫੁੱਲਿਤ ਕਰਨ।

ਪੰਜਾਬ ਸਿਲਕ ਬਰਾਂਡ ਲਾਂਚ ਕਰਨ ਦੇ ਸੁਪਨੇ ਨੂੰ ਸਾਕਾਰ ਕਰਨ ਅਤੇ ਵੱਧ ਤੋਂ ਵੱਧ ਕਿਸਾਨਾਂ ਨੂੰ ਇਸ ਕਿੱਤੇ ਨਾਲ ਜੋੜਨ ਸਬੰਧੀ ਬਾਗ਼ਬਾਨੀ ਮੰਤਰੀ ਵੱਲੋਂ ਦਿੱਤੇ ਗਏ ਹੁਕਮਾਂ ਦੇ ਮੱਦੇਨਜ਼ਰ ਡਾਇਰੈਕਟਰ ਬਾਗ਼ਬਾਨੀ ਨੇ ਵੱਖ- ਵੱਖ ਵਿਸ਼ਿਆਂ ’ਤੇ ਚਰਚਾ ਕੀਤੀ ਗਈ। ਦੱਸ ਦੇਈਏ ਕਿ ਉਤਪਾਦਨ ਦਾ ਕਿੱਤਾ ਰਾਜ ਮੁੱਖ ਤੌਰ ’ਤੇ ਕੰਢੀ ਏਰੀਏ ਵਿੱਚ ਛੋਟੇ ਕਿਸਾਨਾਂ, ਖ਼ਾਸ ਤੌਰ ’ਤੇ ਔਰਤਾਂ ਵਲੋਂ ਕੀਤਾ ਜਾ ਰਿਹਾ ਹੈ। ਸ਼ੈਲਿੰਦਰ ਕੌਰ ਨੇ ਵੱਖ-ਵੱਖ ਸਕੀਮਾਂ ਅਧੀਨ ਰੇਸ਼ਮ ਪਾਲਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦਾ ਜਾਇਜ਼ਾ ਲਿਆ ਤੇ ਇਨ੍ਹਾਂ ਸਕੀਮਾਂ ਨੂੰ ਰਾਜ ਵਿੱਚ ਸਹੀਬੱਧ ਤਰੀਕੇ ਨਾਲ ਲਾਗੂ ਕਰਨ ਅਤੇ ਰਾਜ ਵਿੱਚ ਰੇਸ਼ਮ ਉਤਪਾਦਨ ਦੇ ਵਿਕਾਸ ਨੂੰ ਹੋਰ ਉਤਸ਼ਾਹਤ ਕਰਨ ਲਈ ਨਵੇਂ ਉਪਰਾਲੇ ਤੇ ਪਹਿਲਕਦਮੀਆਂ ਉਲੀਕਣ ਲਈ ਕਿਹਾ। ਮੀਟਿੰਗ ਦੌਰਾਨ ਕੇਂਦਰ ਰੇਸ਼ਮ ਬੋਰਡ ਦੇ ( ਰੇਸ਼ਮ ਅਧਿਕਾਰੀਆਂ ਡਾ. ਸੰਤੋਸ਼, ਵਿੱਚ ਸਾਇੰਟਿਸਟ-ਡੀ, ਆਰ. ਐਸ. ਆਰ. ਐਸ. ਜੰਮੂ, ਅਨਿਲ ਕੁਮਾਰ ਮੰਨਾ, ਅਸਿਸਟੈਂਟ ਸੈਕਟਰੀ, ਕੇਂਦਰ ਰੇਸ਼ਮ ਬੋਰਡ, ਨਵੀਂ ਦਿੱਲੀ ਤੇ ਆਲੋਕ ਸਿੰਘ, ਸਾਇੰਟਿਸਟ-ਬੀ ਆਰ. ਐਸ. ਆਰ. ਐਸ. ਜੰਮੂ ਵੱਲੋਂ ਮੁੱਖ ਤੌਰ ਤੇ ਸ਼ਿਰਕਤ ਕੀਤੀ ਗਈ। ਸੂਬੇ ’ਚ ਪੈਦਾ ਕੀਤੇ ਜਾਂਦੇ ਵਧੀਆ ਗੁਣਵੱਤਾ ਵਾਲੇ ਰੇਸ਼ਮ ਦੀ ਸ਼ਲਾਘਾ ਕਰਦਿਆਂ ਕੇਂਦਰ ਰੇਸ਼ਮ ਬੋਰਡ ਦੇ ਅਧਿਕਾਰੀਆਂ ਨੇ ਕਿਹਾ ਕਿ ਕੇਂਦਰੀ ਸਕੀਮਾਂ ਅਧੀਨ ਸੈਰੀਕਲਚਰ ਵਿਭਾਗ ਪੰਜਾਬ ਨੂੰ ਰੇਸ਼ਮ ਉਤਪਾਦਕਾਂ ਲਈ ਵੱਖ-ਵੱਖ ਗਤੀਵਿਧੀਆਂ ਜਿਵੇਂ ਪਲਾਂਟੇਸ਼ਨ, ਕੀਟ ਪਾਲਣ ਘਰ, ਰੇਰਿੰਗ ਉਪਕਰਣ, ਟਰੇਨਿੰਗ ਐਕਸਪੋਜ਼ਰ ਵਿਜ਼ਿਟ ਅਧੀਨ ਤਕਨੀਕੀ ਅਤੇ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ ਤਾਂ ਜੋ ਪੰਜਾਬ ਸਰਕਾਰ ਅਤੇ ਬਾਗ਼ਬਾਨੀ ਵਿਭਾਗ ਦੇ ਸਹਿਯੋਗ ਨਾਲ ਰਾਜ ਵਿੱਚ ਰੇਸ਼ਮ ਕੀਟ ਪਾਲਕਾਂ ਨੂੰ ਸਮਾਜਿਕ ਅਤੇ ਆਰਥਿਕ ਪੱਖੋਂ ਉੱਚਾ ਚੁੱਕਣ ਵਿੱਚ ਇਹ ਕਿੱਤਾ ਮੁੱਖ ਤੌਰ ’ਤੇ ਸਹਾਈ ਹੋ ਸਕੇ।

ਮੀਟਿੰਗ ’ਚ ਦਲਬੀਰ ਸਿੰਘ, ਡਿਪਟੀ ਡਾਇਰੈਕਟਰ ਬਾਗ਼ਬਾਨੀ- ਕਮ-ਸਟੇਟ ਨੋਡਲ ਅਫ਼ਸਰ ਸੈਰੀਕਲਚਰ), ਹਰਪ੍ਰੀਤ ਸਿੰਘ, ਡਿਪਟੀ ਡਾਇਰੈਕਟਰ ਬਾਗ਼ਬਾਨੀ, ਹਰਦੀਪ ਸਿੰਘ, ੳ.ਡ.ਬ.-ਕਮ-ਮੰਡਲ ਰੇਸ਼ਮ ਅਫਸਰ, ਸੁਜਾਨਪੁਰ (ਪਠਾਨਕੋਟ), ਬਲਵਿੰਦਰ ਸਿੰਘ, ਸ.ਡ.ਬ.-ਕਮ-ਸੈਰੀਕਲਚਰ ਅਫਸਰ, ਹੁਸ਼ਿਆਰਪੁਰ, ਮੈਨੇਜਰ ਅਵਤਾਰ ਸਿੰਘ, ਐਸ.ਪੀ.ਓ-ਕਮ-ਅਸਿਸਟੈਂਟ ਮਿਸ ਮੀਨੂੰ, ਐਸ.ਪੀ.ਓ ਰਮਨਦੀਪ ਕੌਰ ਤੇ ਅਰਸ਼ਦੀਪ ਸਿੰਘ ਧਾਲੀਵਾਲ ਹਾਜ਼ਰ ਸਨ।

# ਸਥਾਨਕ ਸਰਕਾਰਾਂ ਮੰਤਰੀ ਨੇ ਸਮੂਹ ਜ਼ਿਲ੍ਹਿਆਂ ਦੇ ਮਿਊਂਸੀਪਲ ਕਮਿਸ਼ਨਰਾਂ ਅਤੇ ਵਧੀਕ ਡਿਪਟੀ ਕਮਿਸ਼ਨਰਾਂ ਨਾਲ ਕੀਤੀ ਮੀਟਿੰਗ



**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਬਲਕਾਰ ਸਿੰਘ ਨੇ ਸਮੂਹ ਜ਼ਿਲ੍ਹਿਆਂ ਦੇ ਮਿਊਂਸੀਪਲ ਕਮਿਸ਼ਨਰਾਂ ਅਤੇ ਵਧੀਕ ਡਿਪਟੀ ਕਮਿਸ਼ਨਰਾਂ ਨੂੰ ਸੂਬੇ ਅੰਦਰ ਚੱਲ ਰਹੇ ਸਮੁੱਚੇ ਪ੍ਰਗਤੀ ਅਧੀਨ ਵਿਕਾਸ ਕਾਰਜਾਂ ਨੂੰ ਨਿਰਧਾਰਿਤ ਸਮੇਂ ਸੀਮਾ ਅੰਦਰ ਮੁਕੰਮਲ ਕਰਨ ਲਈ ਕਿਹਾ ਹੈ।

ਅੱਜ ਇੱਥੇ ਮਿਊਂਸੀਪਲ ਭਵਨ ਵਿਖੇ ਕੀਤੀ ਮੀਟਿੰਗ ਦੌਰਾਨ ਸਥਾਨਕ ਸਰਕਾਰਾਂ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸ਼ਹਿਰ ਵਾਸੀਆਂ ਨੂੰ ਬਿਹਤਰ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕਾਰਜ ਕਰ ਰਹੀ ਹੈ।

ਕੈਬਨਿਟ ਮੰਤਰੀ ਨੇ ਅਧਿਕਾਰੀਆਂ ਪਾਸੋਂ ਵੱਖ-ਵੱਖ ਸਕੀਮਾਂ ਜਿਵੇਂ ਕਿ 15ਵੇ ਵਿੱਤ ਕਮਿਸ਼ਨ ਦੀ ਅਣਵਰਤੀ ਰਾਸ਼ੀ, ਕੇਂਦਰ ਸਰਕਾਰ ਵੱਲੋਂ ਸਪਾਂਸਰਡ ਸਕੀਮਾਂ ਦੀ ਅਣਵਰਤੀ ਰਾਸ਼ੀ ਅਤੇ ਐਸ.ਐਨ.ਏ. ਖਾਤੇ ਵਿੱਚ ਬਕਾਇਆ ਫੰਡਾਂ ਬਾਰੇ ਰੀਵਿਊ ਕੀਤਾ ਅਤੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਵਿਕਾਸ ਕਾਰਜਾਂ ਵਿੱਚ ਗੁਣੱਵਤਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਇਆ ਜਾਵੇ।

ਸਥਾਨਕ ਸਰਕਾਰਾਂ ਮੰਤਰੀ ਨੇ ਅਧਿਕਾਰੀਆਂ ਨਾਲ 16 ਸ਼ਹਿਰੀ ਸਥਾਨਕ ਇਕਾਈਆਂ ਵਿੱਚ ਸੀਵਰੇਜ਼ ਟਰੀਟਮੈਂਟ ਪਲਾਂਟਾਂ ਲਈ ਜਗ੍ਹਾ ਅਤੇ 49 ਸ਼ਹਿਰੀ ਸਥਾਨਕ ਇਕਾਈਆਂ ਵਿੱਚ ਵਾਟਰ ਟਰੀਟਮੈਂਟ ਪਲਾਂਟ ਲਈ ਜਗ੍ਹਾ ਦੀ ਉਪਲੱਬਧਤਾ ਬਾਰੇ ਵਿਸਥਾਰ ‘ਚ ਚਰਚਾ ਕੀਤੀ।

ਬਲਕਾਰ ਸਿੰਘ ਵੱਲੋਂ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਦਿੰਦਿਆਂ ਕਿਹਾ ਕਿ ਜਿਥੇ ਵੀ ਸੀਵੇਰਜ ਟਰੀਟਮੈਂਟ ਪਲਾਂਟ ਅਤੇ ਵਾਟਰ ਟਰੀਟਮੈਂਟ ਪਲਾਂਟ ਲਈ ਜਗ੍ਹਾ ਦੀ ਚੋਣ ਕਰਨ ਵਿੱਚ ਦਿੱਕਤ ਪੇਸ਼ ਆ ਰਹੀ ਹੋਵੇ, ਉੱਥੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਸੀਵਰੇਜ ਟਰੀਟਮੈਂਟ ਪਲਾਂਟ ਅਤੇ ਵਾਟਰ ਟਰੀਟਮੈਂਟ ਪਲਾਂਟਾਂ ਲਈ ਯੋਗ ਜਗ੍ਹਾ ਦੀ ਚੋਣ ਕੀਤੀ ਜਾਣੀ ਯਕੀਨੀ ਬਣਾਈ ਜਾਵੇ।

ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਇਹ ਸੁਪਨਾ ਹੈ ਕਿ ਸ਼ਹਿਰ ਵਾਸੀਆਂ ਨੂੰ ਸਾਫ਼ ਸੁਥਰਾ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਣ ਮੁਹੱਈਆ ਕਰਵਾਇਆ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਸਖਤੀ ਨਾਲ ਕਿਹਾ ਕਿ ਆਪਣੇ ਅਧੀਨ ਆਉਂਦੇ ਏਰੀਏ ਅਧੀਨ ਰੋਜ਼ਾਨਾ ਸਾਫ਼-ਸਫਾਈ ਕਰਵਾਈ ਜਾਣੀ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਲੋੜ ਅਨੁਸਾਰ ਸਮੇਂ-ਸਮੇਂ ਤੇ ਸੀਵਰੇਜ਼ ਦੀ ਸਫਾਈ ਨੂੰ ਵੀ ਯਕੀਨੀ ਬਣਾਇਆ ਜਾਵੇ ਤਾਂ ਜੋ ਭਾਰੀ ਬਾਰਿਸ਼ ਹੋਣ ਦੀ ਸਥਿਤੀ ਵਿੱਚ ਸੀਵਰੇਜ਼ ਬਲਾਕ ਹੋ ਕੇ ਗੰਦਾਂ ਪਾਣੀ ਬਾਹਰ ਗਲੀਆਂ ਅਤੇ ਸੜਕਾਂ ’ਤੇ ਨਾ ਆਵੇ।

# ਮੁੱਖ ਮੰਤਰੀ ਨੇ ਉਲੰਪਿਕ ਤਗ਼ਮਾ ਜੇਤੂ ਮਨੂੰ ਭਾਕਰ ਨਾਲ ਕੀਤੀ ਮੁਲਾਕਾਤ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਆਪਣੀ ਅਧਿਕਾਰਕ ਰਿਹਾਇਸ਼ ਉਤੇ ਪੇਸ਼ੇਵਰ ਸ਼ੂਟਰ ਤੇ ਉਲੰਪਿਕ ਤਗ਼ਮਾ ਜੇਤੂ ਮਨੂੰ ਭਾਕਰ ਨਾਲ ਮੁਲਾਕਾਤ ਕੀਤੀ ਅਤੇ ਉਸ ਨੂੰ ਸਨਮਾਨਿਤ ਕੀਤਾ।



ਮੁੱਖ ਮੰਤਰੀ ਨੇ ਪੈਰਿਸ ਉਲੰਪਿਕ ਖੇਡਾਂ ਵਿੱਚ ਇਸ ਵਿਲੱਖਣ ਪ੍ਰਾਪਤੀ ਲਈ ਮਨੂੰ ਭਾਕਰ ਤੇ ਉਸ ਦੇ ਪਰਿਵਾਰ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਪੈਰਿਸ ਵਿੱਚ ਸ਼ੂਟਿੰਗ ਮੁਕਾਬਲਿਆਂ ਵਿੱਚ ਦੋ ਤਗ਼ਮੇ ਜਿੱਤ ਕੇ ਮਨੂੰ ਨੇ ਪੂਰੇ ਦੇਸ਼ ਦਾ ਮਾਣ ਵਧਾਇਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਨਿਸ਼ਾਨੇਬਾਜ਼ ਨੌਜਵਾਨਾਂ ਲਈ ਆਦਰਸ਼ ਬਣ ਕੇ ਉੱਭਰੀ ਹੈ ਅਤੇ ਉਸ ਦੀਆਂ ਪ੍ਰਾਪਤੀਆਂ ਉੱਭਰਦੇ ਖਿਡਾਰੀਆਂ ਨੂੰ ਕੌਮੀ ਤੇ ਕੌਮਾਂਤਰੀ ਪੱਧਰ ਉਤੇ ਦੇਸ਼ ਲਈ ਨਾਮਣਾ ਖੱਟਣ ਲਈ ਪ੍ਰੇਰਿਤ ਕਰਨਗੀਆਂ। ਮੁੱਖ ਮੰਤਰੀ ਨੇ ਇਸ ਨੌਜਵਾਨ ਖਿਡਾਰਨ ਨੂੰ ਆਪਣੀ ਸਰਕਾਰ ਦੀ ਨਵੀਂ ਖੇਡ ਨੀਤੀ ਬਾਰੇ ਜਾਣੂੰ ਕਰਵਾਇਆ, ਜਿਸ ਦਾ ਟੀਚਾ ਪੰਜਾਬ ਵਿੱਚ ਖੇਡ ਗਤੀਵਿਧੀਆਂ ਨੂੰ ਵੱਡਾ ਹੁਲਾਰਾ ਦੇਣਾ ਹੈ। ਉਨ੍ਹਾਂ ਕਿਹਾ ਕਿ ਇਸ ਦਾ ਮੰਤਵ ਇਕ ਪਾਸੇ ਨੌਜਵਾਨਾਂ ਦੀ ਤਾਕਤ ਨੂੰ ਉਸਾਰੂ ਪਾਸੇ ਲਾਉਣਾ ਹੈ, ਦੂਜੇ ਪਾਸੇ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣਾ ਹੈ। ਭਗਵੰਤ ਸਿੰਘ ਮਾਨ ਨੇ ਭਾਰਤੀ ਖਿਡਾਰੀਆਂ ਖ਼ਾਸ ਤੌਰ ਉਤੇ ਪੰਜਾਬ ਤੇ ਹਰਿਆਣਾ ਦੇ ਖਿਡਾਰੀਆਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਵੱਖ-ਵੱਖ ਮੁਕਾਬਲਿਆਂ ਵਿੱਚ ਦੇਸ਼ ਲਈ ਤਗ਼ਮੇ ਜਿੱਤੇ ਹਨ। ਇਸ ਦੌਰਾਨ ਮਨੂੰ ਭਾਕਰ ਨੇ ਮਿਲਣ ਲਈ ਸਮਾਂ ਦੇਣ ਅਤੇ ਸਨਮਾਨਿਤ ਕਰਨ ਉਤੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਉਸ ਨੇ ਪੰਜਾਬ ਵਿੱਚ ਖੇਡਾਂ ਦੀ ਤਰੱਕੀ ਲਈ ਸੂਬਾ ਸਰਕਾਰ ਵੱਲੋਂ ਕੀਤੀਆਂ ਪਹਿਲਕਦਮੀਆਂ ਅਤੇ ਖੇਡ ਨੀਤੀ ਦੀ ਤਾਰੀਫ਼ ਕੀਤੀ। ਉਸ ਨੇ ਸਾਰੇ ਖਿਡਾਰੀਆਂ ਨੂੰ ਬਰਾਬਰ ਮੌਕੇ ਦੇਣ ਦੀ ਵਕਾਲਤ ਕੀਤੀ ਤਾਂ ਕਿ ਵੱਖ-ਵੱਖ ਮੁਕਾਬਲਿਆਂ ਵਿੱਚ ਦੇਸ਼ ਲਈ ਜ਼ਿਆਦਾ ਤੋਂ ਜ਼ਿਆਦਾ ਤਗ਼ਮੇ ਜਿੱਤੇ ਜਾ ਸਕਣ।

# 15 ਅਗਸਤ ਨੂੰ ਆਪਣੀਆਂ ਮੰਗਾਂ ਮਨਵਾਉਣ ਲਈ ਪੂਰੇ ਭਾਰਤ ’ਚ ਟਰੈਕਟਰ ਮਾਰਚ ਕੀਤਾ ਜਾਵੇਗਾ : ਭੰਗੂ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ੇਰ-ਏ-ਪੰਜਾਬ ਕਿਸਾਨ ਯੂਨੀਅਨ ਦੀ ਅਹਿਮ ਮੀਟਿੰਗ ਸ਼ੰਭੂ ਬਾਰਡਰ ’ਤੇ ਹੋਈ, ਜਿਸ ਦੀ ਅਗਵਾਈ ਸੂਬਾ ਪ੍ਰਧਾਨ ਗੁਰਿੰਦਰ ਸਿੰਘ ਭੰਗੂ ਨੇ ਕੀਤੀ। ਸ਼ੰਭੂ ਬਾਰਡਰ ਅਤੇ ਖਨੌਰੀ ਬਾਰਡਰ ਤੇ ਚੱਲਦੇ ਮੋਰਚਿਆਂ ਬਾਰੇ ਚਰਚਾ ਤੋਂ ਬਾਅਦ ਮੋਰਚੇ ਦੀ ਗਿਣਤੀ ਵਧਾਉਣ ਲਈ ਸਾਰੇ ਜ਼ਿਲਿਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਸ ਦੇ ਨਾਲ ਹੀ 15 ਅਗਸਤ ਨੂੰ ਆਪਣੀਆਂ ਮੰਗਾਂ ਮਨਵਾਉਣ ਲਈ ਪੂਰੇ ਭਾਰਤ ’ਚ ਟਰੈਕਟਰ ਮਾਰਚ ਕੀਤਾ ਜਾਵੇਗਾ। ਉਸ ਦੇ ਨਾਲ ਹੀ ਲੋਕਾਂ ਦੀ ਆਜ਼ਾਦੀ ਖੋਹਣ ਵਾਲੇ ਤਿੰਨੇ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ।



ਇਹ ਪ੍ਰੋਗਰਾਮ ਹੈੱਡਕੁਆਰਟਰਾਂ ਬਲਾਕਾਂ ਤੇ ਤਹਿਸੀਲ ਪੱਧਰਾ ’ਤੇ ਕੀਤਾ ਜਾਵੇਗਾ।

ਯੂਨੀਅਨ ਪ੍ਰਧਾਨ ਗੁਰਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਸ਼ੰਭੂ ਅਤੇ ਖਨੌਰੀ ਮੋਰਚੇ ਤੇ ਕਿਸਾਨੀ ਅੰਦੋਲਨ ਪਿਛਲੇ 179 ਦਿਨਾਂ ਤੋਂ ਲਗਾਤਾਰ ਚੱਲ ਰਿਹਾ ਹੈ। ਕਿਸਾਨ ਮਜ਼ਦੂਰ ਕੇਂਦਰ ਸਰਕਾਰ ਤੋਂ ਫਸਲਾਂ ’ਤੇ ਐੱਮ. ਐੱਸ. ਪੀ. ਗਾਰੰਟੀ ਕਾਨੂੰਨ ਬਣਾਉਣ ਦੀ ਮੰਗ ਤੋਂ ਇਲਾਵਾ ਹੋਰ ਕਿਸਾਨੀ ਮੰਗਾਂ ਲਾਗੂ ਕਰਵਾਉਣ ਲਈ ਸੜਕਾਂ ’ਤੇ ਸ਼ਾਂਤਮਈ ਬੈਠੇ ਹਨ।

# ਹਰਿਆਣਾ ਦੇ ਮੁੱਖ ਮੰਤਰੀ ਨੇ ਓਲੰਪਿਕ ਜੇਤੂ ਮਨੂ ਭਾਕਰ ਤੇ ਸਰਬਜੋਤ ਸਿੰਘ ਦਾ ਵਧਾਇਆ ਹੌਸਲਾ, ਦਿੱਤੀ ਸਰਕਾਰੀ ਨੌਕਰੀ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਓਲੰਪਿਕ ਤਮਗਾ ਜੇਤੂ ਅਤੇ ਭਾਰਤੀ ਨਿਸ਼ਾਨੇਬਾਜ਼ ਮਨੂ ਭਾਕਰ ਅਤੇ ਸਰਬਜੋਤ ਸਿੰਘ ਨੇ ਸ਼ੁੱਕਰਵਾਰ ਨੂੰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੋਵੇਂ ਨਿਸ਼ਾਨੇਬਾਜ਼ ਅਤੇ ਉਹਨਾਂ ਦੇ ਪਰਿਵਾਰਕ ਮੈਂਬਰ ਵੀ ਮੁੱਖ ਮੰਤਰੀ ਦੇ ਨਿਵਾਸ ਸਥਾਨ ਪਹੁੰਚ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਦੋਵਾਂ ਖਿਡਾਰੀਆਂ ਦਾ ਸਨਮਾਨ ਕੀਤਾ ਅਤੇ ਉਹਨਾਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ। ਮੁੱਖ ਮੰਤਰੀ ਨੇ ਦੋਵਾਂ ਨੂੰ ਸਨਮਾਨਿਤ ਕਰਨ ਦੇ ਨਾਲ-ਨਾਲ ਡਿਪਟੀ ਡਾਇਰੈਕਟਰ ਦੇ ਅਹੁਦੇ ਲਈ ਨਿਯੁਕਤੀ ਪੱਤਰ ਵੀ ਦਿੱਤੇ। ਨਾਲ ਹੀ ਉਹਨਾਂ ਨੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਵਧੀਆ ਪ੍ਰਦਰਸ਼ਨ ਕਰਕੇ ਦੇਸ਼ ਦਾ ਨਾਂ



ਰੌਸ਼ਨ ਕਰਨ ਦਾ ਆਸ਼ੀਰਵਾਦ ਦਿੱਤਾ।

ਉਨ੍ਹਾਂ ਦੱਸਿਆ ਕਿ 17 ਅਗਸਤ ਨੂੰ ਰੋਹਤਕ ਵਿੱਚ ਹੋਣ ਵਾਲੇ ਪ੍ਰੋਗਰਾਮ ਵਿੱਚ ਖਿਡਾਰੀਆਂ ਲਈ ਕਈ ਐਲਾਨ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਖਿਡਾਰੀਆਂ ਦੀ ਹਰ ਇੱਛਾ ਪੂਰੀ ਕਰੇਗੀ। ਅੱਜ ਪੂਰੇ ਦੇਸ਼ ਵਿੱਚ ਹਰਿਆਣਾ ਦੇ ਖਿਡਾਰੀਆਂ ਨੂੰ ਸਭ ਤੋਂ ਵੱਧ ਨਕਦ ਇਨਾਮ ਦਿੱਤੇ ਜਾਂਦੇ ਹਨ। ਮਨੂ ਭਾਕਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪਹਿਲਾਂ ਲਿਆਂਦੇ ਮੈਡਲਾਂ ਦੇ ਆਧਾਰ ’ਤੇ ਇਕੱਲੇ ਭਾਕਰ ਨੂੰ ਕਰੀਬ 6 ਕਰੋੜ ਰੁਪਏ ਦੀ ਨਕਦ ਰਾਸ਼ੀ ਦਿੱਤੀ ਗਈ ਹੈ।

## ਪੱਤਰ ਸੂਚਨਾ ਦਫਤਰ ਨੇ ਕੀਤਾ ਮੀਡੀਆ ਵਰਕਸ਼ਾਪ ‘ਵਾਰਤਾਲਾਪ’ ਦਾ ਆਯੋਜਨ

# ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਅਤੇ ਪੱਤਰਕਾਰੀ ਦੇ ਨੈਤਿਕ ਸਿਧਾਂਤਾਂ ’ਤੇ ਕੀਤੀ ਗਈ ਚਰਚਾ

**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੱਤਰ ਸੂਚਨਾ ਦਫਤਰ (ਪੀ.ਆਈ.ਬੀ.) ਚੰਡੀਗੜ੍ਹ ਅਤੇ ਜਲੰਧਰ ਵੱਲੋਂ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਪਟਿਆਲਾ ਦੇ ਸੈਮੀਨਾਰ ਹਾਲ ਵਿੱਚ ਮੀਡੀਆ ਵਰਕਸ਼ਾਪ ‘ਵਾਰਤਾਲਾਪ’ ਦਾ ਆਯੋਜਨ ਕੀਤਾ ਗਿਆ। ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਅਤੇ ਪੱਤਰਕਾਰੀ ਦੇ ਨੈਤਿਕ ਸਿਧਾਂਤ ਵਿਸ਼ੇ ’ਤੇ ਆਯੋਜਤ ਕੀਤੀ ਗਈ ਇਸ ਵਰਕਸ਼ਾਪ ਵਿੱਚ ਪਟਿਆਲਾ ਜ਼ਿਲ੍ਹੇ ਦੇ ਪੱਤਰਕਾਰਾਂ ਸਮੇਤ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਦੇ ਵਿਦਿਆਰਥੀਆਂ ਨੇ ਭਾਗ ਲਿਆ।

ਇਸ ਮੌਕੇ ਸ੍ਰੀ ਅਨੁਭਵ ਡਿਮਰੀ, ਸਹਾਇਕ ਡਾਇਰੈਕਟ, ਪੀਆਈਬੀ ਚੰਡੀਗੜ੍ਹ ਨੇ ਪਹੁੰਚੇ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਵੱਖ-ਵੱਖ ਮੀਡੀਆ ਯੂਨਿਟਾਂ ਦੀ ਭੂਮਿਕਾ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪੀਆਈਬੀ ਮੰਤਰਾਲੇ ਦਾ ਪ੍ਰਮੁੱਖ ਹਿੱਸਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਨੀਤੀਆਂ, ਪ੍ਰੋਗਰਾਮਾਂ ਅਤੇ ਯੋਜਨਾਵਾਂ ਆਦਿ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਲਈ ਪੀਆਈਬੀ ਅਤੇ ਮੀਡੀਆ ਦਰਮਿਆਨ ਤਾਲਮੇਲ ਵਧਾਉਣਾ ਜ਼ਰੂਰੀ ਹੈ ਅਤੇ ਇਸੇ ਮੰਤਵ ਤਹਿਤ ਵਾਰਤਾਲਾਪ ਦਾ ਆਯੋਜਨ ਕੀਤਾ ਜਾਂਦਾ ਹੈ।

ਇਸ ਮੌਕੇ ਮੁੱਖ ਮਹਿਮਾਨ ਪ੍ਰੋ. (ਡਾ.) ਜੈ ਐੱਸ. ਸਿੰਘ, ਉਪ ਕੁਲਪਤੀ, ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਪਟਿਆਲਾ ਨੇ ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਦੀ ਗੱਲ ਕਰਦੇ ਹੋਏ ਇਸ ਦੇ ਇਤਿਹਾਸਕ ਪਿਛੋਕੜ ਉੱਤੇ ਚਾਨਣਾ ਪਾਇਆ। ਡਾ. ਸਿੰਘ ਨੇ ਕਿਹਾ ਕਿ ਪੂਰੀ ਦੁਨੀਆਂ ਵਿੱਚ ਜਿੰਨੇ ਵੀ ਕਾਨੂੰਨ ਪਾਸ ਹੋਏ ਹਨ, ਉਨ੍ਹਾਂ ਵਿੱਚ ਤਿੰਨ ਨਵੇਂ ਅਪਰਾਧਿਕ ਕਾਨੂੰਨ ਸਭ ਤੋਂ ਪ੍ਰਮੁੱਖ ਹਨ।

ਇਸ ਮੌਕੇ ਵਿਸ਼ੇਸ਼ ਮਹਿਮਾਨ ਪ੍ਰੋ. (ਡਾ.) ਅਨੰਦ ਪਵਾਰ, ਰਜਿਸਟਰਾਰ, ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਪਟਿਆਲਾ ਨੇ ਕਿਹਾ ਕਿ ਸਮੇਂ ਅਤੇ ਵਾਤਾਵਰਨ ਨਾਲ ਜੋ ਬਦਲਾਓ ਆਏ ਹਨ, ਉਨ੍ਹਾਂ ਅਨੁਸਾਰ ਨਵੇਂ ਅਪਰਾਧਿਕ ਕਾਨੂੰਨ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਪੁਰਾਣੇ ਕਾਨੂੰਨਾਂ ਵਿੱਚ ਪਹਿਲਾਂ ਕਈ ਅਪਰਾਧ ਸ਼ਾਮਲ ਨਹੀਂ ਸਨ, ਜਿਨ੍ਹਾਂ ਨੂੰ ਨਵੇਂ ਕਾਨੂੰਨਾਂ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਡਾ. ਮਨੋਜ ਸ਼ਰਮਾ, ਐਸੋਸੀਏਟ ਪ੍ਰੋਫ਼ੈਸਰ ਨੇ ਭਾਰਤੀਯ ਸਾਕਸ਼ੈ ਅਧਿਨਿਯਮ



ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ 1 ਜੁਲਾਈ, 2024 ਤੋਂ ਲਾਗੂ ਕੀਤੇ ਗਏ ਇਸ ਕਾਨੂੰਨ ਵਿਚ ਮੁੱਖ ਤੌਰ ’ਤੇ ਇਲੈਕਟ੍ਰਾਨਿਕ ਸਬੂਤ ਸਬੰਧੀ ਪ੍ਰਾਵਧਾਨ ਬਣਾਏ ਗਏ ਹਨ। ਇਲੈਕਟ੍ਰਾਨਿਕ ਸਬੂਤ ਪਹਿਲਾਂ ਸਕੈਂਡਰੀ ਸਬੂਤ ਮੰਨੇ ਜਾਂਦੇ ਸਨ ਪਰ ਹੁਣ ਇਨ੍ਹਾਂ ਨੂੰ ਪ੍ਰਾਇਮਰੀ ਸਬੂਤ ਵਜੋਂ ਕੋਰਟ ਵਿਚ ਪੇਸ਼ ਕਰ ਸਕਦੇ ਹਾਂ। ਡਾ. ਮਨੋਜ ਨੇ ਭਾਰਤੀਯ ਨਾਗਰਿਕ ਸੁਰਕਸ਼ਾ ਸੰਹਿਤਾ ਬਾਰੇ ਦੱਸਿਆ ਕਿ ਆਈਟੀ ਦੇ ਪ੍ਰਸਾਰ ਨੂੰ ਦੇਖਦੇ ਹੋਏ ਪਹਿਲੀ ਦਫਾ ਇਲੈਕਟ੍ਰਾਨਿਕ ਐੱਫਆਈਆਰ ਕਰਨ ਦਾ ਪ੍ਰਾਵਧਾਨ ਕੀਤਾ ਗਿਆ ਹੈ। ਇਸ ਕਾਨੂੰਨ ਤਹਿਤ ਹਰ ਘਟਨਾ ਲਈ ਸਮੇਂ ਦੀ ਹੱਦ ਨਿਰਧਾਰਤ ਕੀਤੀ ਹੈ ਤਾਂ ਜੋ ਸਮੇਂ ਸਿਰ ਨਿਆਂ ਮਿਲ ਸਕੇ।

ਡਾ. ਸ਼ਰਨਜੀਤ, ਪ੍ਰੋਫ਼ੈਸਰ ਨੇ ਭਾਰਤੀਯ ਨਿਆਏ ਸੰਹਿਤਾ ਬਾਰੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਇਸ ਵਿੱਚ ਨਵੇਂ ਅਪਰਾਧ ਜਿਵੇਂ ਕਿ ਅੱਤਵਾਦ, ਮੌਬ ਲੀਚਿੰਗ ਦੇ ਕੇਸ ਆਦਿ ਸ਼ਾਮਲ ਕੀਤੇ ਗਏ ਹਨ। ਜਿੱਥੇ ਪਹਿਲਾਂ ਪੁਰਾਣੇ ਕਾਨੂੰਨਾਂ ਵਿਚ ਜੁਰਮਾਨੇ ਦੀ ਰਕਮ ਕਾਫੀ ਘਟ ਸੀ, ਉੱਥੇ ਕਰੀਬ 83 ਅਪਰਾਧਾਂ ਵਿੱਚ ਜੁਰਮਾਨੇ ਦੀ ਰਕਮ ਕਾਫੀ ਵਧਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਮਹਿਲਾਵਾਂ ਅਤੇ ਬੱਚਿਆਂ ਤੇ ਵਧਦੇ ਅਪਰਾਧਾਂ ਨੂੰ ਦੇਖਦੇ ਹੋਏ ਨਵੇਂ ਕਾਨੂੰਨ ਦਾ ਚੈਪਟਰ ਨੰਬਰ ਪੰਜ ਸਿਰਫ ਮਹਿਲਾਵਾਂ ਅਤੇ ਬੱਚਿਆਂ ਸਬੰਧੀ ਅਪਰਾਧਾਂ ਨਾਲ ਸਬੰਧ ਰੱਖਦਾ ਹੈ।

ਡਾ. ਹਰਜਿੰਦਰ ਵਾਲੀਆ, ਸਾਬਕਾ ਮੁਖੀ ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੱਤਰਕਾਰੀ ਦੇ ਨੈਤਿਕ ਸਿਧਾਂਤਾਂ ’ਤੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਭਾਰਤੀ ਪ੍ਰੈੱਸ ਕੌਂਸਲ ਵੱਲੋਂ 42 ਦੇ ਕਰੀਬ ਨੈਤਿਕ ਸਿਧਾਂਤ ਜਾਰੀ ਕੀਤੇ ਗਏ ਹਨ, ਜੋ ਪੱਤਰਕਾਰੀ ਦੇ ਖੇਤਰ ਵਿੱਚ ਪੱਤਰਕਾਰਾਂ ਦੀ ਰਹਿਨੁਮਾਈ ਕਰਦੇ ਹਨ। ਉਨ੍ਹਾਂ ਕਿਹਾ ਕਿ ਹਰ ਕਿੱਤੇ ਦੇ ਕੁਝ ਨੈਤਿਕ ਸਿਧਾਂਤ ਹੁੰਦੇ ਹਨ, ਜਿਸ ’ਤੇ ਉਸ ਕਿੱਤੇ ਦਾ ਭਰੋਸਾ ਟਿਕਿਆ ਹੁੰਦਾ ਹੈ। ਡਾ. ਵਾਲੀਆ ਨੇ ਕਿਹਾ ਕਿ ਪੱਤਰਕਾਰੀ ਦੇ ਖੇਤਰ ਵਿੱਚ ਨਿਰਪੱਖਤਾ, ਤੱਥ, ਸਚਾਈ, ਨਿੱਜਤਾ ਦੇ ਅਧਿਕਾਰ ਦੀ ਰਾਖੀ ਅਤੇ ਵਿਗਿਆਨਕ ਸੋਚ ਆਦਿ ਬੇਹੱਦ ਜ਼ਰੂਰੀ ਹਨ ਤਾਂ ਜੋ ਲੋਕਾਂ ਦਾ ਪੱਤਰਕਾਰੀ ’ਤੇ ਅਟੁੱਟ ਵਿਸ਼ਵਾਸ ਬਣਿਆ ਰਹੇ।

ਇਸ ਮੌਕੇ ਡਾ. ਵਿਕਰਮ ਸਿੰਘ, ਮੀਡੀਆ ਅਤੇ ਸੰਚਾਰ ਅਧਿਕਾਰੀ, ਪੀਆਈਬੀ, ਜਲੰਧਰ ਨੇ ਜ਼ਿਲ੍ਹੇ ਭਰ ’ਚੋਂ ਪਹੁੰਚੇ ਪੱਤਰਕਾਰਾਂ, ਮੁੱਖ ਮਹਿਮਾਨ, ਬੁਲਾਰਿਆਂ ਸਮੇਤ ਯੂਨੀਵਰਸਿਟੀ ਦੀ ਸਮੁੱਚੀ ਫੈਕਲਟੀ, ਵਿਦਿਆਰਥੀਆਂ ਅਤੇ ਸੀਬੀਸੀ ਚੰਡੀਗੜ੍ਹ ਦੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. (ਡਾ.) ਨਰੇਸ਼ ਵਤਸ ਡੀਨ ਅਕਾਦਮਿਕ ਮਾਮਲੇ ਵੀ ਮੌਜੂਦ ਸਨ।

ਇਸ ਮੌਕੇ ਕੇਂਦਰੀ ਸੰਚਾਰ ਬਿਊਰੋ, ਚੰਡੀਗੜ੍ਹ ਦੀ ਟੀਮ ਵੱਲੋਂ ਯੂਨੀਵਰਸਿਟੀ ਵਿੱਚ ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਸਬੰਧੀ ਫ਼ੋਟੋ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਫ਼ੋਟੋ ਪ੍ਰਦਰਸ਼ਨੀ ਰਾਹੀਂ ਇਨ੍ਹਾਂ ਕਾਨੂੰਨਾਂ ਬਾਰੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਪੱਤਰਕਾਰਾਂ ਨੇ ਜਾਣਕਾਰੀ ਹਾਸਲ ਕੀਤੀ। ਵਰਕਸ਼ਾਪ ਦੇ ਅੰਤ ਵਿੱਚ ਪੱਤਰਕਾਰਾਂ ਵੱਲੋਂ ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਬਾਰੇ ਪੁੱਛੇ ਗਏ ਸਵਾਲਾਂ ਦੇ ਮਾਹਿਰਾਂ ਵੱਲੋਂ ਜਵਾਬ ਦਿੱਤੇ ਗਏ।

# ਗਰਭਵਤੀ ਔਰਤਾਂ ਦੀ ਸੰਭਾਲ ਸੁਚਾਰੂ ਢੰਗ ਨਾਲ ਕਰਵਾਉਣ ਲਈ ਸਟਾਫ਼ ਨੂੰ ਦਿੱਤੀ ਗਈ ਸਿਖਲਾਈ

**ਅੰਮ੍ਰਿਤਸਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਅੰਮ੍ਰਿਤਸਰ ਡਾ ਸੁਮੀਤ ਸਿੰਘ ਅਤੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ.ਨੀਲਮ ਦੀ ਰਹਿਨੁਮਾਈ ਹੇਠ ਜਿਲਾ ਪੱਧਰੀ ਟੀਮ ਨੇ ਬਲਾਕ ਮਾਨਾਂਵਾਲਾ ਦੇ ਸਮੂਹ ਕਮਿਊਨਿਟੀ ਹੈਲਥ ਅਫਸਰ, ਏ.ਐਨ.ਐਮ ਅਤੇ ਐਲ.ਐਚ.ਵੀ ਦੀ ਯੋਗ ਅਗਵਾਈ ਹੇਠ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ ਤਹਿਤ ਗਰਭਵਤੀ ਔਰਤਾਂ ਦੀ ਸੰਭਾਲ ਸੁਚਾਰੂ ਢੰਗ ਨਾਲ ਕਰਵਾਉਣ ਲਈ ਸਿਖਲਾਈ ਦਿੱਤੀ ਗਈ।

÷ਹਰ ਗਰਭਵਤੀ ਔਰਤ ਨੂੰ ਹੋਵੇ ਅਹਿਸਾਸ ਕਿ ਉਹ ਹੈ ਸਬ ਤੋਂ ਖਾਸ ਦੇ ਨਾਅਰੇ÷ ਨੂੰ ਸਾਰਥਕ ਕਰਨ ਦੇ ਮਨੋਰਥ ਨਾਲ ਦਿੱਤੀ ਇਸ ਸਿਖਲਾਈ ਵਿੱਚ ਬਲਾਕ ਦੇ ਸਮੂਹ ਕਮਿਊਨਿਟੀ ਹੈਲਥ ਅਫਸਰ, ਏ,ਐਨ.ਐਮ ਅਤੇ ਐਲ.ਐਚ.ਵੀ ਨੇ ਭਾਗ ਲਿਆ।

ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ.ਨੀਲਮ ਨੇ ਸਮੂਹ ਫ਼ੀਲਡ ਸਟਾਫ ਨੂੰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵਲੋਂ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ ਤਹਿਤ ਗਰਭਵਤੀ ਔਰਤਾਂ ਨੂੰ ਮਿਲਣ ਵਾਲੀਆਂ ਵਲੋਂ ਮੁਫ਼ਤ ਸੁਵਿਧਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਹਰ ਗਰਭਵਤੀ ਔਰਤ ਦੀ ਰਜਿਸਟਰੇਸ਼ਨ ਤੋਂ ਲੈਕੇ ਉਸਦੇ ਸਾਰੇ ਚੈੱਕਅਪ ਸਮੇਂ ਸਿਰ ਕਰਵਾਉਣ ਅਤੇ ਗਰਭਵਤੀ ਅਵਸਥਾ ਦੌਰਾਨ ਆਉਣ ਵਾਲੀਆਂ ਮੁਸ਼ਕਿਲਾਂ ਜਾਂ ਹਾਈ ਰਿਸ ?ਕ ਕਾਰਨਾਂ ਦੀ ਸਮੇਂ ਸਿਰ ਪਹਿਚਾਣ ਕਰਕੇ, ਓਹਨਾ ਦਾ ਸਹੀ ਇਲਾਜ਼ ਕਰਵਾਉਣਾ ਯਕੀਨੀ ਬਣਾਉਣ ਲਈ ਕਿਹਾ।

ਓਹਨਾ ਕਿਹਾ ਕਿ 9 ਮਹੀਨੇ ਦੀ ਗਰਭ ਅਵਸਥਾ ਦੌਰਾਨ ਪੀ.ਐਮ.ਐਸ.ਏ ਤਹਿਤ ਸਰਕਾਰੀ ਸਿਹਤ ਕੇਂਦਰ ਜਿਥੇ ਮੈਡੀਕਲ ਅਫਸਰ ਮੌਜੂਦ ਹਨ ਓਹਨਾ ਤੋਂ ਹਰ ਤਿਮਾਹੀ ਵਿੱਚ ਇਕ ਵਾਰ ਜਾਂਚ ਜਰੂਰ ਕਰਵਾਉਣੀ ਚਾਹੀਦੀ ਹੈ ਅਤੇ ਸਾਰੀਆਂ ਲਾਗੂ ਹੋਣ ਵਾਲੀਆਂ ਡਾਇਗਨੌਸਟਿਕ ਸੇਵਾਵਾਂ, ਕਲੀਨਿਕਲ ਸਥਿਤੀਆਂ ਲਈ ਸਕ੍ਰੀਨਿੰਗ, ਤਾਂ ਜੋ ਸਮੇ ਸਿਰ ਅਨੀਮੀਆ, ਗਰਭ ਅਵਸਥਾ ਤੋਂ ਪ੍ਰੇਰਿਤ ਹਾਈਪਰਟੈਨਸ਼ਨ, ਗਰਭਕਾਲੀ ਸ਼ੂਗਰ ਆਦਿ ਜਿਹੇ ਕਾਰਨਾਂ ਦਾ ਸਮੇਂ ਰਹਿੰਦੇ ਢੁਕਵਾਂ ਪ੍ਰਬੰਧਨ ਕਰਕੇ ਸੁਰੱਖਿਅਤ ਮਾਤ੍ਰਤਵ ਪ੍ਰਦਾਨ ਕੀਤਾ ਜਾ ਸਕੇ । ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਨੀਲਮ ਵਲੋਂ ਹਸਪਤਾਲ ਦੇ ਲੇਬਰ ਰੂਮ ਅਤੇ ਡਿਲਿਵਰੀ ਦੌਰਾਨ ਮਿਲਣ ਵਾਲਿਆਂ ਸੇਵਾਵਾਂ ਦਾ ਜਾਇਜਾ ਲਿਆ।

ਇਸ ਮੌਕੇ ਜ਼ਿਲ੍ਹਾ ਡਿਪਟੀ ਮਾਸ ਮੀਡਿਆ ਅਫਸਰ ਕਮਲਦੀਪ ਭੱਲਾ, ਐਲ.ਐਚ.ਵੀ ਤ੍ਰਿਪਤਾ, ਐਨ.ਸੀ.ਡੀ ਸੈੱਲ ਤੋਂ ਗੁਲਸ਼ਨ ਕੁਮਾਰ ਵਲੋਂ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਅਤੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੀ ਸੇਵਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਦੀ ਲੋੜ ਹੈ। ਇਸ ਮੌਕੇ ਬੀ.ਈ.ਈ ਸੌਰਵ ਸ਼ਰਮਾ, ਐਲ.ਐਚ.ਵੀ ਰਾਜਵਿੰਦਰਪਾਲ ਕੌਰ, ਜਗਜੀਰ ਕੌਰ, ਰੁਪਿੰਦਰ ਕੌਰ ਪ੍ਰਭਜਿੰਦਰ ਕੌਰ, ਸਵਰਾਜ ਕੌਰ, ਐਸ.ਐਮ.ਆਈ ਪ੍ਰਿਤਪਾਲ ਸਿੰਘ, ਪ੍ਰਿੰਸ ਮੇਲ ਹੈਲਥ ਵਰਕਰ ਸਹਿਤ ਸਮੂਹ ਸਟਾਫ ਮੌਜੂਦ ਸੀ।

# ਬੱਚਾ ਗੋਦ ਲੈਣ ਦੀ ਪ੍ਰਕਿਰਿਆ ਨੂੰ ਸਰਲ ਬਣਾਉਣ ਲਈ ਹਰ ਜ਼ਿਲ੍ਹੇ ਵਿੱਚ ਸਥਾਪਿਤ ਹੋਵੇਗੀ ਅਡੋਪਸ਼ਨ ਏਜੰਸੀ: ਡਾ. ਬਲਜੀਤ ਕੌਰ

**➢ ਬੇਸਹਾਰਾ ਤੇ ਅਨਾਥ ਬੱਚਿਆਂ ਨੂੰ ਗੋਦ ਲੈਣ ਸਬੰਧੀ ਢਾਂਚੇ ਨੂੰ ਮਜਬੂਤ ਕਰਨ ਲਈ 172 ਨਵੀਆਂ ਅਸਾਮੀਆਂ ਦੀ ਹੋਵੇਗੀ ਸਿਰਜਣਾ ➢ਗੈਰ ਸਰਕਾਰੀ ਸੰਸਥਾਵਾਂ ਨੂੰ ਪ੍ਰਤੀ ਸਾਲ 26 ਲੱਖ ਰੁਪਏ ਦੀ ਮਾਲੀ ਸਹਾਇਤਾ**

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਬੱਚਾ ਗੋਦ ਲੈਣ ਦੀ ਪ੍ਰਕਿਰਿਆ ਨੂੰ ਸਰਲ ਬਣਾਉਣ ਲਈ ਸੂਬੇ ਦੇ ਹਰ ਜ਼ਿਲ੍ਹੇ ਵਿੱਚ ਅਡੋਪਸ਼ਨ ਏਜੰਸੀ ਸਥਾਪਿਤ ਕੀਤੀ ਜਾ ਰਹੀ ਹੈ ਅਤੇ ਬੇਸਹਾਰਾ ਤੇ ਅਨਾਥ ਬੱਚਿਆਂ ਨੂੰ ਗੋਦ ਲੈਣ ਸਬੰਧੀ ਢਾਂਚੇ ਨੂੰ ਮਜਬੂਤ ਕਰਨ ਲਈ 172 ਨਵੀਆਂ ਅਸਾਮੀਆਂ ਦੀ ਸਿਰਜਣਾ ਕੀਤੀ ਜਾ ਰਹੀ ਹੈ।



ਅੱਜ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਨ ਫਾਰ ਪਬਲਿਕ ਐਡਮੀਨੀਸਟਰੇਸ਼ਨ, ਚੰਡੀਗੜ੍ਹ ਵਿਖੇ ਅਡੋਪਸ਼ਨ ਰੈਗੁਲੇਸ਼ਨ, 2022 ਸਬੰਧੀ ਰਾਜ ਪੱਧਰੀ ਟ੍ਰੇਨਿੰਗ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਅਨਾਥ ਬੱਚਿਆਂ ਦੀ ਦੇਖਭਾਲ ਲਈ ਲਗਾਤਾਰ ਕੰਮ ਕਰ ਰਹੀ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਬੇਸਹਾਰਾ ਤੇ ਅਨਾਥ ਬੱਚਿਆਂ ਦੀ ਭਲਾਈ ਅਤੇ ਸੁਰੱਖਿਆ ਲਈ ਬੱਚਿਆਂ ਨੂੰ ਗੋਦ ਲੈਣ ਦੀ ਪ੍ਰਕਿਰਿਆ ਨਾਲ ਜੁੜੀਆਂ ਵੱਖ-ਵੱਖ ਗੈਰ ਸਰਕਾਰੀ ਸੰਸਥਾਵਾਂ ਨੂੰ ਪ੍ਰਤੀ ਸਾਲ 26 ਲੱਖ ਰੁਪਏ ਦੀ ਮਾਲੀ ਸਹਾਇਤਾ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਬੱਚਾ ਗੋਦ ਲੈਣ ਦੀ ਪ੍ਰਕਿਰਿਆ ਨੂੰ ਸਹੀ ਢੰਗ ਨਾਲ ਲਾਗੂ ਕਰਦੇ ਹੋਏ ਵਿਭਾਗ ਵੱਲੋਂ 300 ਤੋਂ ਵੱਧ ਬੇਸਹਾਰਾ ਤੇ ਅਨਾਥ ਬੱਚਿਆਂ ਨੂੰ ਗੋਦ ਦਿਵਾਉਂਦੇ ਹੋਏ ਉਨ੍ਹਾਂ ਨੂੰ ਪਰਿਵਾਰਕ ਮਾਹੌਲ ਦਿੱਤਾ ਗਿਆ ਹੈ।

ਉਨ੍ਹਾਂ ਸਮੂਹ ਵਧੀਕ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਕਿ ਸੂਬੇ ਵਿੱਚ ਪ੍ਰਾਪਤ ਹੋਣ ਵਾਲੀਆਂ ਬੱਚਾ ਗੋਦ ਲੈਣ ਸਬੰਧੀ ਅਰਜੀਆਂ ਦਾ ਨਿਪਟਾਰਾ ਮਿਥੇ ਸਮੇਂ ਦੇ ਅੰਦਰ ਕਰਨਾ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਉਹਨਾਂ ਨੇ ਸਿਵਲ ਸਰਜਨਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਬੱਚੇ ਨੂੰ ਗੋਦ ਲੈਣ ਉਪਰੰਤ ਮਾਪਿਆਂ ਨੂੰ ਬੱਚੇ ਦੇ ਜਨਮ ਸਰਟੀਫਿਕੇਟ ਵਿੱਚ ਇੰਦਰਾਜ ਕਰਵਾਉਣ ਲਈ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਤੁਰੰਤ ਹੱਲ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਹਨਾਂ ਅਨਾਥ ਅਤੇ ਬੇਸਹਾਰਾ ਬੱਚਿਆਂ ਨੂੰ ਜੇਕਰ ਕਿਸੇ ਵਿਦੇਸ਼ੀ ਜੋੜੇ ਜਾਂ ਬਾਹਰਲੇ ਰਾਜਾਂ ਦੇ ਜੋੜਿਆ ਵੱਲੋਂ ਅਪਣਾਇਆ ਜਾਂਦਾ ਹੈ ਤਾਂ ਉਹਨਾਂ ਨੂੰ ਕਿਸੇ ਵੀ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

ਮੰਤਰੀ ਨੇ ਜ਼ੋਰ ਦਿੰਦਿਆਂ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਅਡੋਪਸ਼ਨ ਪ੍ਰਕਿਰਿਆ ਨੂੰ ਮਜਬੂਤ ਬਣਾਉਣ ਦੇ ਲਈ ਮਾਪਿਆਂ ਦੇ ਸਹਾਇਤਾ ਗਰੁੱਪ ਬਣਾਏ ਜਾਣ ਤਾਂ ਜੋ ਗੋਦ ਲਏ ਜਾ ਚੁੱਕੇ ਬੱਚਿਆਂ ਦਾ ਫੋਲੋ ਅੱਪ ਅਤੇ ਮਾਪਿਆਂ ਦੀ ਕਾਉਂਸਲਿੰਗ ਕੀਤੀ ਜਾ ਸਕੇ। ਇਸੇ ਤਰ੍ਹਾਂ ਜਿਹੜੇ ਮਾਪਿਆਂ ਵੱਲੋਂ ਬੱਚਿਆਂ ਨੂੰ ਗੋਦ ਲਿਆ ਜਾਣਾ ਹੈ ਉਹਨਾਂ ਨੂੰ ਵੀ ਗੋਦ ਲੈਣ ਉਪਰੰਤ ਆਉਣ ਵਾਲੀਆਂ ਸਮੱਸਿਆਵਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਇਸ ਮੰਤਵ ਲਈ ਪ੍ਰੇਰਿਤ ਕੀਤਾ ਜਾ ਸਕੇ।

ਡਾ. ਬਲਜੀਤ ਕੌਰ ਨੇ ਸੂਬੇ ਦੇ ਸਮੂਹ ਜ਼ਿਲ੍ਹਾ ਪ੍ਰੋਗਰਾਮ ਅਫਸਰਾਂ ਨੂੰ ਸਖ਼ਤ ਹਦਾਇਤ ਕਰਦਿਆਂ ਕਿਹਾ ਕਿ ਬੱਚਾ ਗੋਦ ਲੈਣ ਨਾਲ ਸਬੰਧਤ ਅਰਜੀਆਂ ਨੂੰ ਮੈਰਿਟ ਦੇ ਆਧਾਰ ਤੇ ਵੈਰੀਫਾਈ ਕੀਤਾ ਜਾਵੇ ਅਤੇ ਸਹੀ ਤੱਥਾਂ ਦੇ ਆਧਾਰ ਤੇ ਹੀ ਇਨ੍ਹਾਂ ਕੇਸਾਂ ਨੂੰ ਸਮਾਂ ਬੱਧ ਤਰੀਕੇ ਦੇ ਨਾਲ ਜਿਲ੍ਹਾ ਮੈਜਿਸਟ੍ਰੇਟਾਂ ਤੋ ਨਿਪਟਾਰਾ ਕਰਵਾਇਆ ਜਾਵੇ।

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ, ਵਿਸ਼ੇਸ਼ ਮੁੱਖ ਸਕੱਤਰ, ਸ਼੍ਰੀਮਤੀ ਰਾਜੀ.ਪੀ. ਸ਼੍ਰੀ.ਵਾਸਤਵਾ ਨੇ ਦੱਸਿਆ ਕਿ ਸਮਾਜਿਕ ਸੁਰੱਖਿਆ ਵੱਲੋ ਬੱਚੇ ਗੋਦ ਲੈਣ ਵਾਲੇ ਸਾਰੇ ਅਦਾਰਿਆਂ ਨੂੰ ਬੱਚਾ ਗੋਦ ਲੈਣ ਦੀ ਪ੍ਰਕ੍ਰਿਆ ਨੂੰ ਸੂਬੇ ਵਿਚ ਮਜਬੂਤ ਬਣਾਉਣ ਲਈ ਹਰ ਸੰਭਵ ਯਤਨ ਕਰਨ ਲਈ ਪ੍ਰੋਤਸ਼ਾਹਿਤ ਕੀਤਾ ਜਾ ਰਿਹਾ ਹੈ ਤਾਂ ਜੋ ਕਿ ਹਰ ਇਕ ਬੱਚੇ ਨੂੰ ਪਰਿਵਾਰ ਮਿਲ ਸਕੇ ਅਤੇ ਉਹ ਸਮਾਜ ਦੀ ਮੁੱਖ ਧਾਰਾ ਨਾਲ ਜੁੜ ਸਕਣ।

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀ ਡਾਇਰੈਕਟਰ ਡਾ. ਸ਼ੇਨਾ ਅਗਰਵਾਲ ਨੇ ਸਟੇਕਹੋਲਡਰਾਂ ਦਾ ਸਵਾਗਤ ਕੀਤਾ। ਉਨ੍ਹਾਂ ਬੱਚੇ ਨੂੰ ਗੋਦ ਲੈਣ ਸਬੰਧੀ ਵਿਸਤਾਰ ਸਹਿਤ ਜਾਣਕਾਰੀ ਦਿੱਤੀ।

ਇਸ ਮੌਕੇ ਸੈਂਟਰਲ ਅਡਾਪਸ਼ਨ ਰਿਸੋਰਸ ਅਥਾਰਟੀ (ਕਾਰਾ), ਨਵੀ ਦਿੱਲੀ ਦੇ ਡਿਪਟੀ ਡਾਇਰੈਕਟਰ ਪੂਨਮ ਸ਼ਰਮਾ ਅਤੇ ਕੰਸਲਟੈਂਟ ਸ਼ਿਵਾਨੀ ਚੌਹਾਨ ਵੱਲੋਂ ਅਡਾਪਸ਼ਨ ਰੈਗੁਲੇਸ਼ਨ, 2022 ਅਧੀਨ ਬੱਚੇ ਨੂੰ ਗੋਦ ਲੈਣ ਦੀ ਪ੍ਰਕ੍ਰਿਆ ਬਾਰੇ ਜਾਣਕਾਰੀ ਸਾਂਝੀ ਕੀਤੀ ਤਾਂ ਜੋ ਬੱਚੇ ਦੀ ਆਉਣ ਵਾਲੀ ਜਿੰਦਗੀ ਨੂੰ ਸੁਰੱਖਿਅਤ ਬਣਾਇਆ ਜਾ ਸਕੇ।

ਇਸ ਮੌਕੇ ਗੋਦ ਲਈ ਬੇਟੀ ਦੀ ਮਾਂ ਮਿਨਾਲ ਲਾਲ ਨੇ ਆਪਣੇ ਅਨੁਭਵ ਸਾਂਝੇ ਕੀਤੇ।

ਇਸ ਰਾਜ ਪੱਧਰੀ ਟਰੇਨਿੰਗ ਪ੍ਰੋਗਰਾਮ ਵਿੱਚ ਬੱਚਾ ਗੋਦ ਲੈਣ ਦੀ ਪ੍ਰਕਿਰਿਆ ਨਾਲ ਸਬੰਧਤ ਜ਼ਿਲ੍ਹਾ ਪ੍ਰਸ਼ਾਸਨ ਦੇ ਵਧੀਕ ਡਿਪਟੀ ਕਮਿਸ਼ਨਰ, ਚੀਫ ਮੈਡੀਕਲ ਅਫਸਰ ਅਤੇ ਮਿਸ਼ਨ ਵਾਤਸੱਲਿਆ ਸਕੀਮ ਅਧੀਨ ਕੰਮ ਕਰ ਰਹੇ ਸਟੇਕਹੋਲਡਰ ਜ਼ਿਲ੍ਹਾ ਪ੍ਰੋਗਰਾਮ ਅਫਸਰ, ਜ਼ਿਲ੍ਹਾ ਬਾਲ ਸੁਰੱਖਿਆ ਅਫਸਰ, ਬਾਲ ਸੁਰੱਖਿਆ ਅਫਸਰ, ਮੈਂਬਰ ਬਾਲ ਭਲਾਈ ਕਮੇਟੀ, ਸਪੈਸ਼ਲਾਇਜ਼ਡ ਅਡਾਪਸ਼ਨ ਏਜੰਸੀ (ਸਾ) ਦੇ ਨੁਮਾਇੰਦਿਆਂ ਨੇ ਭਾਗ ਲਿਆ।

# ਸਰਕਾਰੀ ਕਾਲਜ ਲੜਕੀਆਂ ਪਟਿਆਲਾ ਦਾ ਮੈਗਜੀਨ ‘ਜੋਤਿ’-2024 ਰਿਲੀਜ਼



**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਦੇ ਪ੍ਰਿੰਸੀਪਲ ਪ੍ਰੋ. ਚਰਨਜੀਤ ਕੌਰ ਦੀ ਰਹਿਨੁਮਾਈ ਹੇਠ ਕਾਲਜ ਦੀ ਐਡਿਟੋਰੀਅਲ ਕਮੇਟੀ ਵੱਲੋਂ ਬੀਤੇ ਦਿਨੀ ਕਾਲਜ ਦਾ ਮੈਗਜੀਨ ÷ਜੋਤਿ÷ 2024 ਰਿਲੀਜ਼ ਕਰਵਾਇਆ ਗਿਆ। ਵਿਸ਼ੇਸ਼ ਜ਼ਿਕਰ ਯੋਗ ਹੈ ਕਿ ਕਾਲਜ ਮੈਗਜੀਨ ਦੀ ਘੁੰਡ ਚੁੱਕ ਰਸਮ ਕਾਲਜ ਓ.ਐਸ.ਏ. ਦੇ ਪ੍ਰੈਜੀਡੈਂਟ ਪ੍ਰੋ.ਪੁਸ਼ਪਿੰਦਰ ਕੌਰ, ਵਾਈਸ ਪ੍ਰੈਜੀਡੈਂਟ ਪ੍ਰੋ. ਰਜਿੰਦਰ ਕੌਰ, ਜਨਰਲ ਸਕੱਤਰ ਡਾ.ਜਗਮੋਹਨ ਸ਼ਰਮਾ, ਜੋਇੰਟ ਸਕੱਤਰ ਡਾ.ਜੀਵਨ ਵਾਲਾ, ਫਾਈਨੈਂਸ ਸੈਕਟਰੀ ਪ੍ਰੋ.ਰਣਜੀਤ ਕੌਰ, ਪ੍ਰੋ. ਹਰਤੇਜ ਬਲ (ਸਾਬਕਾ ਡਿਪਟੀ ਡਾਇਰੈਕਟਰ, ਉਚੇਰੀ ਸਿੱਖਿਆ) ਨੇ ਆਪਣੇ ਕਰ ਕਮਲਾਂ ਨਾਲ ਅਦਾ ਕੀਤੀ।

ਇਸ ਮੌਕੇ ਡਾਂਸ ਵਿਭਾਗ ਦੇ ਪ੍ਰੋ. ਸੀਮਾ ਸ਼ਰਮਾ ਨੇ ਇੱਕ ਖੂਬਸੂਰਤ ਕਵਿਤਾ ਪੇਸ਼ ਕੀਤੀ ਜਿਸ ਦਾ ਸ਼ੀਰਸ਼ਕ ਸੀ ÷ਮੈਂ ਔਰ ਤੁਮ÷। ਸਭਾਗਾਰ ਵਿੱਚ ਮੌਜੂਦ ਸਾਰੇ ਸਰੋਤਿਆਂ ਨੇ ਕਵਿਤਾ ਦਾ ਖੂਬ ਆਨੰਦ ਮਾਣਿਆ 9 ਅਖੀਰ ਵਿੱਚ OSA ਦੇ ਸਕੱਤਰ ਡਾ.ਜਗਮੋਹਨ ਸ਼ਰਮਾ ਵੱਲੋਂ OSA ਦੀ ਕਾਰਜਕਾਰਨੀ ਕਮੇਟੀ ਨੂੰ ਮੈਗਜ਼ੀਨ ਰਿਲੀਜ ਕਰਨ ਦਾ ਮਾਣ ਬਖ਼ਸ਼ਣ ਲਈ ਪ੍ਰਿੰਸੀਪਲ ਪ੍ਰੋ. ਚਰਨਜੀਤ ਕੌਰ ਅਤੇ ਮੈਗਜ਼ੀਨ ਦੀ ਐਡਿਟੋਰੀਅਲ ਕਮੇਟੀ ਦਾ ਦਿਲੋਂ ਧੰਨਵਾਦ ਕੀਤਾ ਗਿਆ ਨਾਲ ਹੀ ਮੈਡਮ ਪ੍ਰਿੰਸੀਪਲ ਦੇ ਸਮੇਂ ਕਾਲਜ ਦੇ ਵਿੱਚ ਹੋਏ ਵਿਕਾਸ ਕਾਰਜਾਂ ਦੀ ਜ਼ੋਰਦਾਰ ਸ਼ਲਾਘਾ ਕੀਤੀ । ਮੰਚ ਸੰਚਾਲਕਾ ਦੀ ਭੂਮਿਕਾ ਪ੍ਰੋ. ਰਿਚਾ ਨੇ ਬਾਖੂਬੀ ਨਿਭਾਈ।

# ਸੁਖਬੀਰ ਵੱਲੋਂ ਡੇਰਾ ਪ੍ਰੇਮੀਆਂ ਦੀਆਂ ਵੋਟਾਂ ਮੰਗਣ ਕਰ ਕੇ ਅਕਾਲੀ ਦਲ ਛੱਡਿਆ: ਖੱਟੜਾ

**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬੇਅਦਬੀ ਮਾਮਲੇ ਵਿੱਚ ਵਿਸ਼ੇਸ਼ ਜਾਂਚ ਟੀਮ ਦੇ ਸਾਬਕਾ ਪੁਲੀਸ ਮੁਖੀ ਰਣਬੀਰ ਸਿੰਘ ਖੱਟੜਾ ਨੇ ਸੁਖਬੀਰ ਸਿੰਘ ਬਾਦਲ ਸਣੇ ਕਈ ਅਕਾਲੀ ਆਗੂਆਂ ਨੂੰ ਨਿਸ਼ਾਨੇ ’ਤੇ ਲਿਆ ਹੈ। ਉਨ੍ਹਾਂ ਕਿਹਾ, “ਸੁਖਬੀਰ ਸਿੰਘ ਬਾਦਲ ਨੇ ਡੇਰਾ ਸੱਚਾ ਸੌਦਾ ਸਿਰਸਾ ਦੀਆਂ ਵੋਟਾਂ ਲੈਣ ਲਈ ਗੁਰੂ ਗ੍ਰੰਥ ਸਾਹਿਬ ਦੀ ਆਸਥਾ ਨੂੰ ਛਿੱਕੇ ਟੰਗਿਆ ਸੀ, ਅਸੀਂ ਪ੍ਰੇਮੀਆਂ ਦੀਆਂ ਵੋਟਾਂ ਲੈਣ ਲਈ ਤਿਆਰ ਨਹੀਂ ਸੀ, ਜਿਸ ਕਾਰਨ ਅਸੀਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਵਾਪਸ ਕੀਤੀ ਤੇ ਪਾਰਟੀ ਛੱਡ ਦਿੱਤੀ।”



ਸ੍ਰੀ ਖੱਟੜਾ ਇੱਥੇ ਵਿਸ਼ੇਸ਼ ਤੌਰ ’ਤੇ ਗੱਲਬਾਤ ਕਰ ਰਹੇ ਸਨ। ਉਨ੍ਹਾਂ ਸਪੱਸ਼ਟ ਕਿਹਾ ਕਿ ਬੁਰਜ ਜਵਾਹਰ ਸਿੰਘ ਵਾਲਾ ਜਾਂ ਫਿਰ ਬਰਗਾੜੀ ਵਿੱਚ ਬੇਅਦਬੀ ਬਾਰੇ ਤੱਥ ਗੁਰਦੇਵ ਪ੍ਰੇਮੀ ਦੇ ਸਕਦਾ ਸੀ ਪਰ ਉਹ ਮਾਰ ਦਿੱਤਾ ਗਿਆ, ਜਿਸ ਤੋਂ ਬਾਅਦ ਡੇਰਾ ਪ੍ਰੇਮੀਆਂ ਬਾਰੇ ਪੱਕੇ ਸਬੂਤ ਮਿਲਣੇ ਮੁਸ਼ਕਲ ਹੋ ਗਏ। ਸੁਖਬੀਰ ਬਾਦਲ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਿਹਾ ਸੀ, “ਜੇ ਸਾਡੀ ਸਰਕਾਰ ਬਣੀ ਤਾਂ ਉਹ ਬੇਅਦਬੀ ਦੀ ਜਾਂਚ ਦੁਬਾਰਾ ਕਰਾਉਣਗੇ। ਖੱਟੜਾ ਨੇ ਕਿਹਾ ਕਿ ਪ੍ਰਦੀਪ ਕਲੇਰ ਦੇ ਬਿਆਨਾਂ ਤੋਂ ਸੁਖਬੀਰ ਸਣੇ ਸਾਰੇ ਹੀ ਮੰਨ ਗਏ ਸਨ ਕਿ ਡੇਰਾ ਪ੍ਰੇਮੀ ਹੀ ਬੇਅਦਬੀ ਦੇ ਦੋਸ਼ੀ ਹਨ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ, “ਅਕਾਲ ਤਖ਼ਤ ਸਾਹਿਬ ਕੋਲ ਅਸੀਂ ਪੱਖ ਰੱਖ ਆਏ ਹਾਂ, ਉਸ ਤੋਂ ਇਲਾਵਾ ਹੁਣ ਸਾਡਾ ਬਾਹਰ ਕਿਤੇ ਵੀ ਕੁਝ ਵੀ ਕਹਿਣਾ ਸਹੀ ਨਹੀਂ ਹੈ। ਅਸੀਂ ਰਣਬੀਰ ਖੱਟੜਾ ਵੱਲੋਂ ਲਗਾਏ ਦੋਸ਼ਾਂ ਬਾਰੇ ਹੁਣ ਕੁਝ ਨਹੀਂ ਕਹਿਣਾ ਚਾਹੁੰਦੇ।”

**ਖੱਟੜਾ ਦੇ ਹੱਥ ਸਿੱਖ ਨੌਜਵਾਨਾਂ ਦੇ ਖ਼ੂਨ ਨਾਲ ਰੰਗੇ: ਵਲਟੋਹਾ**

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਨੇ ਦੋਸ਼ ਲਾਉਂਦਿਆਂ ਕਿਹਾ, “ਸਾਬਕਾ ਐੱਸਐੱਸਪੀ ਰਣਬੀਰ ਸਿੰਘ ਖੱਟੜਾ ਦੇ ਹੱਥ ਸਿੱਖ ਨੌਜਵਾਨਾਂ ਦੇ ਖ਼ੂਨ ਨਾਲ ਰੰਗੇ ਹਨ ਅਤੇ ਅਕਾਲੀ ਦਲ ’ਤੇ ਹਮਲਾ ਕਰਨ ਲਈ ਹੁਣ ਪ੍ਰਦੀਪ ਕਲੇਰ ਤੋਂ ਬਾਅਦ ‘ਆਪ’ ਸਰਕਾਰ ਨੇ ਰਣਬੀਰ ਸਿੰਘ ਖੱਟੜਾ ਦੀ ਡਿਊਟੀ ਲਗਾਈ ਹੈ। ਰਣਬੀਰ ਸਿੰਘ ਖੱਟੜਾ ਜਦੋਂ ਬਟਾਲਾ, ਮਜੀਠਾ ਤੇ ਤਰਨ ਤਾਰਨ ਆਦਿ ਸਰਹੱਦੀ ਜ਼ਿਲ੍ਹਿਆਂ ਵਿੱਚ ਬਤੌਰ ਐੱਸਐੱਸਪੀ ਤਾਇਨਾਤ ਸਨ ਤਾਂ ਉਸ ਵੇਲੇ ਉਨ੍ਹਾਂ ਨਾ ਸਿਰਫ ਸਿੱਖ ਨੌਜਵਾਨਾਂ ’ਤੇ ਅੰਨ੍ਹਾ ਤਸ਼ੱਦਦ ਢਾਹਿਆ ਤੇ ਅਣਗਿਣਤ ਝੂਠੇ ਪੁਲੀਸ ਮੁਕਾਬਲੇ ਕੀਤੇ ਬਲਕਿ ਸਿੱਖ ਧੀਆਂ-ਭੈਣਾਂ ਨੂੰ ਬੇਪੱਤ ਕਰਨ ਦਾ ਕੰਮ ਵੀ ਕੀਤਾ।”

# ਮਾਂ ਦਾ ਪਹਿਲਾ ਦੁੱਧ ਬੱਚੇ ਲਈ ਵਰਦਾਨ : ਸਿਵਲ ਸਰਜਨ



**ਤਰਨ ਤਾਰਨ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾ. ਭਾਰਤ ਭੂਸ਼ਣ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਗਰਭਵਤੀ ਔਰਤਾਂ ਅਤੇ ਨਵ ਜਨਮੇ ਬੱਚਿਆਂ ਦੀਆਂ ਮਾਵਾ ਨੂੰ ਦੁੱਧ ਪਿਲਾਉਣ ਲਈ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਅੱਜ ਦਫਤਰ ਸਿਵਲ ਸਰਜਨ ਤਰਨ ਤਾਰਨ ਵਿਖੇ ਜਾਗਰੂਕਤਾ ਪੋਸਟਰ ਜਾਰੀ ਕੀਤੇ ਗਏ। ਇਸ ਮੌਕੇ ਸਿਵਲ ਸਰਜਨ ਤਰਨ ਤਾਰਨ ਨੇ ਕਿਹਾ ਗਰਭਵਤੀ ਔਰਤਾਂ ਤੇ ਮਾਵਾ ਨੂੰ ਸੰਬੋਧਨ ਕਰਦਿਆ ਕਿਹਾ ਕਿ ਮਾਂ ਦਾ ਦੁੱਧ ਬੱਚੇ ਲਈ ਵਰਦਾਨ ਹੈ ਅਤੇ ਇਹ ਨਵਜਨਮੇ ਬੱਚਿਆਂ ਲਈ ਸੰਪੂਰਨ ਅਹਾਰ ਹੁੰਦਾ ਹੈ। ਕਿਉਕਿ ਇਸ ਵਿੱਚ ਐਂਟੀਬਾਡੀਜ ਹੁੰਦੇ ਹਨ ਜ਼ੋ ਕਈ ਪ੍ਰਚਿੱਲਤ ਬਾਲ ਰੋਗਾ ਨੂੰ ਰੋਕਣ ਵਿੱਚ ਸਹਾਇਤਾ ਕਰਦੇ ਹਨ। ਉਹਨਾਂ ਕਿਹਾ ਕਿ ਮਾਂ ਦੇ ਦੁੱਧ ਦੀ ਮਹੱਤਤਾ ਸਬੰਧੀ ਹਫਤੇ ਦਾ ਇਸ ਸਾਲ ਦਾ ਥੀਮ ਪਾੜੇ ਨੂੰ ਘਟਾਉਣਾ . ਮਾਂ ਦਾ ਦੁੱਧ ਪਿਲਾਉਣ ਲਈ ਸਾਰਿਆਂ ਵੱਲੋ ਸਹਿਯੋਗ ਕਰਨਾ ਹੈ। ਇਸ ਦਾ ਮਕਸਦ ਹੈ ਕਿ ਇੱਕ ਮਾਂ ਨੂੰ ਆਪਣੇ ਬੱਚੇ ਨੂੰ ਦੁੱਧ ਪਿਲਾਉਣ ਲਈ ਢੁੱਕਵਾ ਵਾਤਾਵਰਣ ਮੁਹੱਈਆ ਕਰਵਾਉਣਾ ਤਾਂ ਜ਼ੋ ਉਹ ਅਰਾਮ ਨਾਲ ਅਤੇ ਗੁਪਤ ਤਰੀਕੇ ਨਾਲ ਬੱਚੇ ਨੂੰ ਦੁੱਧ ਪਿਲਾ ਸਕੇ। ਇਸ ਮੌਕੇ ਜਿਲ੍ਹਾ ਟੀਕਾਕਰਨ ਅਫਸਰ-ਕਮ -ਨੋਡਲ ਚਾਇਲਡ ਅਫਸਰ ਨੇ ਕਿਹਾ ਕਿ ਬੱਚੇ ਦੇ ਪਹਿਲੇ 6 ਮਹੀਨਿਆ ਤੱਕ ਸਿਰਫ ਮਾਂ ਦਾ ਦੁੱਧ ਹੀ ਪਿਲਾਉਣਾ ਚਾਹੀਦਾ ਹੈ। 6 ਮਹੀਨਿਆਂ ਤੋ ਬਾਅਦ ਮਾਂ ਦੇ ਦੁੱਧ ਦੇ ਨਾਲ ਦਾਲਾਂ ਜਾ ਚੌਲਾਂ ਦਾ ਪਾਣੀ , ਮੇਸ਼ ਕੀਤੇ ਹੋਏ ਫਲ ਆਦਿ ਦਿੱਤੇ ਜਾ ਸਕਦੇ ਹਨ . ਉਹਨਾ ਕਿਹਾ ਕਿ ਮੈ ਦਾ ਦੁੱਧ ਪਿਲਾਉਣਾ ਮਾਂ ਅਤੇ ਬੱਚੇ ਦੋਵਾ ਲਈ ਫਾਇਦੇਮੰਦ ਹੁੰਦਾ ਹੈ । ਮਾਂ ਦੇ ਦੁੱਧ ਵਿੱਚ ਮੌਜੂਦ ਵਿੱਚ ਪਹਿਲਾ ਪੀਲਾ ਗਾੜਾ ਦੁੱਧ ਨਵਜਨਮੇ ਬੱਚਿਆਂ ਦੇ ਸਿਹਤਮੰਦ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ । ਇਸ ਬੱਚਿਆਂ ਦੀ ਅਚਾਨਕ ਮੌਤ ਦੀ ਬਿਮਾਰੀ (ਆਈ.ਡੀ.ਐਸ.ਐਫ) ਦਸਤ ਕਬਜ ਆਦਿ ਬਿਮਾਰੀਆਂ ਤੋ ਵੀ ਬੱਚੇ ਦਾ ਬਚਾਅ ਕਰਦਾ ਹੈ ਉਹਨਾ ਕਿਹਾ ਕਿ ਦੁੱਧ ਪਿਲਾਉਣ ਵਾਲੀਆਂ ਮਾਵਾ ਨੂੰ ਛਾਤੀ ਅਤੇ ਉਵਰੀਜ ਦੇ ਕੈਂਸਰ , ਸ਼ੁੱਗਰ ਰੋਗ, ਮੋਟਾਪਾ ਆਦਿ ਦਾ ਖਤਰਾ ਵੀ ਘੱਟ ਜਾਦਾ ਹੈ। ਇਸ ਮੌਕੇ, ਡਾ. ਅਸ਼ੀਸ਼ ਗੁਪਤਾ ਜਿਲ੍ਹਾ ਪ੍ਰੀਵਾਰ ਭਲਾਈ ਅਫਸਰ , ਡਾ. ਸੁਖਬੀਰ ਸਿੰਘ ਜਿਲ੍ਹਾ ਸਿਹਤ ਅਫਸਰ, ਡਾ ਸਿਮਰਨ ਜਿਲ੍ਹਾ ਐਪੀਡਿਮੋਲੋਜਿਸਟ , ਡਾ. ਅਮਨਦੀਪ ਸਿੰਘ ਮੈਡੀਕਲ ਅਫਸਰ , ਡਾ.ਸੁਖਜਿੰਦਰ ਸਿੰਘ ਮੈਡੀਕਲ ਅਫਸਰ, ਡਾ.ਰਣਦੀਪ ਸਿੰਘ ਆਈ.ਡੀ.ਐਸ.ਪੀ. ਸ੍ਰੀ ਅਮਰਦੀਪ ਸਿੰਘ ਮਾਸ ਮੀਡੀਆ ਅਫਸਰ, ਸੰਦੀਪ ਸਿੰਘ ਕੰਪਿਊਟਰ ਅਸਿਸਟੈਂਟ ਆਦਿ ਹਾਜਰ ਸਨ।

# ਵਾਤਾਵਰਣ ਦੀ ਸੁੱਧਤਾ ਤੇ ਤੰਦਰੁਸਤ ਜੀਵਨ ਲਈ ਬੂਟੇ ਲਗਾਉਣੇ ਜਰੂਰੀ: ਮੌਣੀ ਭਾਂਖਰ



**ਸਨੌਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਸਾਦੀਪੁਰ ਦੇ ਆਗੂਆ ਨੇ ਸਰਦਾਰ ਬੂਟਾ ਸਿੰਘ ਸਾਦੀਪੁਰ ਦੀ ਅਗਵਾਈ ਵਿੱਚ ਬੂਟੇ ਲਾਉਣ ਦੀ ਮੁਹਿੰਮ ਸਕੱਤਰ ਸਰਦਾਰ ਜਸਵਿੰਦਰ ਸਿੰਘ ਮੌਣੀ ਭਾਂਖਰ ਦੀ ਦੇਖ ਰੇਖ ਚ ਲਗਾਤਾਰ ਜਾਰੀ। ਸਰਦਾਰ ਜਸਵਿੰਦਰ ਸਿੰਘ ਮੌਣੀ ਭਾਂਖਰ ਨੇ ਦੱਸਿਆ ਕੀ ਦਿਨੋ ਦਿਨ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਦੀ ਸੁਧਤਾ ਲਈ ਵੱਧ ਤੋਂ ਵੱਧ ਬੂਟੇ ਲਗਾ ਕੇ ਉਨਾ ਦੀ ਸਾਂਭ ਸੰਭਾਲ ਕਰਨੀ ਬਹੁਤ ਜਰੂਰੀ ਹੈ। ਰੁੱਖਾ ਨਾਲ ਵਾਤਾਵਰਣ ਦੀ ਸੁੱਧਤਾ ਵੱਧਣ ਨਾਲ ਜੀਵਨ ਵੀ ਤੰਦਰੁਸਤ ਰਹੇਗਾ । ਨਵੇਂ ਰੁੱਖ ਲਗਾਉਣ ਦੇ ਨਾਲ ਨਾਲ ਸਾਨੂੰ ਪੁਰਾਣੇ ਲੱਗੇ ਪਿੱਪਲ, ਬੋਹੜ ਤੇ ਹੋਰ ਦਰੱਖਤਾ ਦੀ ਵੀ ਸੰਭਾਲ ਕਰਨੀ ਚਾਹਿੰਦੀ ਹੈ ਦੱਸਿਆ ਕਿ ਵਣ ਵਿਭਾਗ ਦੇ ਮੁਲਾਜ਼ਮ ਦਰਸਨ ਸਿੰਘ ਨੇ ਵੀ 500 ਬੂਟਾ ਦੇ ਕੇ ਵਾਤਾਵਰਣ ਦੀ ਸੁੱਧਤਾ ਦੇ ਉਪਰਾਲੇ ਵਿੱਚ ਯੋਗਦਾਨ ਪਾ ਕੇ ਅਪਣੀ ਸੇਵਾ ਨਿਭਾਈ, ਇਹ ਬੂਟੇ ਸਨੌਰ, ਲਲੀਨਾ, ਬੱਲਾਂ,ਖੁੱਡਾ, ਸਾਦੀਪੁਰ ਭਾਂਖਰ, ਬੋਲੜ ਕਲਾਂ, ਬੋਲੜੀ, ਮੰਡੀ,ਦਿਵਾਨਵਾਲਾ,ਆਦਿ ਪਿੰਡਾ ਚ ਲਗਾ ਕੇ ਸਾਂਭ ਸੰਭਾਲ ਵੱਲ ਵੀ ਧਿਆਨ ਰੱਖਿਆ ਜਾਵੇਗਾ।ਇਸ ਮੌਕੇ ਗੁਰਚਰਨ ਸਿੰਘ ਹੰਜਰਾ ਸਨੌਰ,ਮਲਕੀਤ ਸਿੰਘ ਗਾਧੀ ਲਲੀਨਾ ਪ੍ਰਧਾਨ, ਲੱਖਾ ਸਿੰਘ ਸੰਧੂ ਸਾਦੀਪੁਰ,ਗੁਰਵੀਰ ਸਿੰਘ ਅਸਰਪੁਰ, ਦੇਵਰਾਜ ਪੰਡਿਤ ਆਦਿ ਮੌਜੂਦ ਸਨ।

# ਭਾਕਿਯੂ ਕ੍ਰਾਂਤੀਕਾਰੀ ਵੱਲੋਂ ਕਿਸਾਨਾਂ ਤੇ ਗੋਲੀਆਂ ਚਲਾਉਣ ਵਾਲੇ ਅਫਸਰਾਂ ਦੇ ਸਨਮਾਨ ਦਾ ਵਿਰੋਧ ਟਰੈਕਟਰ ਮਾਰਚ ਰਾਹੀਂ ਕੀਤਾ ਜਾਵੇਗਾ : ਬਲਜੀਤ ਕੌਰ ਮਖੂ

**ਜ਼ੀਰਾ ,10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਵੱਲੋਂ ਕੇ ਐੱਮ ਐੱਮ ਤੇ ਐਸ ਕੇ ਐੱਮ ਗ਼ੈਰ ਰਾਜਨੀਤਕ ਦੇ ਸਾਂਝੇ ਸੱਦੇ ਤੇ ਮਿਤੀ 15 ਅਗਸਤ ਨੂੰ ਕਿਸਾਨਾਂ ਦੀ ਕਾਤਲ ਭਾਜਪਾ ਸਰਕਾਰ ਵੱਲੋਂ ਆਪਣੀਆਂ ਮੰਗਾਂ ਨੂੰ ਪੂਰਾ ਕਰਾਉਣ ਲਈ ਦਿੱਲੀ ਜਾ ਰਹੇ ਕਿਸਾਨਾਂ ਤੇ ਅੰਨ੍ਹੇਵਾਹ ਤਸ਼ੱਦਦ ਢਾਉਣ ਵਾਲੇ ਪੁਲਿਸ ਅਫਸਰਾਂ ਨੂੰ ਸਨਮਾਨ ਦੇਣ ਦੇ ਵਿਰੋਧ ਵਿੱਚ ਟਰੈਕਟਰ ਮਾਰਚ ਵੀ 15 ਅਗਸਤ ਨੂੰ ਕੱਢਿਆ ਜਾਵੇਗਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ( ਕ੍ਰਾਂਤੀਕਾਰੀ ) ਪੰਜਾਬ ਤੋਂ ਮਹਿਲਾ ਵਿੰਗ ਦੀ ਸੂਬਾ ਆਗੂ ਬੀਬੀ ਬਲਜੀਤ ਕੌਰ ਮਖੂ ਪੱਤਰਕਾਰਾਂ ਕੋਲ ਕੀਤਾ। ਜਾਣਕਾਰੀ ਦਿੰਦਿਆਂ ਬੀਬੀ ਮਖੂ ਨੇ ਦੱਸਿਆ ਕਿ ਕਿਸਾਨ ਬੀਤੀ 13 ਫ਼ਰਵਰੀ ਤੋਂ ਸ਼ਾਂਤਮਈ ਤਰੀਕੇ ਨਾਲ ਕੇਂਦਰ ਦੀ ਭਾਜਪਾ ਹਕੂਮਤ ਵੱਲੋਂ ਪਿਛਲੇ ਕਿਸਾਨੀ ਅੰਦੋਲਨ ਦੌਰਾਨ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਾਉਣ ਲਈ ‘ਦਿੱਲੀ ਚੱਲੋ’ ਦੇ ਨਾਅਰੇ ਹੇਠ ਦਿੱਲੀ ਲਈ



ਟਰੈਕਟਰ ਟਰਾਲੀਆਂ ਉੱਪਰ ਰਵਾਨਾ ਹੋਏ ਸਨ ਪਰ ਹਰਿਆਣਾ ਦੀ ਭਾਜਪਾ ਸਰਕਾਰ ਨੇ ਨਿਹੱਥੇ ਕਿਸਾਨਾਂ ਨੂੰ ਰੋਕਣ ਲਈ ਓਹਨਾਂ ਉੱਪਰ ਅੰਨ੍ਹੇਵਾਹ ਗੋਲੀਆਂ ਚਲਾਈਆਂ, ਕਿਸਾਨਾਂ ਦੇ ਰਾਹਾਂ ਵਿੱਚ ਕਿੱਲ ਲਗਾਕੇ ਓਹਨਾਂ ਨੂੰ ਰੋਕਿਆ ਗਿਆ ਅਤੇ ਨੌਜਵਾਨ ਕਿਸਾਨ ਸ਼ਹੀਦ ਸ਼ੁਭਕਰਨ ਸਿੰਘ ਨੂੰ ਖਨੌਰੀ ਬਾਰਡਰ ਤੇ ਸਿੱਧੀ ਗੋਲੀ ਮਾਰਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਓਹਨਾਂ ਕਿਹਾ ਕਿ ਸ਼ੰਭੂ ਬਾਰਡਰ ਅਤੇ ਖਨੌਰੀ ਬਾਰਡਰ ਉੱਤੇ ਜਿਸ ਪ੍ਰਕਾਰ ਅੱਤਿਆਚਾਰ ਕਿਸਾਨਾਂ ਉੱਤੇ ਸਰਕਾਰ ਨੇ ਕਰਵਾਇਆ ਤੇ ਕਿਸਾਨਾਂ ਤੇ ਤਸ਼ੱਦਦ ਢਾਉਣ ਵਾਲੇ ਪੁਲਿਸ ਅਫਸਰਾਂ ਨੂੰ ਅਜਾਦੀ ਦਿਹਾੜੇ ਵਾਲੇ ਦਿਨ ਸਨਮਾਨਿਤ ਕਰਨਾ, ਇਹ ਭਾਜਪਾ ਦੀ ਕਿਸਾਨਾਂ ਪ੍ਰਤੀ ਸੌੜੀ ਸੋਚ ਜੱਗ ਜਾਹਰ ਹੋਈ ਹੈ ਤੇ ਇਸ ਅਜਾਦੀ ਦਿਹਾੜੇ ਮੌਕੇ ਇਹ ਅਹਿਸਾਸ ਕਰਵਾਇਆ ਜਾ ਰਿਹਾ ਹੈ ਕਿ ਦੇਸ਼ ਅੰਦਰ ਕਾਲੇ ਅੰਗਰੇਜ ਹਲੇ ਵੀ ਮੌਜੂਦ ਹਨ। ਇਸ ਦੌਰਾਨ ਬੀਬੀ ਬਲਜੀਤ ਕੌਰ ਮਖੂ ਨੇ ਕਿਹਾ ਕਿ ਭਾਜਪਾ ਵੱਲੋਂ ਇਹਨਾਂ ਪੁਲਿਸ ਅਫਸਰਾਂ ਦੇ ਸਨਮਾਨ ਸਮਾਗਮ ਦੇ ਵਿਰੋਧ ਵਿੱਚ ਕਿਸਾਨਾਂ ਵੱਲੋਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਟਰੈਕਟਰ ਮਾਰਚ ਕੀਤੇ ਜਾਣਗੇ । ਇਹਨਾਂ ਟਰੈਕਟਰ ਮਾਰਚਾਂ ਵਿੱਚ ਵੱਡੀ ਗਿਣਤੀ ਚ ਕਿਸਾਨ, ਮਜਦੂਰ, ਮਹਿਲਾਵਾਂ ਸ਼ਾਮਲ ਹੋਣਗੀਆਂ ਤੇ ਭਾਜਪਾ ਦੀ ਕਿਸਾਨਾਂ ਪ੍ਰਤੀ ਸੌੜੀ ਸੋਚ ਨੂੰ ਟਰੈਕਟਰ ਮਾਰਚ ਜਰੀਏ ਜੱਗ ਜਾਹਰ ਕੀਤਾ ਜਾਵੇਗਾ।

# ਸਕੂਲ ਸਿੱਖਿਆ ਬੋਰਡ ਦੇ ਬਰਖ਼ਾਸਤ ਕਲਰਕ ਬਹਾਲ ਕਰਨ ਦੀ ਮੰਗ

**ਰਾਜਪੁਰਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ 23 ਸਾਲ ਪਹਿਲਾਂ ਬੈਕਲਾਗ ਰਾਹੀਂ ਬਤੌਰ ਕਲਰਕ ਭਰਤੀ ਹੋਏ ਅਤੇ ਬਾਅਦ ਵਿਚ ਬਰਖ਼ਾਸਤ ਕਰ ਦਿੱਤੇ ਕਲਰਕਾਂ ਦਾ ਇਕ ਵਫ਼ਦ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਮੰਗ ਪੱਤਰ ਸੌਂਪਿਆ। ਬਰਖ਼ਾਸਤ ਕਲਰਕ ਮਨਜੀਤ ਸਿੰਘ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ 2001 ਵਿੱਚ 134 ਕਲਰਕਾਂ ਦੀ ਭਰਤੀ ਰੈਗੂਲਰ ਤੌਰ ’ਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੂਰੀ ਪ੍ਰਕਿਰਿਆ ਸੰਪੂਰਨ ਹੋਣ ਉਪਰੰਤ ਕੀਤੀ ਗਈ ਸੀ। 2002 ਵਿੱਚ ਸਰਕਾਰ ਦੇ ਬਦਲਣ ਨਾਲ ਉਸ ਸਮੇਂ ਦੀ ਮੌਜੂਦਾ ਸਰਕਾਰ ਨੇ ਨਵੰਬਰ/2003 ਵਿੱਚ ਉਨ੍ਹਾਂ ਨੂੰ ਕਸੂਰਵਾਰ ਠਹਿਰਾ ਕੇ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਨੌਕਰੀ ਬਹਾਲੀ ਲਈ ਕਿਧਰੇ ਵੀ ਕੋਈ ਸੁਣਵਾਈ ਨਾ ਹੋਈ। ਇਸ ਦੌਰਾਨ ਮੁੱਖ ਮੰਤਰੀ ਨੇ ਵਫ਼ਦ ਗੱਲ ਨੂੰ ਸੁਣਦਿਆਂ ਉਨ੍ਹਾਂ ਦੀ ਸਮੱਸਿਆ ਦੇ ਹੱਲ ਲਈ ਭਰੋਸਾ ਦਿੱਤਾ।

# ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਬਦਲੀਆਂ ਸਬੰਧੀ ਅਰਜ਼ੀ ਦੇਣ ਦੀ ਮਿਤੀ ਵਿੱਚ ਵਾਧਾ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਅੱਜ ਅਧਿਆਪਕਾਂ ਦੀਆਂ ਆਮ ਬਦਲੀਆਂ ਲਈ ਅਰਜ਼ੀਆਂ ਦੇਣ ਦੀ ਮਿਤੀ ਵਿੱਚ 10 ਅਗਸਤ, 2024 ਤੱਕ ਵਾਧਾ ਕਰ ਦਿੱਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਅਧਿਆਪਕਾਂ ਦੀਆਂ ਬਦਲੀਆਂ ਸਬੰਧੀ ਪੋਰਟਲ 25 ਜੁਲਾਈ 2024 ਤੋਂ 5 ਅਗਸਤ 2024 ਤੱਕ ਖੋਲ੍ਹਿਆ ਗਿਆ ਸੀ ਪਰੰਤੂ ਵੈਬਸਾਈਟ ਡਾਊਨ ਹੋਣ ਕਾਰਨ ਅਧਿਆਪਕ ਆਪਣੀਆਂ ਅਰਜ਼ੀਆਂ ਦਾਇਰ ਨਹੀਂ ਕਰ ਸਕੇ।

ਜਿਸ ਨੂੰ ਧਿਆਨ ਵਿੱਚ ਰੱਖਦਿਆਂ ਬਦਲੀਆਂ ਸਬੰਧੀ ਆਨਲਾਈਨ ਅਰਜ਼ੀਆਂ ਦੇਣ ਦੀ ਮਿਤੀ ਵਿੱਚ 10 ਅਗਸਤ 2024 ਤੱਕ ਵਾਧਾ ਕੀਤਾ ਗਿਆ ਹੈ।

# ਟਿਊਬਵੈੱਲ ਤੇ ਰੁੱਖ ਲਗਾਈਏ ਧਰਤੀ ਮਾਂ ਨੂੰ ਬਚਾਈਏ ਮੁਹਿੰਮ ਅਧੀਨ ਵੰਡੇ ਗਏ ਬੂਟੇ

**ਬਠਿੰਡਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਖੇਤੀਬਾੜੀ ਅਫ਼ਸਰ ਬਠਿੰਡਾ ਡਾ ਜਗਸੀਰ ਸਿੰਘ ਜੀ ਦੀ ਅਗਵਾਈ ਹੇਠ ਵਣ ਵਿਭਾਗ ਦੇ ਸਹਿਯੋਗ ਨਾਲ ਚਲਾਈ ਜਾ ਰਹੀ ਮੁਹਿੰਮ ਟਿਊਬਵੈੱਲ ਤੇ ਰੁੱਖ ਲਗਾਈਏ ਧਰਤੀ ਮਾਂ ਨੂੰ ਬਚਾਈਏ ਅਧੀਨ ਬਲਾਕ ਬਠਿੰਡਾ ਦੇ ਸਾਰੇ ਪਿੰਡਾਂ ਵਿਚ ਬੂਟਿਆਂ ਦੀ ਵੰਡ ਕੀਤੀ ਜਾ ਰਹੀ ਹੈ। ਇਸੇ ਲੜੀ ਅਧੀਨ ਅੱਜ ਪਿੰਡ ਬਲਾਹਰ ਵਿੰਝੂ ਵਿਖੇ ਬੂਟਿਆਂ ਦੀ ਵੰਡ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਾ ਸਰਬਜੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ (ਗੋਨਿਆਣਾ) ਜੀ ਨੇ ਦੱਸਿਆ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਵਣ ਵਿਭਾਗ ਦੇ ਸਹਿਯੋਗ ਨਾਲ ਕਿਸਾਨਾਂ ਨੂੰ ਬੂਟਿਆਂ ਦੀ ਮੁਫਤ ਵੰਡ ਕੀਤੀ ਜਾ ਰਹੀ ਹੈ।

ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਇਸ ਬਰਸਾਤੀ ਮੌਸਮ ਦੌਰਾਨ ਹਰੇਕ ਕਿਸਾਨ ਨੂੰ ਆਪਣੇ ਟਿਊਬਵੈੱਲ ਤੇ ਘੱਟੋ ਘੱਟ 5-5 ਰੁੱਖਾਂ ਨੂੰ ਲੱਗਾ ਕੇ ਵਾਤਾਵਰਨ ਨੂੰ ਹਰਾ ਭਰਾ ਬਣਾਉਣ ਵਿੱਚ ਸਹਿਯੋਗ ਦੇਣਾ ਚਾਹੀਦਾ ਹੈ ਅਤੇ ਕਿਸਾਨ ਵੀਰ ਇਨ੍ਹਾਂ ਬੂਟਿਆਂ ਨੂੰ ਲਗਾਉਣ ਦੇ ਨਾਲ ਨਾਲ ਬੂਟਿਆਂ ਦੀ ਦੇਖਭਾਲ ਵੀ ਕਰਨ ਤਾਂ ਜੋ ਗਲੋਬਲ ਵਾਰਮਿੰਗ ਨਾਲ ਵਧ ਰਹੇ ਤਾਪਮਾਨ ਨੂੰ ਘਟਾਇਆ ਜਾ ਸਕੇ।

# ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕੁਦਰਤੀ ਖੇਤੀ ਫਾਰਮ ਧੀਰੇਕੋਟ ਦਾ ਕੀਤਾ ਦੌਰਾ

**ਅੰਮ੍ਰਿਤਸਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ ਖਾਦਾਂ ਅਤੇ ਦਵਾਈਆਂ ਦੀ ਵਰਤੋਂ ਨੂੰ ਘਟਾਉਣ ਅਤੇ ਕੁਦਰਤੀ ਖੇਤੀ ਦੀਆਂ ਸੰਭਾਵਨਾਵਾਂ ਜਾਣਨ ਲਈ ਖੇਤੀਬਾੜੀ ਮੰਤਰੀ ਪੰਜਾਬ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕੁਦਰਤੀ ਖੇਤੀ ਫਾਰਮ ਧੀਰੇਕੋਟ ਜਿਲ੍ਹਾ ਅੰਮ੍ਰਿਤਸਰ ਦਾ ਦੌਰਾ ਕੀਤਾ।



ਖੇਤੀਬਾੜੀ ਮੰਤਰੀ ਪੰਜਾਬ ਸ. ਗੁਰਮੀਤ ਸਿੰਘ ਖੁੱਡੀਆਂ ਕੁਦਰਤੀ ਖੇਤੀ ਫਾਰਮ ਧੀਰੇਕੋਟ ਦਾ ਦੌਰਾ ਕਰਦੇ ਹੋਏ।

ਉਹਨਾਂ ਨੇ ਫਾਰਮ ਤੇ 32 ਏਕੜ ਰਕਬੇ ਵਿੱਚ ਆਰਗੈਨਿਕ ਵਿਧੀ ਨਾਲ ਬੀਜੀਆਂ ਵੱਖ-ਵੱਖ ਫਸਲਾਂ ਕਮਾਦ, ਹਲਦੀ, ਬਾਸਮਤੀ, ਸਬਜੀਆਂ, ਦਾਲਾਂ, ਫਲਦਾਰ ਰੁੱਖਾਂ ਦਾ ਮੁਆਇਨਾਂ ਕੀਤਾ। ਇਸ ਦੌਰਾਨ ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਸ. ਤਜਿੰਦਰ ਸਿੰਘ ਅਤੇ ਫਾਰਮ ਇੰਚਾਰਜ ਸ.ਰਾਜਬੀਰ ਸਿੰਘ ਨੇ ਫਸਲਾਂ ਵਿਚ ਆਰਗੈਨਿਕ ਵਿਧੀਆਂ ਰਾਹੀਂ ਤੱਤਾਂ ਦੀ ਪੂਰਤੀ, ਕੀੜੇ-ਮਕੌੜੇ ਅਤੇ ਬੀਮਾਰੀਆਂ ਦੀ ਰੋਕਥਾਮ ਸਬੰਧੀ ਜਾਣੂ ਕਰਵਾਇਆ।

ਉਹਨਾਂ ਦੱਸਿਆ ਕਿ ਇਸ ਫਾਰਮ ਤੇ ਸਾਰੀਆਂ ਫਸਲਾਂ ਬਿਨਾਂ ਕਿਸੇ ਰਸਾਇਣ ਦੀ ਵਰਤੋਂ ਕਰਕੇ ਪੈਦਾ ਕੀਤੀਆ ਜਾਂਦੀਆ ਹਨ ਅਤੇ ਪ੍ਰੋਸੈਸਿੰਗ ਕੀਤੀ ਜਾਂਦੀ ਹੈ।

ਇਸ ਮੌਕੇ ਵਿਸ਼ਾ ਵਸਤੂ ਮਾਹਿਰ ਜੋਗਰਾਜਬੀਰ ਸਿੰਘ ਗਿੱਲ, ਰਮਨ ਕੁਮਾਰ, ਖੇਤੀਬਾੜੀ ਅਫਸਰ ਭੁਪਿੰਦਰ ਸਿੰਘ, ਖੇਤੀਬਾੜੀ ਵਿਕਾਸ ਅਫਸਰ ਲਵਪ੍ਰੀਤ ਸਿੰਘ, ਸੁਖਰਾਜ ਸਿੰਘ ਸਿੱਧੂ, ਖੇਤੀਬਾੜੀ ਵਿਸਥਾਰ ਅਫਸਰ ਬਲਜਿੰਦਰ ਸਿੰਘ, ਹਰਕੀਰਤ ਸਿੰਘ, ਉਪਕਾਰ ਸਿੰਘ ਆਦਿ ਹਾਜਰ ਸਨ।

# ਨਗਰ ਨਿਗਮ ਕਮਿਸ਼ਨਰ ਡਾ.ਸੇਨੂ ਦੁੱਗਲ ਅਬੋਹਰ ਦੇ ਨਹਿਰੂ ਪਾਰਕ ਵਿਖੇ ਸੁਣਨਗੇ ਲੋਕਾਂ ਦੀਆਂ ਸਮੱਸਿਆਵਾਂ

**ਫਾਜ਼ਿਲਕਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਲੋਕਾਂ ਦੀਆਂ ਬਰੂਹਾਂ ਤੱਕ ਪਹੁੰਚ ਕਰਕੇ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਵਾਕ ਵਿਦ ਕਮਿਸ਼ਨਰ ਥੀਮ ਤਹਿਤ ਨਗਰ ਨਿਗਮ ਅਬੋਹਰ ਕਮਿਸ਼ਨਰ—ਕਮ—ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਵੱਲੋਂ 8 ਅਗਸਤ ਨੂੰ ਅਬੋਹਰ ਦੇ ਨਹਿਰੂ ਪਾਰਕ ਵਿਖੇ ਸਵੇਰ ਸਮੇਂ ਪਹੁੰਚ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣਗੀਆਂ ਤੇ ਉਨ੍ਹਾਂ ਦਾ ਨਿਪਟਾਰਾ ਕੀਤਾ ਜਾਵੇਗਾ।ਇਸ ਮੌਕੇ ਉਨ੍ਹਾਂ ਨਾਲ ਨਗਰ ਨਿਗਮ ਤੇ ਹੋਰ ਵਿਭਾਗਾਂ ਅਧਿਕਾਰੀ ਵੀ ਹੋਣਗੇ।



ਨਗਰ ਨਿਗਮ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਦੱਸਿਆ ਕਿ ਸਵੇਰ ਦੀ ਸੈਰ ਸਮੇਂ 7 ਵਜੇ ਤੋਂ 8 ਵਜੇ ਤੱਕ ਅਬੋਹਰ ਦੇ ਨਹਿਰੂ ਪਾਰਕ ਵਿਖੇ ਪਹੁੰਚ ਕੇ ਨਗਰ ਨਿਗਮ ਨਾਲ ਸਬੰਧਤ ਵਸਨੀਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੀਆਂ ਵਿਸ਼ੇਸ਼ ਹਦਾਇਤਾਂ ਹਨ ਕਿ ਲੋਕਾਂ ਨੂੰ ਸਰਕਾਰੀ ਵਿਭਾਗਾਂ ਨਾਲ ਕੰਮਾਂ ਵਿੱਚ ਕਿਸੇ ਤਰਾਂ ਦੀ ਪਰੇਸ਼ਾਨੀ ਨਾ ਆਵੇ , ਇਸੇ ਤਹਿਤ ਆਦੇਸ਼ਾਂ ਨੂੰ ਜ਼ਿਲ੍ਹੇ ਅੰਦਰ ਸਖਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ।

ਡਾ. ਦੁੱਗਲ ਨੇ ਕਿਹਾ ਕਿ ਲੋਕਾਂ ਦੀਆਂ ਬਰੂਹਾਂ ਤੱਕ ਪ੍ਰਸ਼ਾਸਨ ਖੁਦ ਪਹੁੰਚ ਰਿਹਾ ਹੈ ਤੇ ਲੜੀਵਾਰ ਕੈਂਪ ਵੀ ਲਗਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਕ ਛੱਤ ਹੇਠ ਵਿਭਾਗਾਂ ਵੱਲੋਂ ਬੈਠ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਜਾ ਰਹੀਆਂ ਹਨ ਤੇ ਹਲ ਵੀ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਹਰੇਕ ਸ਼ਹਿਰੀ ਤੇ ਪੇਂਡੂ ਖੇਤਰ ਨੂੰ ਕੈਂਪਾਂ ਰਾਹੀਂ ਕਵਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋ ਵੀ ਵੱਧ ਚੜ੍ਹ ਕੇ ਕੈਂਪਾਂ ਵਿਚ ਸ਼ਮੂਲੀਅਤ ਕਰਕੇ ਸਮੱਸਿਆਵਾਂ ਦਾ ਹਲ ਕਰਵਾਇਆ ਜਾ ਰਿਹਾ ਹੈ।

ਉਨ੍ਹਾਂ ਨਗਰ ਨਿਗਮ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ 8 ਅਗਸਤ ਨੂੰ ਸਵੇਰ ਦੀ ਸੈਰ ਸਮੇਂ ਨਹਿਰੂ ਪਾਰਕ ਵਿਖੇ ਪਹੁੰਚਿਆ ਜਾਵੇ ਤੇ ਆਪਣੀ ਸਮੱਸਿਆ ਦਾ ਹਲ ਕਰਵਾਇਆ ਜਾਵੇ।

**ਜ਼ਿਲ੍ਹਾ ਪ੍ਰਸ਼ਾਸਨ ਨੇ ਰੌਸ਼ਨਵਾਲਾ ਵਿਖੇ ਮਨਾਇਆ ਵਣ ਮਹਾਂਉਤਸਵ**

# ਡੀ.ਸੀ ਜਤਿੰਦਰ ਜੋਰਵਾਲ ਨੇ ਲੋਕਾਂ ਨੂੰ ਵੱਧ ਤੋਂ ਵੱਧ ਬੂਟੇ ਲਾਉਣ ਦੀ ਕੀਤੀ ਅਪੀਲ

**ਸੰਗਰੂਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿੱਚ ਵਾਤਾਵਰਨ ਦੀ ਸੰਭਾਲ ਲਈ ਹਰਿਆਵਲ ਨੂੰ ਵਧਾਉਣ ਦੇ ਉਦੇਸ਼ ਨਾਲ ਕਰੀਬ 11 ਲੱਖ ਬੂਟੇ ਲਾਉਣ ਦਾ ਟੀਚਾ ਹੈ ਅਤੇ ਇਸ ਟੀਚੇ ਨੂੰ ਸਾਕਾਰ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਿਨ-ਰਾਤ ਇੱਕ ਕਰਕੇ ਕੰਮ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਪਿੰਡ ਰੌਸ਼ਨਵਾਲਾ ’ਚ ਬਣੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਸਰਕਾਰੀ ਕਾਲਜ ਵਿੱਚ ਜ਼ਿਲਾ ਪੱਧਰੀ ਵਣਮਹਾਂਉਤਸਵ ਮੌਕੇ ਬੂਟੇ ਲਾਉਣ ਉਪਰੰਤ ਸਾਂਝੀ ਕੀਤੀ। ਇਸ ਮੌਕੇ ਉਨ੍ਹਾਂ ਨਾਲ ਪਨਸੀਡ ਦੇ ਚੇਅਰਮੈਨ ਮਹਿੰਦਰ ਸਿੰਘ ਸਿੱਧੂ, ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ ਅਤੇ ਮਾਰਕਿਟ ਕਮੇਟੀ ਸੰਗਰੂਰ ਦੇ ਚੇਅਰਮੈਨ ਅਵਤਾਰ ਸਿੰਘ ਈਲਵਾਲ ਨੇ ਵੀ ਬੂਟੇ ਲਾਉਣ ਦੀ ਮੁਹਿੰਮ ਵਿੱਚ ਹਿੱਸਾ ਪਾਇਆ।



ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਾਤਾਵਰਨ ਦੀ ਸੰਭਾਲ ਵੱਲ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਸਾਰੀ ਦੁਨੀਆਂ ਵਾਤਾਵਰਨ ਸਬੰਧੀ ਮੁਸ਼ਕਲਾਂ ਨਾਲ ਜੂਝ ਰਹੀ ਹੈ ਤਾਂ ਵਾਤਾਵਰਨ ਸੰਭਾਲ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜੇ ਵਾਤਾਵਰਨ ਸਾਫ਼ ਹੋਵੇਗਾ ਤਾਂ ਅਸੀਂ ਸਾਫ਼ ਹਵਾ ਵਿੱਚ ਸਾਹ ਲੈ ਸਕਾਂਗੇ ਤੇ ਬਿਮਾਰੀਆਂ ਤੋਂ ਬਚੇ ਰਹਾਂਗੇ। ਇਸ ਦੇ ਨਾਲ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਸਾਫ਼ ਸੁਥਰਾ ਤੇ ਹਰਿਆਵਲ ਭਰਪੂਰ ਵਾਤਾਵਰਨ ਮਿਲ ਸਕੇਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਮੁਹਿੰਮ ਤਹਿਤ ਜ਼ਿਲ੍ਹੇ ਅੰਦਰ ਵੱਖ-ਵੱਖ ਸਰਕਾਰੀ ਦਫਤਰਾਂ ਦੀਆਂ ਇਮਾਰਤਾਂ, ਪੰਚਾਇਤੀ ਜ਼ਮੀਨਾਂ ਤੇ ਹੋਰ ਖਾਲੀ ਥਾਵਾਂ ’ਤੇ ਬੂਟੇ ਲਗਾਏ ਜਾ ਰਹੇ ਹਨ। ਉਨ੍ਹਾਂ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਬੂਟੇ ਲਗਾਉਣ ਦੀ ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਯੋਗਦਾਨ ਦਿੱਤਾ ਜਾਵੇ ਤਾਂ ਜੋ ਸੰਗਰੂਰ ਜ਼ਿਲ੍ਹੇ ਨੂੰ ਹਰਿਆ ਭਰਿਆ ਬਣਾਇਆ ਜਾ ਸਕੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਹੁਣ ਬਹੁਤ ਹੀ ਚੰਗਾ ਮੌਸਮ ਹੈ, ਜਿਸ ਵਿਚ ਬਹੁਤ ਸਾਰੇ ਬੂਟੇ ਲਗਾਏ ਜਾ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਮਿਸ਼ਨ ਗ੍ਰੀਨ ਨੂੰ ਸਫਲ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਾਉਣ ਅਤੇ ਸਾਂਭ ਸੰਭਾਲ ਵਿੱਚ ਸਹਿਯੋਗ ਵੀ ਦੇਣ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਜੀਤ ਵਾਲੀਆ, ਐੱਸ.ਡੀ.ਐਮ. ਭਵਾਨੀਗੜ੍ਹ ਵਿਨੀਤ ਕੁਮਾਰ, ਸਹਾਇਕ ਕਮਿਸ਼ਨਰ (ਯੂ.ਟੀ.) ਡਾ. ਆਦਿੱਤਿਆ ਸ਼ਰਮਾ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸੁਖਚੈਨ ਸਿੰਘ ਪਾਪੜਾ, ਕਾਲਜ ਪ੍ਰਿੰਸੀਪਲ ਤੇ ਸਟਾਫ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਪਤਵੰਤੇ ਹਾਜ਼ਰ ਸਨ।

# ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਲਈ ਪਰਮਿੰਦਰ ਭਲਵਾਨ ਅਤੇ ਉਨ੍ਹਾਂ ਦੀ ਟੀਮ ਨੂੰ ਐਸ ਐਸ ਪੀ ਰਵਜੋਤ ਗਰੇਵਾਲ ਨੇ ਕੀਤਾ ਸਨਮਾਨਿਤ

**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਿਆਂ ਵਿਰੁੱਧ ਲੰਮੇ ਸਮੇਂ ਤੋਂ ਕੰਮ ਕਰ ਰਹੀਆਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵਲੋਂ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਕੀਤੇ ਜਾ ਰਹੇ ਕੰਮਾਂ ਲਈ ਐਸ ਐਸ ਪੀ ਸ੍ਰੀ ਫ਼ਤਹਿਗੜ੍ਹ ਸਾਹਿਬ ਰਵਜੋਤ ਕੋਰ ਗਰੇਵਾਲ ਆਈ ਪੀ ਐਸ ਅਤੇ ਐਸ ਪੀ ਡੀ ਰਾਕੇਸ਼ ਯਾਦਵ ਵਲੋਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੇ ਸਰਪ੍ਰਸਤ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੂੰ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਡੀ ਐਸ ਪੀ ਰਾਜੇਸ਼ ਛਿੰਬਰ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਉਪਕਾਰ ਸਿੰਘ, ਸਟੇਟ ਐਵਾਰਡੀ ਰੁਪਿੰਦਰ ਕੌਰ, ,ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਜਪਨੀਤ ਸਿੰਘ, ਲੱਕੀ ਹਰਦਾਸਪੁਰ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਐਸ ਐਸ ਪੀ ਸ੍ਰੀ ਫ਼ਤਹਿਗੜ੍ਹ ਸਾਹਿਬ ਰਵਜੋਤ ਕੋਰ ਗਰੇਵਾਲ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਨਸ਼ਿਆਂ ਵਿਰੁੱਧ ਪਬਲਿਕ ਨੂੰ ਜਾਗਰੂਕ ਕਰਨ ਲਈ ਪੰਜਾਬ ਪੁਲਿਸ ਨੂੰ ਸਹਿਯੋਗ ਦੇਣ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਨਸ਼ੇ ਸਾਡੇ ਸਮਾਜ ਨੂੰ ਘੁਣ ਵਾਂਗ ਖੋਖਲਾ ਕਰਦੇ ਜਾ ਰਹੇ ਹਨ ਨਸ਼ਿਆਂ ਕਾਰਨ ਪੰਜਾਬ ਦੀ ਜਵਾਨੀ ਮੌਤ ਦੇ ਮੂੰਹ ਵਿੱਚ ਜਾ ਰਹੀ ਹੈ ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ ਨਸ਼ਿਆਂ ਵਿਰੁੱਧ ਲੜਾਈ ਲੜਨ ਲਈ ਅੱਗੇ ਆਉਣਾ ਪਵੇਗਾ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸਾ ਮੁਕਤ ਸਮਾਜ ਦੇ ਸਕਾਂਗੇ।

ਉਹਨਾਂ ਕਿਹਾ ਕਿ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿਮ ਵਿੱਚ ਪਬਲਿਕ ਅਤੇ ਨੌਜਵਾਨਾਂ ਨੂੰ ਅੱਗੇ ਆ ਕੇ ਸਹਿਯੋਗ ਕਰਨਾ ਚਾਹੀਦਾ ਹੈ ਉਹਨਾਂ ਕਿਹਾ ਕਿ ਨਸਾ ਤਸਕਰਾਂ ਦੀ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ ਪੁਲਿਸ ਵੱਲੋਂ ਗੁਪਤ ਰੱਖਿਆ ਜਾਂਦਾ ਹੈ , ਉਹਨਾਂ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ, ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਜੋ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਹੋਈ ਹੈ ਉਹੋ ਬਹੁਤ ਹੀ ਸ਼ਲਾਘਾਯੋਗ ਹੈ ਅਤੇ ਉਹੋ ਇਸ ਮੁਹਿੰਮ ਵਿਚ ਹਰ ਸੰਭਵ ਮਦਦ ਕਰਨਗੇ। ਇਸ ਮੌਕੇ ਨੌਜਵਾਨਾਂ ਨੂੰ ਡਰੱਗ ਫਰੀ ਵਲੱਡ ਵਲੋਂ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਕਿਤਾਬਾ ਵੀ ਵੰਡੀਆਂ ਗਈਆਂ।



ਐਸ ਐਸ ਪੀ ਸ੍ਰੀ ਫ਼ਤਹਿਗੜ੍ਹ ਸਾਹਿਬ ਰਵਜੋਤ ਗਰੇਵਾਲ, ਐਸ ਪੀ ਡੀ ਰਾਕੇਸ਼ ਯਾਦਵ , ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੂੰ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਜਾਗਰੂਕਤਾ ਪ੍ਰੋਗਰਾਮਾ ਲਈ ਸਨਮਾਨਿਤ ਕਰਦੇ ਹੋਏ।

# 11000 ਬੋਲਟ ਬਿਜਲੀ ਵਾਲੀ ਲਾਇਨ ਸਨੌਰ ਦੇ ਪਿੰਡ ਕਰਨਪੁਰ ਦੁਆਲੇ ਵਜਾ ਰਹੀ ਖਤਰੇ ਦਾ ਘੁੱਗੂ

**ਸਨੌਰ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਨੌਰ ਦੇ ਪਿੰਡ ਕਰਨਪੁਰ ਦੀ ਫਿਰਨੀ ਦੀ ਸੜਕ ਕਿਨਾਰੇ ਘਰਾਂ ਕੋਲ ਦੀ ਲੰਘ ਰਹੀ 11000 ਬੋਲਟ ਦੀ ਬਿਜਲੀ ਸਪਲਾਈ ਵਾਲੀ ਲਾਇਨ ਕਾਰਨ ਆਏ ਦਿਨ ਹਾਦਸੇ ਹੁੰਦੇ ਹਨ। ਸੜਕ ਪਹਿਲਾ ਹੀ ਕਾਫੀ ਤੰਗ ਹੈ ਇਸ ਬਿਜਲੀ ਲਾਇਨ ਦੇ ਖੰਭੇ ਸੜਕ ਤੇ ਘਰਾਂ ਬਹਾਰ ਲਗਾਏ ਗਏ। ਬਿਜਲੀ ਲਾਇਨ ਦੀਆ ਤਾਰਾਂ ਘਰਾਂ ਉਪਰੋਂ ਲੰਘਣ ਕਾਰਨ ਆਉਣ ਵਾਲੇ ਸਮੇਂ 'ਚ ਕਦੇ ਵੀ ਜਾਨੀ, ਮਾਲੀ ਨੁਕਸਾਨ ਹੋ ਸਕਦਾ ਹੈ। ਕੁਝ ਦਿਨ ਪਹਿਲਾ ਇਹ ਬਿਜਲੀ ਲਾਇਨ ਦਾ ਖੰਭਾ ਇੱਕ ਸਕੂਲ ਦੀ ਬੱਸ ਦੀ ਟੱਕਰ ਹੋਣ ਕਾਰਨ ਟੁੱਟ ਗਿਆ ਸੀ। ਬੱਸ ਵਿੱਚ ਬੱਚੇ ਵੀ ਸਵਾਰ ਸਨ ਲਾਇਟ ਵੀ ਆ ਰਹੀ ਸੀ ਪਰਮਾਤਮਾ ਨੇ ਸੁੱਖ ਰਖੀ ਬਚਾਅ ਹੋ ਗਿਆ। ਬਾਅਦ 'ਚ ਬਿਜਲੀ ਮਹਿਕਮੇ ਵੱਲੋ ਨਵਾਂ ਬਿਜਲੀ ਦਾ ਖੰਭਾ ਲਗਾ ਦਿੱਤਾ ਪਰ ਇਸ ਤੋਂ ਪਹਿਲਾ ਵੀ ਇਸ ਪਿੰਡ ਦੀ ਫਿਰਨੀ ਦੇ ਘਰਾਂ ਉਪਰੋਂ ਲੰਘ ਰਹੀ ਇਸ ਬਿਜਲੀ ਦੀ ਲਾਇਨ ਕਾਰਨ ਹਾਦਸੇ ਵਾਪਰ ਚੁੱਕੇ ਹਨ। ਪਿੰਡ ਦੇ ਬੱਸ ਅੱਡੇ ਤੋਂ ਘਨੌਰ ਨੂੰ ਜਾ ਰਹੀ ਸੜਕ ਫਿਰਨੀ ਤੇ ਹਰ ਵੇਲੇ ਅਵਾਜਾਈ ਰਹਿੰਦੀ ਹੈ ਜਿਸ ਕਾਰਨ ਕਈ ਵਾਰ ਮਿੱਟੀ ਨਾਲ ਭਰੀ ਟਰਾਲੀ ਵੀ ਟਰੈਕਟਰ ਸਮੇਤ ਬਿਜਲੀ ਦੇ ਖੰਭੇ 'ਚ ਵੱਜਦੀਆਂ ਹਨ ਜਿਸ ਕਾਰਨ ਪੂਰੀ ਬਿਜਲੀ ਦੀ ਲਾਇਨ ਹਿਲ ਜਾਂਦੀ ਹੈ ਤੇ ਘਰਾਂ ਉਪਰ ਡਿੱਗਣ ਦਾ ਖਤਰਾ ਪੈਦਾ ਹੋ ਜਾਂਦਾ ਹੈ। ਇਨ੍ਹਾਂ ਗੱਲਾ ਦਾ ਪ੍ਰਗਟਾਵਾ ਰਾਮਇਸਰ ਸਿੰਘ ਭਗਤ ਕਰਨਪੁਰ ਨੇ ਕੀਤਾ। ਉਨ੍ਹਾਂ ਦੱਸਿਆ ਕਿ ਇਸ ਬਿਜਲੀ ਦੀ ਲਾਇਨ ਤੋਂ ਕਰੰਟ ਨਾਲ ਪਿੰਡ ਕਰਨਪੁਰ ਦੇ ਵਿਅਕਤੀ ਨਾਮ ਜਸਵੰਤ ਪਿਤਾ ਪ੍ਰੇਮ ਦਾਸ ਦੀ ਮੌਤ ਹੋ ਗਈ, ਜੋ ਕਿ ਰਾਜਗਿਰੀ ਦਾ ਕੰਮ ਕਰਦਾ ਸੀ। ਉਸ ਸਮੇਂ ਪਿੰਡ ਦੀ ਫਿਰਨੀ ਕੋਲ ਇਕ ਮਕਾਨ ਤੇ ਟਾਇਲਾ ਲਗਾ ਰਿਹਾ ਸੀ ਅਚਾਨਕ ਮਿਸਤਰੀ ਜਸਵੰਤ ਦਾ ਹੱਥ ਮਕਾਨ ਕੋਲੋ ਲੰਘ ਰਹੀਆ ਬਿਜਲੀ ਦੀਆਂ ਤਾਰਾਂ ਨਾਲ ਲੱਗ ਗਿਆ। ਹੱਥ 'ਚ ਕੰਮ ਕਰਨ ਵਾਲਾ ਸਾਧਨ ਫੜਿਆ ਹੋਇਆ ਸੀ ਬਿਜਲੀ ਦੀਆਂ ਤਾਰਾਂ ਤੋਂ ਕਰੰਟ ਲੱਗਣ ਕਾਰਨ ਮਿਸਤਰੀ ਜਸਵੰਤ ਸਿੰਘ ਦੀ ਮੌਕੇ ਤੇ ਹੀ ਮੌਤ ਹੋ ਗਈ ਸੀ। ਉਸ ਤੋਂ ਬਾਅਦ ਵੀ ਬਿਜਲੀ ਦੀ ਲਾਇਨ ਪਿੰਡੋ ਬਹਾਰ ਨੂੰ ਲਿਜਾਣ ਦਾ ਕੋਈ ਪ੍ਰਬੰਧ ਨਾ ਕੀਤਾ ਗਿਆ। ਰਾਮਇਸਰ ਸਿੰਘ ਭਗਤ ਕਰਨਪੁਰ ਨੇ ਜਲਦ ਹੀ ਇਸ ਬਿਜਲੀ ਸਪਲਾਈ ਵਾਲੀ ਲਾਇਨ ਨੂੰ ਪਿੰਡ ਤੋਂ ਬਾਹਰ ਲਿਆਉਣ ਲਈ ਬਿਜਲੀ ਮਹਿਕਮੇ ਨੂੰ ਬੇਨਤੀ ਕੀਤੀ ਤਾਂ ਜੋ ਆਉਣ ਵਾਲੇ ਸਮੇ 'ਚ ਕੋਈ ਜਾਨੀ ਮਾਲੀ ਨੁਕਸਾਨ ਨਾ ਹੋਵੇ।



# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਹਥਿਆਰਾਂ ਦੇ ਪ੍ਰਦਰਸ਼ਨ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ

**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਮੈਡਮ ਕੰਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਅੰਦਰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਮੁੱਖ ਰੱਖਦੇ ਹੋਏ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਪੂਰਨ ਪਾਬੰਦੀ ਲਗਾਈ ਹੈ ਅਤੇ ਇਹ ਪਾਬੰਦੀ ਸੋਸ਼ਲ ਮੀਡੀਆ 'ਤੇ ਵੀ ਲਾਗੂ ਰਹੇਗੀ। ਇਸ ਤੋਂ ਇਲਾਵਾ ਵਿਆਹ ਸ਼ਾਦੀਆਂ/ਸਮਾਗਮਾਂ ਹੋਰ ਸਮਾਰੋਹਾਂ ਵਿੱਚ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਪੂਰਨ ਪਾਬੰਦੀ ਲਗਾਈ ਗਈ ਹੈ। ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿੱਚ ਵੀ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ 'ਤੇ ਪੂਰਨ ਪਾਬੰਦੀ ਰਹੇਗੀ ਅਤੇ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ ਉਤੇ ਵੀ ਪਾਬੰਦੀ ਲਾਗੂ ਹੋਵੇਗੀ। ਹੁਕਮ 8 ਸਤੰਬਰ 2024 ਤੱਕ ਲਾਗੂ ਰਹਿਣਗੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਜੇਕਰ ਜ਼ਿਲ੍ਹੇ ਅੰਦਰ ਕੋਈ ਵੀ ਆਮ ਅਤੇ ਖਾਸ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸਦੇ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਤੁਰੰਤ ਅਮਲ ਵਿੱਚ ਲਿਆਂਦੀ ਜਾਵੇਗੀ।

# ਆਲ ਇੰਡੀਆ ਸਟੇਟ ਬੈਂਕ ਆਫ ਪਟਿਆਲਾ ਰਿਟਾਇਰਡ ਇੰਪਲਾਈਜ ਐਸੋਸੀਏਸ਼ਨ ਦੀ ਹੋਈ ਮੀਟਿੰਗ



**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਲ ਇੰਡੀਆ ਸਟੇਟ ਬੈਂਕ ਆਫ ਪਟਿਆਲਾ ਰਿਟਾਇਰਡ ਇੰਪਲਾਈਜ ਐਸੋਸੀਏਸ਼ਨ ਦੀ ਹੋਈ ਮੀਟਿੰਗ ਪਟਿਆਲਾ( ਗਰੇਵਾਲ/ਪਰਮਿੰਦਰ) ਆਲ ਇੰਡੀਆ ਸਟੇਟ ਬੈਂਕ ਆਫ਼ ਪਟਿਆਲਾ ਰਿਟਾਇਰਡ ਇੰਪਲਾਈਜ਼ ਐਸੋਸੀਏਸ਼ਨ ਦੀ ਮੀਟਿੰਗ ਪ੍ਰਭਾਤ ਪਰਵਾਨਾ ਮੈਮੋਰੀਅਲ ਟਰੇਡ ਯੂਨੀਅਨ ਸੈਂਟਰ, ਬਾਰਾਂਦਰੀ ਗਾਰਡਨ ਪਟਿਆਲਾ ਵਿਖੇ ਹੋਈ। ਐਸ ਕੇ ਗੌਤਮ, ਚੇਅਰਮੈਨ, ਸਟੇਟ ਬੈਂਕ ਆਫ ਇੰਡੀਆ ਇੰਪਲਾਈਜ਼ ਯੂਨੀਅਨ ਚੰਡੀਗੜ੍ਹ ਸਰਕਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੀਟਿੰਗ ਵਿੱਚ ਐਸੋਸੀਏਸ਼ਨ ਦੇ ਅਹੁਦੇਦਾਰ ਰਮੇਸ਼ ਸ਼ਰਮਾ, ਟੀਐਸ ਲੁਗਾਨੀ, ਹਰਚਰਨ ਸਿੰਘ, ਸੁਭਕਰਨ ਗਿੱਲ, ਯਾਦਵਿੰਦਰ ਸਿੰਘ, ਆਰ ਕੇ ਫੁੱਲ, ਸ੍ਰੀਮਤੀ ਮਧੂ ਗਾਬਾ, ਸ੍ਰੀਮਤੀ ਸੁਨੀਤਾ ਭਾਟੀਆ ਸਮੇਤ ਹੋਰ ਮੈਂਬਰ ਹਾਜ਼ਰ ਸਨ। ਐੱਸ ਕੇ ਗੌਤਮ ਨੇ ਸੰਬੋਧਿਤ ਕਰਦੇ ਹੋਏ ਯੂਨਾਈਟਿਡ ਫੋਰਮ ਆਫ ਬੈਂਕ ਯੂਨੀਅਨਜ਼ ਦੁਆਰਾ ਲਗਾਤਾਰ ਸੰਘਰਸ਼ ਤੋਂ ਬਾਅਦ ਪਰਿਵਾਰਕ ਪੈਨਸ਼ਨ, ਐਕਸ-ਗ੍ਰੇਸ਼ੀਆ ਅਤੇ ਹੋਰ ਲਾਭਾਂ ਵਿੱਚ ਹਾਲ ਹੀ ਵਿੱਚ ਕੀਤੇ ਗਏ ਸੁਧਾਰਾਂ ਲਈ ਮੈਂਬਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਪੈਨਸ਼ਨ ਨੂੰ ਅੱਪਡੇਟ ਕਰਨ ਦੀ ਮੰਗ ਨੂੰ ਅੱਗੇ ਵੀ ਵਿਚਾਰਿਆ ਜਾਵੇਗਾ।

ਐਸੋਸੀਏਸ਼ਨ ਦੇ ਸਹਾਇਕ ਸਕੱਤਰ ਰੋਮੇਸ਼ ਸ਼ਰਮਾ ਅਤੇ ਪੈਟਰਨ ਟੀਐਸ ਲੁਗਾਨੀ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਐਸੋਸੀਏਸ਼ਨ ਪੈਨਸ਼ਨ ਅੱਪਡੇਟ ਕਰਵਾਉਣ ਲਈ ਏ.ਆਰ.ਆਈ.ਬੀ.ਐਫ ਦੇ ਬੈਨਰ ਹੇਠ ਸੰਘਰਸ਼ ਕਰ ਰਹੀ ਹੈ। ਮੀਟਿੰਗ ਤੋਂ ਬਾਅਦ ਤੀਜ ਸਮਾਰੋਹ ਵੀ ਕਰਵਾਇਆ ਗਿਆ ਅਤੇ ਇਸਤਰੀ ਮੈਂਬਰਾਂ ਨੇ ਗਿੱਧਾ ਅਤੇ ਬੋਲੀਆਂ ਪੇਸ਼ ਕੀਤੀਆਂ। ਮੀਟਿੰਗ ਵਿੱਚ ਐਸਬੀਆਈ ਇੰਪਲਾਈਜ਼ ਯੂਨੀਅਨ ਚੰਡੀਗੜ੍ਹ ਸਰਕਲ ਦੇ ਅਹੁਦੇਦਾਰ ਸਨਮੀਤ ਸਿੰਘ, ਪਰਮਜੀਤ ਸਿੰਘ, ਬਲਵੀਰ ਸ਼ਰਮਾ ਅਤੇ ਅੰਗਦ ਸਿੰਘ ਵੀ ਹਾਜ਼ਰ ਸਨ।

# ਅਣ ਅਧਿਕਾਰਤ ਸਥਾਨਾਂ 'ਤੇ ਮੁਰਦਾ ਪਸ਼ੂ ਸੁੱਟਣ 'ਤੇ ਪਾਬੰਦੀ ਦੇ ਹੁਕਮ ਜਾਰੀ

**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਪਟਿਆਲਾ ਦੀ ਹਦੂਦ ਅੰਦਰ ਨਗਰ ਨਿਗਮ/ਨਗਰ ਕੌਂਸਲਾ/ਨਗਰ ਪੰਚਾਇਤਾਂ/ਪੰਚਾਇਤਾਂ ਵੱਲੋਂ ਹੱਡਾ ਰੋੜੀ ਲਈ ਨਿਰਧਾਰਤ ਕੀਤੇ ਸਥਾਨ ਤੋਂ ਇਲਾਵਾ ਅਣ ਅਧਿਕਾਰਤ ਸਥਾਨਾਂ ਤੇ ਮੁਰਦਾ ਪਸ਼ੂ/ਜਾਨਵਰ ਨੂੰ ਸੁੱਟਣ 'ਤੇ ਪੂਰਨ ਤੌਰ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ ਅਤੇ ਇਹ ਵੀ ਆਦੇਸ਼ ਜਾਰੀ ਕੀਤੇ ਗਏ ਹਨ ਕਿ ਮੁਰਦਾ ਪਸ਼ੂ ਨੂੰ ਸਰਕਾਰ ਵੱਲੋਂ ਨਿਰਧਾਰਤ ਸਥਾਨ (ਹੱਡਾ ਰੋੜੀ) ਤੇ ਹੀ ਸੁੱਟਿਆ ਜਾਵੇ। ਇਹ ਹੁਕਮ 8 ਸਤੰਬਰ 2024 ਤੱਕ ਲਾਗੂ ਰਹਿਣਗੇ।

ਹੁਕਮਾਂ 'ਚ ਕਿਹਾ ਗਿਆ ਹੈ ਕਿ ਆਮ ਦੇਖਣ ਵਿੱਚ ਆਇਆ ਹੈ ਕਿ ਕਈ ਵਿਅਕਤੀਆਂ ਵੱਲੋਂ ਆਪਣੇ ਪਾਲਤੂ ਜਾਨਵਰਾਂ/ਪਸ਼ੂ ਦੀ ਮੌਤ ਹੋਣ ਉਪਰੰਤ ਮੁਰਦਾ ਪਸ਼ੂ/ਜਾਨਵਰ ਨੂੰ ਸਰਕਾਰ ਵੱਲੋਂ ਨਿਰਧਾਰਤ ਸਥਾਨ (ਹੱਡਾ ਰੋੜੀ) 'ਤੇ ਸੁੱਟਣ ਦੀ ਥਾਂ 'ਤੇ ਅਣ ਅਧਿਕਾਰਤ (ਜਨਤਕ/ਰਿਹਾਇਸ਼ੀ) ਸਥਾਨਾਂ ਦੇ ਨਜਦੀਕ ਸੁੱਟ ਦਿੱਤਾ ਜਾਂਦਾ ਹੈ। ਅਜਿਹਾ ਕਰਨ ਨਾਲ ਉਸ ਸਥਾਨ ਦੇ ਆਲੇ ਦੁਆਲੇ ਬਦਬੂ ਅਤੇ ਗੰਦਗੀ ਫੈਲਦੀ ਹੈ ਅਤੇ ਬਿਮਾਰੀ ਫੈਲਣ ਦਾ ਵੀ ਡਰ ਰਹਿੰਦਾ ਹੈ। ਇਸ ਲਈ ਆਮ ਪਬਲਿਕ ਦੇ ਜਾਨੀ ਮਾਲੀ ਨੁਕਸਾਨ ਅਤੇ ਅਸੁਵਿਧਾ ਨੂੰ ਦੇਖਦੇ ਹੋਏ ਸਖਤ ਜ਼ਰੂਰੀ ਕਦਮ ਚੁੱਕਣ ਦੀ ਲੋੜ ਹੈ। ਉਕਤ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਦੇ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਏ.ਡੀ.ਸੀ. ਡਾ. ਬੇਦੀ ਵੱਲੋਂ ਪਿੰਡ ਦਰਗਾਪੁਰ ਵਿਖੇ ਸਾਲਿਡ ਵੇਸਟ ਮੈਨੇਜਮੈਂਟ ਪਲਾਂਟ ਦਾ ਉਦਘਾਟਨ



**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਬਲਾਕ ਦੇ ਪਿੰਡ ਦਰਗਾਪੁਰ ਵਿਖੇ 6.86 ਲੱਖ ਰੁਪਏ ਦੀ ਲਾਗਤ ਨਾਲ ਪੰਚਾਇਤੀ ਰਾਜ ਵਿਭਾਗ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਸਾਂਝੇ ਤੌਰ ਉਤੇ ਰਾਊਂਡਗਲਾਸ ਫਾਊਂਡੇਸ਼ਨ ਦੇ ਸਹਿਯੋਗ ਨਾਲ ਬਣਾਇਆ ਗਿਆ ਸਾਲਿਡ ਵੇਸਟ ਮੈਨੇਜਮੈਂਟ ਪ੍ਰਾਜੈਕਟ ਅੱਜ ਪਿੰਡ ਵਾਸੀਆਂ ਨੂੰ ਸਮਰਪਿਤ ਕੀਤਾ ਗਿਆ। ਇਨ੍ਹਾਂ ਪ੍ਰਾਜੈਕਟਾਂ ਦਾ ਉਦਘਾਟਨ ਕਰਨ ਪੁੱਜੇ ਵਧੀਕ ਡਿਪਟੀ ਕਮਿਸ਼ਨਰ ਦਿਹਾਤੀ ਵਿਕਾਸ ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਇਹ ਪ੍ਰਾਜੈਕਟ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਪਿੰਡਾਂ ਦੀ ਦਿੱਖ ਸੰਵਾਰਨ ਦੇ ਟੀਚੇ ਅਨੁਸਾਰ ਬਣਾਇਆ ਗਿਆ ਹੈ। ਉਨ੍ਹਾਂ ਦੇ ਨਾਲ ਬੀ.ਡੀ.ਪੀ.ਓ ਨਾਭਾ ਬਲਜੀਤ ਕੌਰ ਖ਼ਾਲਸਾ ਵੀ ਮੌਜੂਦ ਸਨ। ਸਾਲਿਡ ਵੇਸਟ ਪਿੱਟਾਂ ਬਣਾਈਆਂ ਗਈਆਂ ਤੇ ਘਰ-ਘਰ ਤੋਂ ਕੂੜਾ ਇਕੱਠਾ ਕਰਨ ਦਾ ਪ੍ਰਾਜੈਕਟ ਵੀ ਪਿੰਡ ਵਾਸੀਆਂ ਨੂੰ ਸਮਰਪਿਤ ਕੀਤਾ ਗਿਆ ਹੈ, ਇਸ ਨਾਲ ਪਿੰਡ ਸਾਫ਼ ਸੁਥਰਾ ਰਹੇਗਾ।

ਡਾ. ਹਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਹ ਪ੍ਰਾਜੈਕਟ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਠੋਸ ਕੂੜਾ ਪ੍ਰਬੰਧਨ ਨਾਲ ਪਿੰਡ ਸਾਫ਼ ਸੁਥਰਾ ਹੋ ਸਕੇਗਾ ਅਤੇ ਲੋਕਾਂ ਨੂੰ ਬਿਮਾਰੀਆਂ ਤੋਂ ਰਾਹਤ ਮਿਲੇਗੀ। ਉਨ੍ਹਾਂ ਦੱਸਿਆ ਕਿ ਸਰਕਾਰ ਦੀ ਇਹ ਸੋਚ ਹੈ ਕਿ ਜ਼ਿਲ੍ਹੇ ਦੇ ਸਾਰੇ ਪਿੰਡਾਂ ਨੂੰ ਸਾਫ਼ ਸੁਥਰੇ ਬਣਾ ਕੇ ਸ਼ਹਿਰੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ।

ਇਸ ਦੌਰਾਨ ਇਸ ਪ੍ਰੋਜੈਕਟ ਨੂੰ ਚਲਾਉਣ ਲਈ ਰਾਊਂਡਗਲਾਸ ਫਾਊਂਡੇਸ਼ਨ ਵੱਲੋਂ ਰੇਹੜੀ, ਡਸਟਬਿਨ, ਮੈਡੀਕਲ ਕਿਟ ਅਤੇ ਹੋਰ ਲੋੜੀਂਦਾ ਸਮਾਨ ਆਪਣੇ ਵੱਲੋਂ ਦਿੱਤਾ ਗਿਆ। ਇਸ ਪ੍ਰੋਗਰਾਮ ਦੌਰਾਨ ਪਿੰਡ ਵਾਸੀਆਂ ਨੂੰ ਠੋਸ ਅਤੇ ਗਿੱਲੇ ਕੂੜੇ ਦੇ ਸਹੀ ਪ੍ਰਬੰਧਨ ਲਈ ਵਰਕਸ਼ਾਪ ਵੀ ਲਗਾਈ ਗਈ ਅਤੇ ਕੂੜੇ ਦੇ ਸਹੀ ਢੰਗ ਨਾਲ ਨਿਪਟਾਰੇ ਲਈ ਜਾਗਰੂਕ ਕੀਤਾ ਗਿਆ।

# ਸ਼ਿਕਾਇਤ ਨਿਵਾਰਣ ਰੈਂਕਿੰਗ ਵਿੱਚ ਪੰਜਾਬ ਦੇਸ਼ ਭਰ 'ਚੋਂ ਮੋਹਰੀ

## ਵੱਕਾਰੀ ਪ੍ਰਾਪਤੀ ਪੰਜਾਬ ਸਰਕਾਰ ਦੀ ਨਾਗਰਿਕਾਂ ਦੀਆਂ ਸਮੱਸਿਆਵਾਂ ਨੂੰ ਪ੍ਰਭਾਵੀ ਢੰਗ ਨਾਲ ਹੱਲ ਕਰਨ ਦੀ ਵਚਨਬੱਧਤਾ ਦਾ ਸਬੂਤ: ਅਮਨ ਅਰੋੜਾ

**ਚੰਡੀਗੜ੍ਹ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਨੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਚੋਂ ਸ਼ਿਕਾਇਤ ਨਿਵਾਰਣ ਰੈਂਕਿੰਗ ਵਿੱਚ ਦੇਸ਼ ਭਰ 'ਚ ਮੋਹਰੀ ਸੂਬਾ ਬਣ ਕੇ ਇੱਕ ਹੋਰ ਮਹੱਤਵਪੂਰਨ ਮੀਲ ਪੱਥਰ ਹਾਸਿਲ ਕੀਤਾ ਹੈ।

ਇਸ ਵਿਸ਼ੇਸ਼ ਪ੍ਰਾਪਤੀ ਬਾਰੇ ਦੱਸਦਿਆਂ ਪ੍ਰਸ਼ਾਸਨਿਕ ਸੁਧਾਰ ਤੇ ਲੋਕ ਸ਼ਿਕਾਇਤਾਂ ਬਾਰੇ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਦੱਸਿਆ ਕਿ ਇਹ ਦਰਜਾਬੰਦੀ ਦੇਸ਼ ਦੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ (ਯੂ.ਟੀ.) ਦਰਮਿਆਨ ਤੁਲਨਾਤਮਕ ਮੁਲਾਂਕਣ ਲਈ ਭਾਰਤ ਸਰਕਾਰ ਵੱਲੋਂ ਵਿਕਸਤ ਕੀਤੇ ਸ਼ਿਕਾਇਤ ਨਿਵਾਰਣ ਇੰਡੈਕਸ ਦੇ ਆਧਾਰ 'ਤੇ ਕੀਤੀ ਗਈ ਹੈ। ਇਸ ਇੰਡੈਕਸ ਵਿੱਚ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਚੋਣ ਦੋ ਮੁੱਖ ਪਹਿਲੂਆਂ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਅਤੇ ਨਿਪਟਾਰੇ ਦੀ ਗੁਣਵੱਤਾ ਦੇ ਆਧਾਰ 'ਤੇ ਕੀਤੀ ਗਈ ਹੈ ਅਤੇ ਇੰਡੈਕਸ ਲਈ 1 ਜਨਵਰੀ, 2024 ਤੋਂ 30 ਜੂਨ, 2024 ਤੱਕ ਦੀ ਮਿਆਦ ਦਾ ਡਾਟਾ ਵਰਤਿਆ ਗਿਆ ਹੈ। ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਪ੍ਰਾਪਤੀ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਨਾਗਰਿਕਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਉਨ੍ਹਾਂ ਦੱਸਿਆ ਕਿ ਇਸ ਇੰਡੈਕਸ ਲਈ ਸਖ਼ਤ ਮਾਪਦੰਡ ਤਿਆਰ ਕੀਤੇ ਗਏ ਸਨ ਜਿਸ ਵਿੱਚ 30 ਦਿਨਾਂ ਦੇ ਅੰਦਰ ਸ਼ਿਕਾਇਤਾਂ ਦੇ ਨਿਪਟਾਰੇ ਦੀ ਫ਼ੀਸਦ, ਸ਼ਿਕਾਇਤਾਂ ਦੇ ਹੱਲ ਦੀ ਫ਼ੀਸਦ ਅਤੇ ਨਾਗਰਿਕ ਫੀਡਬੈਕ ਸ਼ਾਮਲ ਹਨ। ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ ਪ੍ਰਾਪਤ 20,000 ਤੋਂ ਵੱਧ ਸ਼ਿਕਾਇਤਾਂ ਵਿੱਚੋਂ 62.27% ਸਕੋਰ ਨਾਲ ਪੰਜਾਬ ਨੇ ਸਿਖਰਲਾ ਸਥਾਨ ਮੱਲਿਆ ਹੈ।

ਪ੍ਰਸ਼ਾਸਕੀ ਸੁਧਾਰ ਮੰਤਰੀ ਨੇ ਨਾਗਰਿਕਾਂ ਦੀਆਂ ਸਾਰੀਆਂ ਸਮੱਸਿਆਵਾਂ ਦੇ ਤੁਰੰਤ ਹੱਲ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਸਮਰਪਿਤ ਭਾਵਨਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸ਼ਿਕਾਇਤਾਂ ਦੇ ਨਿਪਟਾਰੇ ਦੀ ਸਖ਼ਤ ਨਿਗਰਾਨੀ ਨੂੰ ਉੱਚ ਪੱਧਰ 'ਤੇ ਯਕੀਨੀ ਬਣਾਇਆ ਜਾ ਰਿਹਾ ਹੈ।

# ਅਰਬਨ ਅਸਟੇਟ ਪੁਲਿਸ ਨੇ ਦੋ ਦਿਨਾਂ ਤੋਂ ਗੁੰਮ ਬੱਚੇ ਨੂੰ ਲੱਭ ਕੇ ਕੀਤਾ ਪਰਿਵਾਰ ਹਵਾਲੇ

**ਪਟਿਆਲਾ, 10 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ , ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ, ਸੀਨੀਅਰ ਕਪਤਾਨ ਪੁਲਿਸ ਪਟਿਆਲਾ ਨਾਨਕ ਸਿੰਘ, ਐਸ ਪੀ ਸਿਟੀ ਮਹੁੰਮਦ ਸਰਫ਼ਰਾਜ਼ ਆਲਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਟਿਆਲਾ ਪੁਲਿਸ ਦੇ ਥਾਣਾ ਅਰਬਨ ਅਸਟੇਟ ਵੱਲੋਂ 2 ਦਿਨਾਂ ਤੋਂ ਗੁੰਮ ਹੋਏ ਹੀਰਾ ਬਾਗ਼, ਪਟਿਆਲਾ ਦੇ 14 ਸਾਲ ਦੇ ਬੱਚੇ ਨੂੰ ਸੁਰੱਖਿਆ ਢੰਗ ਨਾਲ ਲੱਭ ਕੇ 48 ਘੰਟੇ ਦੇ ਅੰਦਰ ਉਸ ਦੇ ਪਰਿਵਾਰ ਨਾਲ ਮਿਲਾਇਆ।



# ਜੀਆਰਪੀ ਇੰਚਾਰਜ ਏਐਸਆਈ ਜਗਜੀਤ ਸਿੰਘ ਨੇ ਆਪਣਾ ਜਨਮਦਿਨ ਪੌਦਾ ਲਗਾ ਕੇ ਮਨਾਇਆ

**ਸ੍ਰੀ ਅਨੰਦਪੁਰ ਸਾਹਿਬ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਨੰਦਪੁਰ ਸਾਹਿਬ ਜੀਆਰਪੀ ਇੰਚਾਰਜ ਏਐਸਆਈ ਜਗਜੀਤ ਸਿੰਘ ਨੇ ਅੱਜ ਆਪਣੇ ਜਨਮਦਿਨ ਤੇ ਪੌਦਾ ਲਗਾ ਕੇ ਵਾਤਾਵਰਨ ਨੂੰ ਹਰਿਆ ਭਰਿਆ ਰੱਖਣ ਦਾ ਸੰਦੇਸ਼ ਦਿੱਤਾ,



ਇਸ ਮੌਕੇ ਉਹਨਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਦਿਨ ਪ੍ਰਤੀ ਦਿਨ ਵਾਤਾਵਰਨ ਦਾ ਸੰਤੁਲਨ ਵਿਗੜਦਾ ਜਾ ਰਿਹਾ ਹੈ ਅਤੇ ਅਸੀਂ ਦੇਖ ਰਹੇ ਹਾਂ ਕਿ ਇਸ ਵਾਰ ਕਿਸ ਤਰ੍ਹਾਂ ਦੀ ਗਰਮੀ ਪੈ ਰਹੀ ਹੈ ਇਹ ਸਭ ਕੁਝ ਵਿਗੜ ਰਹੇ ਵਾਤਾਵਰਨ ਸੰਤਲਨ ਦੇ ਕਾਰਨ ਹੀ ਹੋ ਰਿਹਾ ਹੈ ਇਸ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹੈ, ਉਨਾਂ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਉਹ ਆਪਣੇ ਜਨਮਦਿਨ ਤੇ ਜਿੱਥੇ ਪੌਦਾ ਲਗਾਉਂਦੇ ਹੈ ਉੱਥੇ ਹੀ ਇਸ ਪੌਦੇ ਦੀ ਵੱਡਾ ਹੋਣ ਤੱਕ ਦੇਖਭਾਲ ਵੀ ਕਰਦੇ ਹਨ।

ਇਸ ਮੌਕੇ ਉਹਨਾਂ ਦੇ ਨਾਲ ਕੁਲਦੀਪ ਸਿੰਘ ,ਸੁਰਿੰਦਰ ਸਿੰਘ ਆਦਿ ਹਾਜਰ ਸਨ,

# ਨਗਰ ਨਿਗਮ ਕਮਿਸ਼ਨਰ ਡਾ.ਸੇਨੂ ਦੁੱਗਲ ਅਬੋਹਰ ਦੇ ਨਹਿਰੂ ਪਾਰਕ ਵਿਖੇ ਸੁਣਨਗੇ ਲੋਕਾਂ ਦੀਆਂ ਸਮੱਸਿਆਵਾਂ

**ਫਾਜ਼ਿਲਕਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਲੋਕਾਂ ਦੀਆਂ ਬਰੂਹਾਂ ਤੱਕ ਪਹੁੰਚ ਕਰਕੇ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਵਾਕ ਵਿਦ ਕਮਿਸ਼ਨਰ ਥੀਮ ਤਹਿਤ ਨਗਰ ਨਿਗਮ ਅਬੋਹਰ ਕਮਿਸ਼ਨਰ—ਕਮ—ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਵੱਲੋਂ 8 ਅਗਸਤ ਨੂੰ ਅਬੋਹਰ ਦੇ ਨਹਿਰੂ ਪਾਰਕ ਵਿਖੇ ਸਵੇਰ ਸਮੇਂ ਪਹੁੰਚ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣਗੀਆਂ ਤੇ ਉਨ੍ਹਾਂ ਦਾ ਨਿਪਟਾਰਾ ਕੀਤਾ ਜਾਵੇਗਾ।ਇਸ ਮੌਕੇ ਉਨ੍ਹਾਂ ਨਾਲ ਨਗਰ ਨਿਗਮ ਤੇ ਹੋਰ ਵਿਭਾਗਾਂ ਅਧਿਕਾਰੀ ਵੀ ਹੋਣਗੇ।

ਨਗਰ ਨਿਗਮ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਦੱਸਿਆ ਕਿ ਸਵੇਰ ਦੀ ਸੈਰ ਸਮੇਂ 7 ਵਜੇ ਤੋਂ 8 ਵਜੇ ਤੱਕ ਅਬੋਹਰ ਦੇ ਨਹਿਰੂ ਪਾਰਕ ਵਿਖੇ ਪਹੁੰਚ ਕੇ ਨਗਰ ਨਿਗਮ ਨਾਲ ਸਬੰਧਤ ਵਸਨੀਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੀਆਂ ਵਿਸ਼ੇਸ਼ ਹਦਾਇਤਾਂ ਹਨ ਕਿ ਲੋਕਾਂ ਨੂੰ ਸਰਕਾਰੀ ਵਿਭਾਗਾਂ ਨਾਲ ਕੰਮਾਂ ਵਿੱਚ ਕਿਸੇ ਤਰਾਂ ਦੀ ਪਰੇਸ਼ਾਨੀ ਨਾ ਆਵੇ , ਇਸੇ ਤਹਿਤ ਆਦੇਸ਼ਾਂ ਨੂੰ ਜ਼ਿਲ੍ਹੇ ਅੰਦਰ ਸਖਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ।

ਡਾ. ਦੁੱਗਲ ਨੇ ਕਿਹਾ ਕਿ ਲੋਕਾਂ ਦੀਆਂ ਬਰੂਹਾਂ ਤੱਕ ਪ੍ਰਸ਼ਾਸਨ ਖੁਦ ਪਹੁੰਚ ਰਿਹਾ ਹੈ ਤੇ ਲੜੀਵਾਰ ਕੈਂਪ ਵੀ ਲਗਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਕ ਛੱਤ ਹੇਠ ਵਿਭਾਗਾਂ ਵੱਲੋਂ ਬੈਠ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਜਾ ਰਹੀਆਂ ਹਨ ਤੇ ਹਲ ਵੀ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਹਰੇਕ ਸ਼ਹਿਰੀ ਤੇ ਪੇਂਡੂ ਖੇਤਰ ਨੂੰ ਕੈਂਪਾਂ ਰਾਹੀਂ ਕਵਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋ ਵੀ ਵੱਧ ਚੜ੍ਹ ਕੇ ਕੈਂਪਾਂ ਵਿਚ ਸ਼ਮੂਲੀਅਤ ਕਰਕੇ ਸਮੱਸਿਆਵਾਂ ਦਾ ਹਲ ਕਰਵਾਇਆ ਜਾ ਰਿਹਾ ਹੈ।

ਉਨ੍ਹਾਂ ਨਗਰ ਨਿਗਮ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ 8 ਅਗਸਤ ਨੂੰ ਸਵੇਰ ਦੀ ਸੈਰ ਸਮੇਂ ਨਹਿਰੂ ਪਾਰਕ ਵਿਖੇ ਪਹੁੰਚਿਆ ਜਾਵੇ ਤੇ ਆਪਣੀ ਸਮੱਸਿਆ ਦਾ ਹਲ ਕਰਵਾਇਆ ਜਾਵੇ।

# ਟਰੈਕਟਰਾਂ/ਮੋਟਰਸਾਈਕਲ ਤੇ ਹੋਰ ਸੰਦਾਂ 'ਤੇ ਖਤਰਨਾਕ ਸਟੰਟ ਆਯੋਜਿਤ ਕਰਨ 'ਤੇ ਪਾਬੰਦੀ ਦੇ ਹੁਕਮ ਜਾਰੀ

**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਦੀ ਹਦੂਦ ਅੰਦਰ ਟਰੈਕਟਰਾਂ/ਮੋਟਰਸਾਈਕਲ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ ਸਟੰਟ ਆਯੋਜਿਤ ਕਰਨ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 3 ਅਕਤੂਬਰ 2024 ਤੱਕ ਲਾਗੂ ਰਹਿਣਗੇ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਤੋਂ ਪ੍ਰਾਪਤ ਹੋਏ ਪੱਤਰ ਤਹਿਤ ਰਾਜ ਵਿੱਚ ਬੀਤੇ ਦਿਨੀਂ ਕੁਝ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ ਟਰੈਕਟਰਾਂ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ/ਸਟੰਟ ਦੌਰਾਨ ਨੌਜਵਾਨ ਦੀ ਮੌਤ ਵੀ ਹੋ ਗਈ ਹੈ। ਇਸ ਲਈ ਟਰੈਕਟਰਾਂ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ/ਸਟੰਟ ਨੂੰ ਆਯੋਜਿਤ ਕਰਨ ਤੇ ਪਾਬੰਦੀ ਲਗਾਉਣ ਦੀ ਜ਼ਰੂਰਤ ਹੈ।

# ਸ੍ਰੀ ਕਾਲੀ ਦੇਵੀ ਮੰਦਰ ਕੰਪਲੈਕਸ ਅਤੇ ਆਲੇ ਦੁਆਲੇ ਦੇ 200 ਮੀਟਰ ਖੇਤਰ ਨੂੰ ਨੋ ਡਰੋਨ ਜ਼ੋਨ ਐਲਾਨਿਆ

**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਸ੍ਰੀ ਕਾਲੀ ਦੇਵੀ ਮੰਦਰ ਕੰਪਲੈਕਸ, ਪਟਿਆਲਾ ਵਿਖੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸ੍ਰੀ ਕਾਲੀ ਦੇਵੀ ਮੰਦਰ ਕੰਪਲੈਕਸ, ਪਟਿਆਲਾ ਅਤੇ ਇਸਦੇ ਆਲੇ ਦੁਆਲੇ ਲੱਗਦੇ 200 ਮੀਟਰ ਖੇਤਰ ਨੂੰ 'ਨੋ ਡਰੋਨ ਜ਼ੋਨ' ਘੋਸ਼ਿਤ ਕੀਤਾ ਹੈ।

ਇਹ ਹੁਕਮ 8 ਸਤੰਬਰ 2024 ਤੱਕ ਲਾਗੂ ਰਹਿਣਗੇ। ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਬਾਰਾਦਰੀ ਗਾਰਡਨਜ਼ ਵਿਖੇ ਅੰਤਰ ਰਾਸ਼ਟਰੀ ਦੋਸਤੀ ਦਿਵਸ ਮਨਾਇਆ




**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਰਾਦਰੀ ਗਾਰਡਨਜ਼ ਪਟਿਆਲਾ ਵਿਖੇ ਅੰਤਰ ਰਾਸ਼ਟਰੀ ਦੋਸਤੀ ਦਿਵਸ ਸਮੂਹ 21 ਦੋਸਤ ਸੈਰ ਗਰੁੱਪਾਂ ਬਾਰਾਦਰੀ ਵਲੋਂ ਮਨਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਡਾ. ਧਰਮਵੀਰ ਗਾਂਧੀ ਜੀ ਮੈਂਬਰ ਪਾਰਲੀਮੈਂਟ ਅਤੇ ਡਾ. ਸੰਦੀਪ ਸਿੰਘ ਗਰੇਵਾਲ ਸਹਾਇਕ ਡਾਇਰੈਕਟਰ ਬਾਗਬਾਨੀ ਵਿਭਾਗ ਵਿਸ਼ੇਸ਼ ਮਹਿਮਾਨ ਤੌਰ ਤੇ ਹਾਜਰ ਸਨ। ਇਸ ਸਮਾਗਮ ਵਿੱਚ ਡਾ. ਗਾਂਧੀ ਜੀ ਵਿਸ਼ਵ ਸ਼ਾਂਤੀ, ਸਦਭਾਵਨਾ, ਮੈਤਰੀ ਭਾਵ ਤੇ ਆਪਣੇ ਵਿਚਾਰ ਰੱਖੇ। ਇਸੇ ਤਰ੍ਹਾਂ ਡਾ. ਸੰਦੀਪ ਸਿੰਘ ਗਰੇਵਾਲ ਨੇ ਸਾਰਿਆਂ ਨੂੰ ਮਿਲ ਜੁਲ ਕੇ ਰਹਿਣ ਦੀ, ਭਾਈਚਾਰਾ ਨੂੰ ਸੰਜੀਵ ਰੱਖਣ ਲਈ ਅਤੇ ਸ਼ਾਂਤੀ ਨਾਲ ਰਹਿਣ ਦੀ ਪ੍ਰੇਰਨਾ ਦਿੱਤੀ। ਬਾਰਾਦਰੀ ਨੂੰ ਹੋਰ ਵਧੇਰੇ ਸੋਹਣਾ ਬਣਾਉਣ ਦੇ ਉਪਰਾਲੇ ਕੀਤੇ ਜਾਣਗੇ। ਇਸ ਸਮਾਗਮ ਵਿੱਚ ਡਾ. ਜੀ.ਐਸ. ਆਨੰਦ ਨੇ ਇਸ ਸਮਾਗਮ ਦੀ ਖੂਬਸੂਰਤੀ ਅਤੇ ਵਿਸ਼ਾਲ ਪੰਡਾਲ ਵਿੱਚ ਲਗਭਗ 250 ਸੈਰ ਪ੍ਰੇਮੀ ਬੈਠਿਆਂ ਨੂੰ ਇਨਸਾਨ ਨੂੰ ਇਨਸਾਨ ਨਾਲ ਜੋੜਨ ਦੀ ਪ੍ਰੇਰਨਾ ਦਿੱਤੀ ਅਤੇ ਸ਼ਾਤੀ ਨਾਲ ਰਹਿਣ ਦੀ ਖੁਸ਼ਹਾਲ ਜੀਵਨ ਦੀ ਜਾਂਚ ਦੱਸੀ। ਉਹਨਾਂ ਨੇ ਪ੍ਰਬੰਧਕਾਂ ਨੂੰ ਸਫਲ ਪ੍ਰੋਗਰਾਮ ਦੀ ਵਧਾਈ ਦਿੱਤੀ। ਜਨਹਿੱਤ ਸੰਮਤੀ ਦੇ ਜਨਰਲ ਸਕੱਤਰ ਵਿਨੋਦ ਸ਼ਰਮਾ ਨੇ ਬਾਰਾਦਰੀ ਨੂੰ ਹੋਰ ਖੂਬਸੂਰਤ ਅਤੇ ਸਫਾਈ ਪ੍ਰਬੰਧਾਂ ਬਾਰੇ ਵਿਭਾਗ ਨੂੰ ਬੇਨਤੀ ਕੀਤੀ। ਲੜੀਵਾਰ ਗੀਤਾਂ ਦਾ ਕਾਰਜ ਸ਼ੁਰੂ ਕੀਤਾ ਗਿਆ। ਜਿਸ ਵਿੱਚ ਅਰਵਿੰਦਰ ਕੌਰ, ਪ੍ਰੀਤੀ ਗੁਪਤਾ, ਪਰਮ ਰੁਪਾਲ ਨੇ ਹਾਜ਼ਰੀ ਲਵਾਈ।

ਇਸੇ ਤਰ੍ਹਾਂ ਹਰ ਸੈਰ ਪ੍ਰੇਮੀ ਗਰੁਪ ਦੇ ਟੀਮ ਲੀਡਰ ਅਤੇ ਦੋ ਦੋਸਤਾਂ ਨੂੰ ਯਾਦਗਾਰੀ ਚਿੰਨ ਨਾਲ ਸਨਮਾਨਿਤ ਕੀਤਾ ਗਿਆ। 21 ਗਰੁੱਪਾਂ ਦੇ 250 ਮੈਂਬਰਾਂ ਨੇ ਮਿਲ ਜੁਲ ਕੇ ਭੰਗੜਾ, ਗਿੱਧਾ, ਗੀਤ ਗਾਏ ਗਏ। ਇਸ ਸਮਾਗਮ ਨੂੰ ਸਫਲ ਬਣਾਉਣ ਲਈ ਤਿੰਨ ਹਫਤਿਆ ਤੋਂ ਲਗਾਤਾਰ ਸੰਘਰਸ਼ ਕਰਨ ਵਿੱਚ ਜ਼ਸਵੰਤ ਸਿੰਘ ਕੌਲੀ ਪ੍ਰਧਾਨ, ਤਾਰਾ ਸਿੰਘ ਭਮਰਾ ਵਿੱਤ ਸਕੱਤਰ ਅਤੇ ਪੂਰਨ ਚੰਦ ਸਵਾਮੀ ਜਨਰਲ ਸਕੱਤਰ ਨੇ ਕੀਤੀ।

ਇਸ ਪ੍ਰੋਗਰਾਮ ਵਿੱਚ 21 ਗਰੁੱਪਾਂ ਦੇ ਲਗਭਗ 250 ਮੈਂਬਰਾਂ ਨੇ ਹਾਜ਼ਰੀ ਲਵਾਈ। ਪਦਮ ਸ੍ਰੀ ਐਵਾਰਡ ਪ੍ਰਾਣ ਸਭਰਵਾਲ ਜੀ ਦੇ ਉਚੇਚੇ ਤੌਰ ਤੇ ਸੰਖੇਪ ਹਾਜਰੀ ਲਵਾਈ। ਅੰਤ ਵਿੱਚ ਚਾਹ ਪਾਣੀ ਦਾ ਇੰਤਜਾਮ ਕੀਤਾ ਗਿਆ।

# ਐਨ ਸੀ ਸੀ ਕੇਡਿਟ ਅਤੇ ਅਧਿਕਾਰੀ, ਸੁਰੱਖਿਆ, ਬਚਾਉ, ਮਦਦ ਦੀ ਮਹੱਤਵਪੂਰਣ ਲਾਈਫ ਲਾਈਨ : ਡਾਕਟਰ ਰਾਕੇਸ਼ ਵਰਮੀ

**ਪਟਿਆਲਾ, 10 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਦੇਸ਼ ਦੁਨੀਆਂ ਵਿੱਚ ਐਨ ਸੀ ਸੀ ਕੈਡਿਟਸ ਅਤੇ ਅਫਸਰਾਂ ਨੂੰ ਆਫਤਾਵਾਂ, ਜੰਗਾਂ, ਮਹਾਂਮਾਰੀਆਂ ਸਮੇਂ ਕੀਮਤੀ ਜਾਨਾਂ ਬਚਾਉਣ ਲਈ ਹਿੱਤ ਮਹੱਤਵ ਪੂਰਨ ਲਾਈਫ ਲਾਈਨ ਵਜੋਂ ਤਿਆਰ ਕੀਤਾ ਜਾਂਦਾ ਹੈ। ਐਨ ਸੀ ਸੀ ਕੈਡਿਟਸ, ਅਨੁਸ਼ਾਸਨ, ਆਗਿਆ ਪਾਲਣ, ਸਹਿਣਸ਼ੀਲਤਾ, ਨਿਮਰਤਾ ਦੇ ਨਾਲ ਨਾਲ, ਪੀੜਤਾਂ ਦੇ ਮਦਦਗਾਰ ਦੋਸਤ ਅਤੇ ਨਿਯਮਾਂ, ਕਾਨੂੰਨਾਂ, ਅਸੂਲਾਂ ਮਰਿਆਦਾਵਾਂ, ਫਰਜ਼ਾਂ ਦੀ ਪਾਲਣਾ ਕਰਨ ਵਜੋਂ ਤਿਆਰ ਬਰ ਤਿਆਰ ਰਹਿੰਦੇ ਹਨ ਇਸ ਲਈ ਡੈਡੀਕੇਟਿਡ ਬ੍ਰਦਰਜ਼ ਗਰੁੱਪ ਪਟਿਆਲਾ ਵਲੋਂ ਭਾਰਤ ਦੀ ਆਜ਼ਾਦੀ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਜੀ ਦੀ ਆਜ਼ਾਦ ਹਿੰਦ ਫੌਜ ਨੂੰ ਸਮਰਪਿਤ ਦਿਵਸ਼ ਮੌਕੇ ਐਨ ਸੀ ਸੀ ਬਟਾਲੀਅਨ ਨੰਬਰ 3, ਏਅਰ ਫੋਰਸ ਬਟਾਲੀਅਨ ਦੇ ਐਨ ਸੀ ਸੀ ਆਫਿਸਰਜ ਅਤੇ ਕੇਡਿਟਜ ਨੂੰ ਸਨਮਾਨਿਤ ਕੀਤਾ ਗਿਆ ਹੈ, ਇਹ ਜਾਣਕਾਰੀ ਡਾਕਟਰ ਰਾਕੇਸ਼ ਵਰਮੀ ਪ੍ਰਧਾਨ, ਹਰਪ੍ਰੀਤ ਸੰਧੂ ਸਕੱਤਰ ਡੈਡੀਕੇਟਿਡ ਬ੍ਰਦਰਜ਼ ਗਰੁੱਪ ਅਤੇ ਸ੍ਰੀਮਤੀ ਮਨਜੀਤ ਕੌਰ ਆਜ਼ਾਦ ਕਾਰਜਕਾਰੀ ਮੈਂਬਰ ਨੇ ਨੇ ਦਿੱਤੀ। ਇਸ ਮੌਕੇ ਸੀਨੀਅਰ ਡਾਕਟਰ ਅਨੁਪਮ ਆਜ਼ਾਦ ਨੇ ਦਿਮਾਗੀ ਸਿਹਤ ਅਤੇ ਦੇਸ਼, ਸਮਾਜ, ਵਾਤਾਵਰਨ, ਦੀ ਸੁਰੱਖਿਆ ਸੰਭਾਲ ਬਾਰੇ ਜਾਣਕਾਰੀ ਦਿੱਤੀ ਜਵਾਨਾਂ ਨੂੰ ਪ੍ਰਸ਼ੰਸਾ ਪੱਤਰ ਅਤੇ ਗੋਲਡ ਮੈਡਲ ਪ੍ਰਦਾਨ ਕਰਦੇ ਹੋਏ ਖੁਸ਼ੀ ਪ੍ਰਗਟ ਕੀਤੀ ਕਿ ਇਨ੍ਹਾਂ ਬੱਚਿਆਂ ਅਤੇ ਨੌਜਵਾਨਾਂ ਵਿੱਚ ਦੇਸ਼, ਸਮਾਜ, ਮਾਨਵਤਾ ਅਤੇ ਵਾਤਾਵਰਨ ਦੀ ਸੁਰੱਖਿਆ ਸੇਵਾ ਸੰਭਾਲ, ਅਨੁਸ਼ਾਸਨ, ਆਗਿਆ ਪਾਲਣ ਅਤੇ ਪੀੜਤਾਂ ਦੀ ਸਹਾਇਤਾ ਕਰਨ ਦੇ ਜਜ਼ਬੇ, ਹੌਂਸਲੇ, ਆਤਮ ਵਿਸ਼ਵਾਸ ਬੁਲੰਦ ਹਨ। ਟ੍ਰੇਨਰ ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ ਸੀ ਪੀ ਆਰ ਨੇ ਦੱਸਿਆ ਕਿ ਇਸ ਸਮੇਂ ਸਾਡਾ ਦੇਸ਼ ਅਤੇ ਦੁਨੀਆਂ, ਕੁਦਰਤੀ, ਮਨੁੱਖੀ ਆਫਤਾਵਾਂ ਅਤੇ ਜੰਗਾਂ ਕਾਰਨ ਤਬਾਹ ਹੋ ਰਹੀ ਹੈ ਪਰ ਪੀੜਤਾਂ ਨੂੰ ਬਚਾਉਣ ਲਈ ਪੁਲਿਸ, ਆਰਮੀ, ਐਨ ਡੀ ਆਰ ਐਫ, ਡਾਕਟਰਾਂ, ਨਰਸਾਂ ਅਤੇ ਐਨ ਸੀ ਸੀ ਜਵਾਨਾਂ ਦੇ ਸਹਾਰੇ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਰਹੇ ਹਨ। ਹਰੇਕ ਵਿਦਿਆਰਥੀ, ਅਧਿਆਪਕ, ਨਾਗਰਿਕ ਅਤੇ ਕਰਮਚਾਰੀ ਨੂੰ ਦੇਸ਼, ਸਮਾਜ, ਮਾਨਵਤਾ ਦੀ ਸੁਰੱਖਿਆ, ਬਚਾਉ, ਮਦਦ ਲਈ ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਸੀ ਪੀ ਆਰ, ਜ਼ਖਮੀਆਂ ਦੀ ਸੇਵਾ ਸੰਭਾਲ, ਫਾਇਰ ਸੇਫਟੀ ਅਤੇ ਆਵਾਜਾਈ ਨਿਯਮਾਂ ਕਾਨੂੰਨਾਂ ਦੀ ਟ੍ਰੇਨਿੰਗ ਲੈਣੀ ਚਾਹੀਦੀ ਹੈ ਅਤੇ ਪੀੜਤਾਂ ਦੀ ਸਹਾਇਤਾ ਲਈ ਤਿਆਰ ਬਰ ਤਿਆਰ ਹੋਣਾ ਚਾਹੀਦਾ ਹੈ। 1945 ਵਿੱਚ, ਆਜ਼ਾਦ ਹਿੰਦ ਫੌਜ ਨੂੰ, ਭਾਰਤ ਦੀ ਆਜ਼ਾਦੀ ਲਈ ਜਾਣ ਤੋ ਰੋਕਣ ਲਈ ਅਮਰੀਕਾ ਵਲੋਂ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਪਰ ਗਿਰਾਏ ਐਟਮ ਬੰਬਾਂ ਕਾਰਨ ਮਰਨ ਵਾਲੇ 3 ਲੱਖ ਤੋਂ ਵੱਧ ਜਾਪਾਨੀਆਂ, ਨੂੰ ਸ਼ਰਧਾਂਜਲੀ ਦਿੱਤੀ। ਐਨ ਸੀ ਸੀ ਕੈਡਿਟਸ ਅਤੇ ਅਫਸਰਾਂ ਨੇ ਸ਼੍ਰੀ ਕਾਕਾ ਰਾਮ ਵਰਮਾ ਦਾ ਧੰਨਵਾਦ ਕੀਤਾ ਕਿਉਂਕਿ ਕੈਂਪਾਂ ਦੌਰਾਨ ਸ੍ਰੀ ਵਰਮਾ ਜੀ ਉਨ੍ਹਾਂ ਨੂੰ ਫ਼ਸਟ ਏਡ, ਸੀ ਪੀ ਆਰ, ਜ਼ਖਮੀਆਂ ਦੀ ਸੇਵਾ ਸੰਭਾਲ ਦੀ ਟ੍ਰੇਨਿੰਗ ਦਿੰਦੇ ਹਨ। ਪਹਿਲੀ ਵਾਰ ਪੰਜਾਬ ਵਿੱਚ ਕਿਸੇ ਸਮਾਜ ਸੇਵੀ ਸੰਸਥਾ ਵਲੋਂ ਐਨ ਸੀ ਸੀ ਦੇ ਕਾਰਜਾਂ ਨੂੰ ਸਨਮਾਨਿਤ ਕੀਤਾ ਹੈ।

## ਮਾਤਾ ਚਿੰਤਪੁਰਨੀ ਦੇ ਮੇਲੇ ਜਾਣ ਵਾਲੇ ਸ਼ਰਧਾਲੂਆਂ ਲਈ ਖਾਸ ਖਬਰ, ਇਨ੍ਹਾਂ ਵਾਹਨਾਂ ਲਈ ਰੂਟ ਕੀਤਾ ਗਿਆ ਡਾਇਵਰਟ

ਹੁਸ਼ਿਆਰਪੁਰ 10 ਅਗਸਤ। 5 ਅਗਸਤ ਤੋਂ ਸ਼ੁਰੂ ਹੋਏ ਮਾਤਾ ਚਿੰਤਪੁਰਨੀ ਦੇ ਮੇਲੇ ਦੇ ਪ੍ਰਬੰਧਾਂ ਦਾ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਐੱਸ. ਐੱਸ. ਪੀ. ਸੁਰਿੰਦਰ ਲਾਂਬਾ ਨੇ ਬੁੱਧਵਾਰ ਸਾਂਝੇ ਤੌਰ ’ਤੇ ਮਾਤਾ ਚਿੰਤਪੁਰਨੀ ਮੇਲੇ ਦਾ ਦੌਰਾ ਕਰਦਿਆਂ ਮੇਲੇ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਪ੍ਰਸ਼ਾਸਨਿਕ ਅਤੇ ਪੁਲਸ ਅਧਿਕਾਰੀਆਂ ਨੂੰ ਮੇਲੇ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸ਼ਰਧਾਲੂਆਂ ਦੀ ਸੁਵਿਧਾ ਦਾ ਪੂਰਾ ਧਿਆਨ ਰੱਖਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਰਿਲਾਇੰਸ ਇੰਡਸਟਰੀ



ਦੇ ਨਾਲ ਬਣਾਏ ਗਏ ਕੰਟਰੋਲ ਰੂਮ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਕੰਟਰੋਲ ਰੂਮ ਦਾ ਨੰਬਰ 01882-290934 ਹੈ। ਜੇਕਰ ਕਿਸੇ ਸ਼ਰਧਾਲੂ ਨੂੰ ਕੋਈ ਸਮੱਸਿਆ ਆਉਂਦੀ ਹੈ, ਤਾਂ ਉਹ ਉਕਤ ਨੰਬਰ ’ਤੇ ਸੰਪਰਕ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਦੀ ਸੁਵਿਧਾ ਲਈ ਪ੍ਰਸ਼ਾਸਨ ਵੱਲੋਂ ਅਸਥਾਈ ਪਖਾਨੇ, ਡਸਟਬਿਨ, ਦਵਾਈਆਂ, ਫਾਇਰ ਬ੍ਰਿਗੇਡ ਤੋਂ ਇਲਾਵਾ ਹੋਰ ਕਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਇਸ ਤੋਂ ਇਲਾਵਾ ਟ੍ਰੈਫਿਕ ਕੰਟਰੋਲ ਅਤੇ ਸਾਫ-ਸਫਾਈ ਲਈ ਵੀ ਟੀਮਾਂ ਤਾਇਨਾਤ ਹਨ। ਉਨ੍ਹਾਂ ਲੰਗਰ ਕਮੇਟੀਆਂ ਨਾਲ ਵੀ ਸਫਾਈ ਵਿਵਸਥਾ ਬਣਾਈ ਰੱਖਣ ਅਤੇ ਨਿਰਵਿਘਨ ਆਵਾਜਾਈ ਲਈ ਸੜਕ ’ਤੇ ਆ ਕੇ ਲੰਗਰ ਨਾ ਵੰਡਣ ਲਈ ਕਿਹਾ। ਉਨ੍ਹਾਂ ਸ਼ਰਧਾਲੂਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਭਾਰ ਢੋਹਣ ਵਾਲੇ ਵਾਹਨਾਂ ’ਤੇ ਮਾਤਾ ਦੇ ਦਰਸ਼ਨਾਂ ਲਈ ਨਾ ਜਾਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਤੋਂ ਆਉਣ ਵਾਲੇ ਭਾਰੀ ਵਾਹਨ ਅਤੇ ਟਿੱਪਰਾਂ ਨੂੰ ਹਿਮਾਚਲ ਤੋਂ ਡਾਇਵਰਟ ਕਰ ਦਿੱਤਾ ਗਿਆ ਹੈ ਅਤੇ ਹੁਸ਼ਿਆਰਪੁਰ ਤੋਂ ਜਾਣ ਵਾਲੇ ਭਾਰੀ ਵਾਹਨਾਂ ਅਤੇ ਟਿਪਰਾਂ ਨੂੰ ਭੰਗੀ ਚੋਅ ਤੋਂ ਡਾਇਵਰਟ ਕਰਦੇ ਹੋਏ ਊਨਾ ਭੇਜਿਆ ਜਾ ਰਿਹਾ ਹੈ। ਇਸ ਮੌਕੇ ਐੱਸ. ਪੀ. ਮਨੋਜ ਠਾਕੁਰ, ਡੀ. ਐੱਸ. ਪੀ. ਅਮਰਨਾਥ, ਸੰਦੀਪ ਸ਼ਰਮਾ ਵੀ ਮੌਜੂਦ ਸਨ।

## ਪਿੰਡ ਧਮਰਾਈ ਵਿਖੇ ਨਹਿਰ ‘ਚ ਪਏ ਪਾੜ ਦਾ ‘ਆਪ’ ਹਲਕਾ ਇੰਚਾਰਜ ਸਮਸੇਰ ਸਿੰਘ ਨੇ ਲਿਆ ਜਾਇਜਾ

ਦੀਨਾਨਗਰ 10 ਅਗਸਤ। ਬੀਤੀ ਸਾਮ ਦੀਨਾਨਗਰ ਨੇੜਲੇ ਪਿੰਡ ਧਮਰਾਈ ਵਿਖੇ ਅਪਰਬਾਰੀ ਦੁਆਬ ਨਹਿਰ ਦੇ ਪੁਰਾਣੇ ਪੁਲ ਦੀ ਵਿੰਗ ਦੀਵਾਰ ਨੁਕਸਾਨੀ ਜਾਣ ਕਾਰਨ ਨਹਿਰ ਦੇ ਕਿਨਾਰੇ ਨੂੰ ਖੋਰਾ ਲੱਗ ਗਿਆ ਸੀ। ਇਸ ਦਾ ਜਾਇਜਾ ਲੈਣ ਲਈ ਅੱਜ ਦੇਰ ਸਾਮ ‘ਆਪ’ ਦੇ ਸਹਿਰੀ ਪ੍ਰਧਾਨ ਅਤੇ ਹਲਕਾ ਇੰਚਾਰਜ ਦੀਨਾਨਗਰ ਸਮਸੇਰ ਸਿੰਘ ਵੱਲੋਂ ਸਾਰੀ ਸਥਿਤੀ ਦਾ ਜਾਇਜਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਐੱਸ.ਡੀ.ਐੱਮ. ਦੀਨਾਨਗਰ ਜਯੋਤਸਨਾ ਠਾਕੁਰ ਤੇ ਨਾਇਬ



ਤਹਿਸੀਲਦਾਰ ਰਘੁਬੀਰ ਸਿੰਘ ਅਤੇ ਯੂ.ਬੀ.ਡੀ.ਸੀ. ਦੇ ਐੱਸ.ਡੀ.ਓ. ਸੰਜੀਵ ਸਰਮਾ ਤੇ ਹੋਰ ਅਧਿਕਾਰੀ ਹਾਜਰ ਸਨ। ਇਸ ਮੌਕੇ ਉਨ੍ਹਾਂ ਗੱਲਬਾਤ ਕਰਦੇ ਹੋਏ ਦੱਸਿਆ ਕਿ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਤੁਰੰਤ ਹੀ ਪੁਲ ਉੱਪਰੋਂ ਆਵਾਜਾਈ ਨੂੰ ਬੰਦ ਕਰਕੇ ਬੀ.ਆਰ. ਪੁਲ ਵੱਲ ਮੋੜ ਦਿੱਤਾ ਗਿਆ ਹੈ ਅਤੇ ਕਿਨਾਰੇ ਦੀ ਮੁਰੰਮਤ ਦਾ ਕੰਮ ਤੁਰੰਤ ਸੁਰੂ ਕਰਵਾ ਦਿੱਤਾ। ਉਨ੍ਹਾਂ ਕਿਹਾ ਕਿ ਜਲਦੀ ਹੀ ਇਸ ਦੀ ਰਿਪੇਅਰ ਹੋ ਜਾਵੇਗੀ, ਜਿਸ ਨਾਲ ਲੋਕਾਂ ਨੂੰ ਮੁੜ ਪਹਿਲਾਂ ਵਾਂਗ ਆਉਣ ਜਾਣ ਦੀ ਸਹੂਲਤ ਮਿਲ ਜਾਵੇਗੀ।

## ਪੰਜਾਬ ‘ਚ ਕਿਉਂ ਵਧਾਏ ਜਾ ਰਹੇ ਜਮੀਨਾਂ ਦੇ ਕੁਲੈਕਟਰ ਰੇਟ? ਵਿੱਤ ਮੰਤਰੀ ਨੇ ਦੱਸੀ ਅਸਲ ਵਜ੍ਹਾ

ਚੰਡੀਗੜ੍ਹ 10 ਅਗਸਤ। ਪੰਜਾਬ ਸਰਕਾਰ ਵੱਲੋਂ ਸੂਬੇ ਦੀ ਵਿੱਤੀ ਸਿਹਤ ਨੂੰ ਹੋਰ ਮਜਬੂਤ ਕਰਨ ਲਈ ਜ਼ਮੀਨਾਂ ਦੇ ਕੁਲੈਕਟਰ ਰੇਟਾਂ ਵਿਚ ਵਾਧਾ ਕਰਨ ਦਾ ਫੈਸਲਾ ਕੀਤਾ ਹੈ। ਸੂਬੇ ਦੇ ਮਾਲ ਮਹਿਕਮੇ ਤੋਂ ਆਮਦਨੀ ’ਚ ਵਾਧੇ ਲਈ ਆਉਂਦੇ ਦਿਨਾਂ ਵਿਚ ਕੁਲੈਕਟਰ ਰੇਟ ਵੱਧ ਸਕਦੇ ਹਨ। ਜ਼ਿਲ੍ਹਾ ਪਟਿਆਲਾ ਨੇ ਇਸ ਮਾਮਲੇ ਵਿਚ ਪਹਿਲ ਕਰ ਦਿੱਤੀ ਹੈ ਜਦਕਿ ਬਾਕੀ ਜਿ਼ਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਫੌਰੀ ਕੁਲੈਕਟਰ ਰੇਟਾਂ ’ਚ ਵਾਧੇ ਲਈ ਆਖ ਦਿੱਤਾ ਗਿਆ ਹੈ। ਇਸ ਨੂੰ ਲੈ ਕੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਹੈ ਕਿ ਮਾਰਕੀਟ ਵਿਚ ਜੋ ਜਮੀਨ ਦੀ ਅਸਲ ਕੀਮਤ ਹੈ, ਉਸ ਨਾਲੋਂ ਕੁਲੈਕਟਰ ਰੇਟਾਂ ਦਾ ਬਹੁਤ ਫਰਕ ਹੈ। ਇਸ ਕਾਰਨ ਕਾਲਾਬਜਾਰੀ ਜੋਰਾਂ ‘ਤੇ ਸੀ। ਸਰਕਾਰ ਨੇ ਫੈਸਲਾ ਕੀਤਾ ਹੈ ਕਿ ਕਾਲਾਬਜਾਰੀ ਖਤਮ ਕੀਤੀ ਜਾਵੇਗੀ। ਵਿੱਤ ਮੰਤਰੀ ਨੇ ਕਿਹਾ ਕਿ ਕੁਲੈਕਟਰ ਰੇਟਾਂ ਵਿਚ ਵਾਧਾ ਕੀਤਾ ਜਾਵੇਗਾ। ਅਸੀਂ ਚਾਹੁੰਦੇ ਹਾਂ ਕਿ 2 ਨੰਬਰ ਦੇ ਕੰਮ ਬੰਦ ਹੋਣ ਤੇ ਹਰ ਕੋਈ ਇਮਾਨਦਾਰੀ ਦੇ ਨਾਲ ਜਮੀਨ ਦੀ ਵਿਕਰੀ ਤੇ ਖਰੀਦ ਕਰ ਸਕੇ। ਜਿ਼ਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਨਵੇਂ ਵਾਧੇ ਨਾਲ ਸਾਲਾਨਾ ਕਰੀਬ 1500 ਕਰੋੜ ਰੁਪਏ ਦੀ ਵਾਧੂ ਆਮਦਨ ਹੋਣ ਦਾ ਅਨੁਮਾਨ ਲਾਇਆ ਹੈ। ਸੂਤਰਾਂ ਮੁਤਾਬਕ ਡਿਪਟੀ ਕਮਿਸ਼ਨਰਾਂ ਨੂੰ ਮੰਗਲਵਾਰ ਨੂੰ ਵਿਸ਼ੇਸ਼ ਮੁੱਖ ਸਕੱਤਰ (ਮਾਲ) ਕੇ. ਏ. ਪੀ. ਸਿਨਹਾ ਨੇ ਕੁਲੈਕਟਰ ਰੇਟਾਂ ਵਿਚ ਵਾਧੇ ਬਾਰੇ ਨੋਟੀਫਿ਼ਕੇਸਨ ਦੇ ਆਦੇਸ਼ ਦਿੱਤੇ ਹਨ। ਕਈ ਜਿ਼ਲ੍ਹਿਆਂ ਵਿਚ ਡਿਪਟੀ ਕਮਿਸ਼ਨਰਾਂ ਨੇ ਕੁਲੈਕਟਰ ਰੇਟਾਂ ਵਿਚ ਵਾਧਾ ਕਰਨ ਵਾਸਤੇ ਅੱਜ ਤੋਂ ਹੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਆਮ ਤੌਰ ’ਤੇ ਕੁਲੈਕਟਰ ਰੇਟਾਂ ਵਿਚ 5 ਤੋਂ 10 ਫੀਸਦੀ ਤੱਕ ਦਾ ਵਾਧਾ ਹੁੰਦਾ ਰਿਹਾ ਹੈ। ਪੰਜਾਬ ਸਰਕਾਰ ਨੇ ਇਸ ਵਾਰ ਕੁਲੈਕਟਰ ਰੇਟ ਜ਼ਿਆਦਾ ਵਧਾਉਣ ਦਾ ਫੈਸਲਾ ਕੀਤਾ ਹੈ।

# ਵਿਦੇਸ਼ ‘ਚ ਰਹਿੰਦੀ ਨੂੰਹ ਦੇ ਬਣੇ ਨਾਜਾਇਜ ਸੰਬੰਧ, ਅੱਧੀ ਰਾਤ ਨੂੰ ਸਹੁਰਿਆਂ ‘ਤੇ ਕਰਵਾਇਆ ਹਮਲਾ

**ਸਰਦੂਲ ਸਿੰਘ**

ਅੰਮ੍ਰਿਤਸਰ 10 ਅਗਸਤ। 31 ਜੁਲਾਈ ਦੀ ਰਾਤ ਨੂੰ ਸਾਡੇ ਘਰ ਆ ਕੇ ਹਮਲਾ ਕਰਨ ਵਾਲੇ ਹਮਲਾਵਰਾਂ ਅਤੇ ਸਾਜਿ਼ਸ਼ ਰਚਣ ਵਾਲੇ ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਕੀਤਾ ਜਾਵੇ। ਇਹ ਵਿਚਾਰ ਹੀਰਾ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਬੰਡਾਲਾ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟਾਏ। ਉਨ੍ਹਾਂ ਦੋਸ਼ ਲਗਾਉਂਦਿਆਂ ਕਿਹਾ ਕਿ ਲਵਦੀਪ ਸਿੰਘ ਵਾਸੀ ਪਿੰਡ ਕੋਹਲੀਆਂ ਜਿ਼ਲ੍ਹਾ ਗੁਰਦਾਸਪੁਰ ਤੇ ਕਰਮਬੀਰ ਕੌਰ ਵੱਲੋਂ ਭੇਜੇ ਗਏ ਹਮਲਾਵਰਾਂ ਨੇ ਸਿੱਧੀਆਂ ਗੋਲੀਆਂ ਚਲਾਉਣ ਸਮੇਤ ਤੇਜਧਾਰ ਹਥਿਆਰਾਂ ਨਾਲ ਸਾਡੇ ਘਰ ਦਾ ਦਰਵਾਜਾ ਤੋੜਨ ਦਾ ਬਹੁਤ ਯਤਨ ਕੀਤਾ ਜੇਕਰ ਉਹ ਦਰਵਾਜਾ ਤੋੜਨ ’ਚ ਸਫਲ ਹੋ ਜਾਂਦੇ ਤਾਂ ਉਸ ਦਿਨ ਸਾਡੇ ਸਾਰੇ ਪਰਿਵਾਰ ਦਾ ਬਚਣਾ ਬੇਹੱਦ ਮੁਸ਼ਕਲ ਸੀ। ਹੀਰਾ ਸਿੰਘ ਨੇ ਇਸ ਘਟਨਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਕਿਹਾ ਕਿ ਮੇਰਾ ਪੁੱਤਰ ਮਨਪ੍ਰੀਤ ਸਿੰਘ ਤੇ ਉਸ ਦੀ ਪਤਨੀ ਕਰਮਬੀਰ ਕੌਰ ਇੰਗਲੈਂਡ ’ਚ ਰਹਿੰਦੇ ਸਨ ਜਿੱਥੇ ਲਵਦੀਪ ਸਿੰਘ ਵਾਸੀ ਪਿੰਡ ਕੋਹਲੀਆਂ ਉਨ੍ਹਾਂ ਦਾ ਵਾਕਿਫ ਹੋ ਗਿਆ ਅਤੇ ਫਿਰ ਆਪਸ ’ਚ ਦੋਸਤ ਬਣ ਗਏ ਜਿਸ ਦੌਰਾਨ ਲਵਦੀਪ ਨੇ ਕਰਮਬੀਰ ਕੌਰ ਨਾਲ ਨਾਜਾਇਜ ਸਬੰਧ ਸਥਾਪਤ ਕਰ ਲਏ। ਇਸ ਸਾਰੇ ਮਾਮਲੇ ਬਾਰੇ ਜਦੋਂ ਮਨਪ੍ਰੀਤ ਨੂੰ ਪਤਾ ਲੱਗਾ ਤਾਂ ਉਸ ਨੇ ਲਵਦੀਪ ਤੇ ਕਰਮਬੀਰ ਦੋਵਾਂ ਨੂੰ ਹੀ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਦੋਵੇਂ ਇਕ ਦੂਜੇ ਨੂੰ ਮਿਲਣ ਤੋਂ ਨਹੀ ਹਟੇ। ਹੀਰਾ ਸਿੰਘ ਨੇ ਕਿਹਾ ਕਿ ਮਨਪ੍ਰੀਤ ਤੇ ਕਰਮਬੀਰ ਦਾ ਘਰ ਨਾ ਉਜੜੇ ਇਸ ਲਈ ਸਾਬਕਾ ਸਰਪੰਚ ਕਾਰਜ ਸਿੰਘ ਵਾਸੀ ਪਿੰਡ ਝੀਤੇ ਕਲਾਂ ਆਪਣੇ ਨਾਲ ਕੁਝ ਮੋਹਤਬਰ ਵਿਅਕਤੀਆਂ ਨੂੰ ਲੈ ਕੇ ਲਵਦੀਪ ਸਿੰਘ ਦੇ ਪਿੰਡ ਕੋਹਲੀਆਂ ਵਿਖੇ ਗਏ ਤਾਂ ਜੋ ਉਸ ਦੇ ਮਾਪਿਆਂ ਨੂੰ ਸਮਝਾਇਆ ਜਾ ਸਕੇ ਕਿ ਉਹ ਲਵਦੀਪ ਨੂੰ ਕਰਮਬੀਰ ਦਾ ਪਿੱਛਾ ਛੱਡਣ ਲਈ ਪ੍ਰੇਰਣ ਪਰ ਉਲਟਾ ਲਵਦੀਪ ਦੇ ਮਾਪਿਆਂ ਨੇ ਸਾਬਕਾ ਸਰਪੰਚ ਅਤੇ ਉਨ੍ਹਾਂ ਦੇ ਸਾਥੀਆਂ ’ਤੇ ਹਮਲਾ ਕਰਕੇ ਉਨ੍ਹਾਂ ਦੀਆਂ ਗੱਡੀਆਂ ਭੰਨ ਦਿਤੀਆਂ ਜਿਥੋਂ ਉਹ ਬੜੀ ਮੁਸ਼ਕਲ ਨਾਲ ਜਾਨ ਬਚਾ ਕੇ ਆਏ। ਹੀਰਾ ਸਿੰਘ ਨੇ ਕਿਹਾ ਕਿ ਉਸੇ ਹੀ ਦਿਨ ਲਵਦੀਪ ਸਿੰਘ ਨੇ ਮੈਨੂੰ ਫੋਨ ’ਤੇ ਧਮਕੀਆ ਦਿੰਦਿਆਂ ਆਖਿਆ ਕਿ ਅੱਜ ਰਾਤ ਨੂੰ ਮੈਂ ਤੁਹਾਡਾ ਬੁਰਾ ਹਸ਼ਰ ਕਰਾਂਗਾ ਮੇਰੇ ਸਬੰਧ ਖਤਰਨਾਕ ਲੋਕਾਂ ਨਾਲ ਹਨ ਜਿਸ ਤੋਂ ਬਾਅਦ ਰਾਤ ਕਰੀਬ 1 ਵਜੇ ਅਣਪਛਾਤੇ ਵਿਅਕਤੀ ਸਾਡੇ ਘਰ ਆਏ ਅਤੇ ਗਾਲੀ-ਗਲੋਚ ਕਰਦਿਆਂ ਨੇ ਤੇਜਧਾਰ ਹਥਿਆਰਾਂ ਨਾਲ ਗੇਟ ਤੋੜਨਾ ਸ਼ੁਰੂ ਕਰ ਦਿੱਤਾ ਜਦੋਂ ਅਸੀਂ ਹਫੜਾ-ਦਫੜੀ ’ਚ ਘਰ ਦੀ ਛੱਤ ’ਤੇ ਜਾ ਕੇ ਉਨ੍ਹਾਂ ਤੋਂ ਹਮਲਾ ਕਰਨ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਸਾਡੇ ਵੱਲ ਸਿੱਧੀਆਂ ਗੋਲੀਆਂ ਚਲਾ ਦਿੱਤੀਆਂ ਅਤੇ ਅਸੀਂ ਹੇਠਾਂ ਬੈਠ ਕੇ ਆਪਣੀ ਜਾਨ ਬਚਾਈ। ਉਨ੍ਹਾਂ ਕਿਹਾ ਕਿ ਰੌਲਾ ਪੈਣ ’ਤੇ ਜਦੋਂ ਪਿੰਡ ਵਾਸੀ ਜਾਗ ਪਏ ਤਾਂ ਹਮਲਾਵਰ ਫਿਰ ਆਉਣ ਦੀਆਂ ਧਮਕੀਆ ਦਿੰਦੇ ਹੋਏ ਮੌਕੇ ਤੋਂ ਫਰਾਰ ਹੋ ਗਏ। ਹੀਰਾ ਸਿੰਘ ਨੇ ਕਿਹਾ ਕਿ ਥਾਣਾ ਜੰਡਿਆਲਾ ਗੁਰੂ ਦੀ ਪੁਲਸ ਨੇ ਸਾਰੀ ਘਟਨਾ ਦਾ ਜਾਇਜਾ ਲੈਣ ਤੋਂ ਬਾਅਦ ਲਵਦੀਪ ਸਿੰਘ, ਕਰਮਬੀਰ ਕੌਰ ਅਤੇ ਉਨ੍ਹਾਂ ਵੱਲੋਂ ਭੇਜੇ ਗਏ ਅਣਪਛਾਤੇ ਵਿਅਕਤੀਆਂ ਖਿ਼ਲਾਫ ਕੇਸ ਦਰਜ ਕਰ ਲਿਆ ਹੈ। ਹੀਰਾ ਸਿੰਘ ਨੇ ਪੁਲਸ ਦੇ ਉਚ ਅਧਿਕਾਰੀਆ ਤੋਂ ਇਨਸਾਫ ਦੀ ਗੁਹਾਰ ਲਗਾਉਂਦਿਆਂ ਕਿਹਾ ਕਿ ਸਾਡੇ ’ਤੇ ਹਮਲਾ ਕਰਵਾਉਣ ਦੀ ਸਾਜਿ਼ਸ਼ ਰਚਣ ਵਾਲੇ ਲਵਦੀਪ ਸਿੰਘ, ਕਰਮਬੀਰ ਕੌਰ ਅਤੇ ਹਮਲਾ ਕਰਨ ਵਾਲੇ ਵਿਅਕਤੀਆਂ ਨੂੰ ਜਲਦ ਗ੍ਰਿਫਤਾਰ ਕੀਤਾ ਜਾਵੇ ਕਿਉਂਕਿ ਇਹ ਵਿਅਕਤੀ ਫਿਰ ਕਿਸੇ ਵੇਲੇ ਵੀ ਸਾਡੇ ’ਤੇ ਹਮਲਾ ਕਰਕੇ ਸਾਡੀ ਜਾਨੀ ਮਾਲੀ ਨੁਕਸਾਨ ਕਰ ਸਕਦੇ ਹਨ।



## ਬਾਰਿਸ਼ ਦੀ ਆੜ ‘ਚ ਨੈਸ਼ਨਲ ਹਾਈਵੇਅ ‘ਤੇ ਕੈਮੀਕਲ ਵਾਲਾ ਪਾਣੀ ਛੱਡਣ ਵਾਲੇ 4 ਇੰਡਸਟ੍ਰੀਅਲ ਯੂਨੀਟਾਂ ਨੂੰ ਨੋਟਿਸ ਜਾਰੀ

**ਕਿਸ਼ਨ ਪਾਲ**

ਲੁਧਿਆਣਾ 10 ਅਗਸਤ। ਬਾਰਿਸ਼ ਦੀ ਆੜ ਵਿਚ ਨੈਸ਼ਨਲ ਹਾਈਵੇ ’ਤੇ ਕੈਮੀਕਲ ਵਾਲਾ ਪਾਣੀ ਛੱਡਣ ਵਾਲੇ ਇੰਡਸਟ੍ਰੀਅਲ ਯੂਨੀਟਾਂ ਦੇ ਪ੍ਰਤੀ ਨਗਰ ਨਿਗਮ ਨੇ ਸਖਤ ਸੁਖ ਅਖਤਿਆਰ ਕਰ ਲਿਆ ਹੈ ਜਿਸ ਦੇ ਉਨ੍ਹਾਂ ਨੂੰ ਨੋਟਿਸ ਭੇਜਿਆ ਗਿਆ ਹੈ। ਇਹ 4 ਯੂਨੀਟ ਸ਼ੇਰਪੁਰ ਤੋਂ ਲੈ ਕੇ ਜੁਗਿਆਣਾ ਤੱਕ ਨੈਸ਼ਨਲ ਹਾਈਵੇ ਕੰਢੇ ਸਥਿਤ ਹਨ ਜਿਨ੍ਹਾਂ ਵਿਚ 2 ਇੰਡਸਟਰੀ ਅਤੇ 2 ਡਾਇੰਗ ਯੂਨੀਟ ਹਨ ਜਿਨ੍ਹਾਂ ਦੇ ਖਿਲਾਫ ਨਗਰ ਨਿਗਮ ਨੂੰ ਪੁੱਜੀ ਸ਼ਿਕਾਇਤ ਦੇ ਬਾਵਜੂਦ ਇਹ ਯੂਨੀਟ ਬਾਰਿਸ਼ ਦੀ ਆੜ ਵਿਚ ਨੈਸ਼ਨਲ ਹਾਈਵੇ ’ਤੇ ਕੈਮੀਕਲ ਵਾਲਾ ਪਾਣੀ ਛੱਡ ਰਹੇ ਹਨ ਜਿਸ ਨੂੰ ਨਗਰ ਨਿਗਮ ਵੱਲੋਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਨਿਰਦੇਸ਼ਾਂ ਦੀ ਉਲੰਘਣਾ ਦੱਸਿਆ ਹੈ ਅਤੇ ਅੱਗੇ ਤੋਂ ਇਸ ਤਰ੍ਹਾਂ ਖੁੱਲੇ ਵਿਚ ਕੈਮੀਕਲ ਵਾਲਾ ਪਾਣੀ ਛੱਡਣ ਦੇ ਦੋਸ਼ ਵਿਚ ਕਨੈਕਸ਼ਨ ਕੱਟਣ ਦੀ ਚਿਤਾਵਨੀ ਦਿੱਤੀ ਗਈ ਹੈ। ਇਹ ਮੁੱਦਾ ਵੱਲੋਂ ਵਿਧਾਨ ਸਭਾ ਦੀ ਲੋਕਲ ਬਾਡੀਜ਼ ਕਮੇਟੀ ਦੀ ਮੀਟਿੰਗ ਵਿਚ ਚੁੱਕਿਆ ਗਿਆ ਸੀ। ਜਦੋਂ ਚੇਅਰਮੈਨ ਗੁਰਪ੍ਰੀਤ ਗੋਗੀ ਨੇ ਨੈਸ਼ਨਲ ਹਾਈਵੇ ’ਤੇ ਪਾਣੀ ਦੀ ਨਿਕਾਸੀ ਨਾ ਹੋਣ ਦੀ ਸਮੱਸਿਆ ਨੂੰ ਲੈ ਕੇ ਦੇ ਪ੍ਰਾਜੈਕਟ ਡਾਇਰੈਕਟਰ ਨੂੰ ਫਿਟਕਾਰ ਲਗਾਈ ਤਾਂ ਉਸ ਵੱਲੋਂ ਸ਼ੇਰਪੁਰ ਚੌਕ ਦੇ ਨਾਲ ਲਗਦੇ ਇਲਾਕੇ ਵਿਚ ਕਈ ਥਾਈਂ ਇੰਡਸਟ੍ਰੀਅਲ ਯੂਨੀਆਂ ਵੱਲੋਂ ਬਾਰਿਸ਼ ਦੀ ਆੜ ਵਿਚ ਮੇਨ ਰੋਡ ’ਤੇ ਕੈਮੀਕਲ ਵਾਲਾ ਪਾਣੀ ਛੱਡਣ ਦਾ ਖੁਲਾਸਾ ਕੀਤਾ ਗਿਆ ਹੈ ਜਿਸ ਨਾਲ ਨੈਸ਼ਨਲ ਹਾਈਵੇ ਦੇ ਕੰਢੇ ਬਣੇ ਡ੍ਰੇਨੇਜ ਸਿਸਟਮ ਜ਼ਰੀਏ ਕੈਮੀਕਲ ਵਾਲਾ ਪਾਣੀ ਜ਼ਮੀਨ ਵਿਚ ਜਾਣ ਦਾ ਖਤਰਾ ਬਣਿਆ ਹੋਇਆ ਹੈ ਅਤੇ ਸੜਕਾਂ ਟੁੱਟਣ ਦੀ ਸਮੱਸਿਆ ਆ ਰਹੀ ਹੈ। ਇਸ ਦੇ ਸਬੂਤ ਵਜੋਂ ਐੱਨ.ਐੱਚ.ਏ.ਆਈ. ਦੇ ਪ੍ਰਾਜੈਕਟ ਡਾਇਰੈਕਟਰ ਵੱਲੋਂ ਵੀਡੀਓ ਵੀ ਪੇਸ਼ ਕੀਤੀ ਗਈ ਅਤੇ ਲਿਖਤੀ ਵਿਚ ਸ਼ਿਕਾਇਤ ਦਰਜ ਕਰਵਾਈ ਗਈ ਹੈ ਜਿਸ ਕੇ ਮੱਦੇਨਜ਼ਰ ਡੀ.ਸੀ. ਸਾਕਸ਼ੀ ਸਾਹਨੀ ਵੱਲੋਂ ਪੀ.ਪੀ.ਸੀ.ਬੀ. ਨੂੰ ਕਾਰਵਾਈ ਦੇ ਨਿਰਦੇਸ਼ ਦਿੱਤੇ ਗਏ ਹਨ।




## ਰਾਜਾ ਵੜਿੰਗ ਦੀ ਵੱਡੀ ਕਾਰਵਾਈ, ਰਵਨੀਤ ਬਿੱਟੂ ਦੇ ਮਾਮਿਆਂ ਨੂੰ ਕਾਂਗਰਸ ’ਚੋਂ ਬਾਹਰ ਕੱਢਿਆ

ਮਾਛੀਵਾੜਾ ਸਾਹਿਬ 10 ਅਗਸਤ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਜਾਰੀ ਹੁਕਮਾਂ ਅਨੁਸਾਰ ਕੇਂਦਰੀ ਮੰਤਰੀ ਅਤੇ ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਦੇ ਮਾਮਾ ਤੇਜਿੰਦਰ ਸਿੰਘ ਕੂੰਨਰ ਸਾਬਕਾ ਚੇਅਰਮੈਨ ਸਹਿਕਾਰੀ ਬੈਂਕ ਲੁਧਿਆਣਾ, ਰਾਜਵੰਤ ਸਿੰਘ ਕੂੰਨਰ ਸਾਬਕਾ ਚੇਅਰਮੈਨ ਨੂੰ ਪਾਰਟੀ ’ਚੋਂ ਬਾਹਰ ਕੱਢ ਦਿੱਤਾ ਗਿਆ ਹੈ। ਪਾਰਟੀ ਪ੍ਰਧਾਨ ਰਾਜਾ ਵੜਿੰਗ ਵਲੋਂ ਜਾਰੀ ਪੱਤਰ ਅਨੁਸਾਰ ਉਕਤ ਦੋਵਾਂ ਆਗੂਆਂ ਨੇ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਉਮੀਦਵਾਰ ਦੀ ਵਿਰੋਧਤਾ ਕਰਨ, ਪਾਰਟੀ ਵਿਰੋਧੀ ਗਤੀਵਿਧੀਆਂ ਅਤੇ ਪਾਰਟੀ ਅਨੁਸਾਸ਼ਨ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਤੁਰੰਤ ਪ੍ਰਭਾਵ ਨਾਲ ਕਾਂਗਰਸ ’ਚੋਂ ਕੱਢਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਕੇਂਦਰੀ ਰਵਨੀਤ ਸਿੰਘ ਬਿੱਟੂ ਜਿਨ੍ਹਾਂ ਨੇ ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਖਿ਼ਲਾਫ਼ ਚੋਣ ਲੜੀ ਸੀ ਅਤੇ ਬਿੱਟੂ ਦੇ ਮਾਮਾ ਰਾਜਵੰਤ ਸਿੰਘ ਕੂੰਨਰ ਤੇ ਤੇਜਿੰਦਰ ਸਿੰਘ ਕੂੰਨਰ ਜਿਨ੍ਹਾਂ ਨੇ ਲੁਧਿਆਣਾ ਵਿਖੇ ਆ ਕੇ ਆਪਣੇ ਭਾਣਜੇ ਦੇ ਹੱਕ ਵਿਚ ਚੋਣ ਕਮਾਨ ਸੰਭਾਲਦਿਆਂ ਕਾਂਗਰਸ ਦੀ ਵਿਰੋਧਤਾ ਕੀਤੀ ਸੀ ਜਿਸ ਕਾਰਨ ਉਨ੍ਹਾਂ ਨੂੰ ਹੁਣ ਪਾਰਟੀ ’ਚੋਂ ਕੱਢਿਆ ਗਿਆ ਹੈ। ਇਸ ਤੋਂ ਇਲਾਵਾ ਪਾਰਟੀ ਪ੍ਰਧਾਨ ਰਾਜਾ ਵੜਿੰਗ ਨੇ ਕਾਂਗਰਸ ਦੇ ਟਕਸਾਲੀ ਪਰਿਵਾਰ ਨਾਲ ਸਬੰਧਤ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਤੇ ਕਾਂਗਰਸ ਦੇ ਜ਼ਿਲ੍ਹਾ ਉਪ ਪ੍ਰਧਾਨ ਕੁਲਵਿੰਦਰ ਸਿੰਘ ਮਾਣੇਵਾਲ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ। ਕਾਂਗਰਸ ਪਾਰਟੀ ’ਚੋਂ ਕੱਢੇ ਗਏ ਤਿੰਨੇ ਆਗੂ ਹਲਕਾ ਸਮਰਾਲਾ ਨਾਲ ਸਬੰਧ ਰੱਖਦੇ ਹਨ ਅਤੇ ਇਨ੍ਹਾਂ ਨੂੰ ਪਾਰਟੀ ’ਚੋਂ ਕੱਢਣਾ ਹਲਕੇ ’ਚ ਕਿਸੇ ਵੱਡੇ ਸਿਆਸੀ ਧਮਾਕੇ ਤੋਂ ਘੱਟ ਨਹੀਂ ਦੇਖਿਆ ਜਾ ਸਕਦਾ।



## ਟਿਊਸ਼ਨ ਪੜ੍ਹਨ ਗਿਆ ਲੜਕਾ ਹੋਇਆ ਲਾਪਤਾ, ਮਾਂ ਨੇ 9 ਸਾਲ ਪਹਿਲਾਂ ਲਿਆ ਸੀ ਗੋਦ

ਫਿਰੋਜ਼ਪੁਰ 10 ਅਗਸਤ। ਫਿਰੋਜ਼ਪੁਰ ਦੀ ਬਸਤੀ ਟੈਂਕਾਂਵਾਲੀ ਵਿਖੇ ਇਕ ਔਰਤ ਵੱਲੋਂ ਗੋਦ ਲਿਆ ਬੱਚਾ ਘਰੋਂ ਟਿਊਸ਼ਨ ਪੜ੍ਹਣ ਗਿਆ ਸੀ, ਜੋ ਵਾਪਸ ਘਰ ਨਹੀਂ ਆਇਆ। ਇਸ ਸਬੰਧ ਵਿਚ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿ਼ਲਾਫ 139 ਬੀ. ਐੱਨ. ਐੱਸ. ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਬਿਮਲਾ ਦੇਵੀ ਪਤਨੀ ਰਾਮ ਦੁਲਾਰੇ ਵਾਸੀ ਮਕਾਨ ਨੰਬਰ 24 ਗਲੀ ਨੰਬਰ 24 ਬਸਤੀ ਟੈਂਕਾਂਵਾਲੀ ਕੈਂਟ ਫਿਰੋਜ਼ਪੁਰ ਨੇ ਦੱਸਿਆ ਕਿ ਉਸ ਦੇ ਘਰ ਕੋਈ ਬੱਚਾ ਨਾ ਹੋਣ ਕਰਕੇ ਉਸ ਨੇ ਆਪਣੇ ਭਣੇਵੇ ਦਿਲਬਹਾਦੁਰਪਾਲ ਪੁੱਤਰ ਸੁੰਦਰ ਲਾਲ ਵਾਸੀ ਦੁਧਲਾ ਮੰਡੀ ਮਕਾਨ ਨੰਬਰ 13 ਪੀ. ਐੱਨ. ਟੀ. ਕਾਲੋਨੀ ਅੰਬਾਲਾ ਕੈਂਟ ਤੋਂ ਕਰੀਬ 9 ਸਾਲ ਪਹਿਲਾਂ ਲੜਕੇ ਅਨਮੋਲ ਹੁਣ ਉਮਰ 13 ਸਾਲ ਨੂੰ ਗੋਦ ਲਿਆ ਸੀ, ਜੋ ਉਸ ਦੇ ਘਰ ਉਸ ਦੇ ਅਤੇ ਉਸ ਦੇ ਪਤੀ ਨਾਲ ਰਹਿ ਰਿਹਾ ਸੀ। ਬਿਮਲਾ ਦੇਵੀ ਨੇ ਦੱਸਿਆ ਕਿ ਮਿਤੀ 5 ਅਗਸਤ 2024 ਨੂੰ ਰੋਜ਼ਾਨਾ ਵਾਂਗ 2 ਵਜੇ ਦੁਪਹਿਰ ਘਰ ਆ ਗਿਆ ਸੀ ਅਤੇ ਕਰੀਬ 5 ਵਜੇ ਸ਼ਾਮ ਘਰੋਂ ਸਕੂਲ ਵਾਲਾ ਬੈਗ ਲੈ ਕੇ ਪੈਦਲ ਬਸਤੀ ਟੈਂਕਾਂਵਾਲੀ ਗਲੀ ਨੰਬਰ 16 ਟਿਊਸ਼ਨ ਪੜ੍ਹਨ ਚਲਾ ਗਿਆ ਸੀ ਪਰ ਵਾਪਸ ਨਹੀਂ ਆਇਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਸੁਖਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤ ਕਰਤਾ ਦੇ ਬਿਆਨਾਂ ’ਤੇ ਅਣਪਛਾਤੇ ਵਿਅਕਤੀ ਖਿ਼ਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਸੰਜੀਵ ਅਰੋੜਾ ਨੇ ਰਾਜ ਸਭਾ ‘ਚ ਬੁਲੰਦ ਕੀਤੀ ਸਨਅਤਕਾਰਾਂ ਦੇ ਹੱਕ ‘ਚ ਆਵਾਜ

**ਏਜੰਸੀਆਂ**

ਲੁਧਿਆਣਾ 10 ਅਗਸਤ। ਲੁਧਿਆਣਾ ਦੇ ਸੰਸਦ ਮੈਂਬਰ (ਰਾਜ ਸਭਾ) ਸੰਜੀਵ ਅਰੋੜਾ ਨੇ ਸੋਮਵਾਰ ਨੂੰ ਰਾਜ ਸਭਾ ਦੇ ਚੱਲ ਰਹੇ ਸੈਸ਼ਨ ’ਚ ਸਸਤੇ ਚੀਨੀ ਕੱਪੜਿਆਂ ਦੀ ਡੰਪਿੰਗ ਅਤੇ ਬੰਗਲਾਦੇਸ ਤੋਂ ਮੈਨ ਮੇਡ ਫੈਬ੍ਰਿਕ ਦੀ ਡਿਊਟੀ ਮੁਕਤ ਦਰਾਮਦ ਦਾ ਅਹਿਮ ਮੁੱਦਾ ਉਠਾਇਆ। ਅਰੋੜਾ ਨੇ ਆਪਣੇ ਸੰਬੋਧਨ ’ਚ ਕਿਹਾ ਕਿ ਉਦਯੋਗ ਨੂੰ ਨਿਰਯਾਤ ਦੀ ਘਟਦੀ ਮੰਗ ਅਤੇ ਖਾਸ ਕਰ ਕੇ ਚੀਨ ਤੋਂ ਦਰਾਮਦ ਕੀਤੇ ਫੈਬ੍ਰਿਕ ਅਤੇ ਕੱਪੜਿਆਂ ਦੀ ਵੱਡੀ ਆਮਦ ਦੀ ਦੋਹਰੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੀਨ ਤੋਂ ਸਸਤੇ, ਘਟੀਆ ਕੁਆਲਿਟੀ ਦੇ ਕੱਪੜਿਆਂ ਦੀ ਇਸ ਵੱਡੇ ਪੱਧਰ ’ਤੇ ਡੰਪਿੰਗ ਭਾਰਤੀ ਟੈਕਸਟਾਈਲ ਉਦਯੋਗ, ਖਾਸ ਕਰ ਕੇ ਐੱਮ. ਐੱਸ. ਐੱਮ. ਈ. ਸੈਕਟਰ ਨੂੰ ਭਾਰੀ ਨੁਕਸਾਨ ਪਹੁੰਚਾ ਰਹੀ ਹੈ। ਉਦਯੋਗ ਚੀਨ ਤੋਂ ਘੱਟ ਦਰ ਅਤੇ ਘੱਟ ਕੁਆਲਿਟੀ ਦੇ ਬੁਣੇ ਹੋਏ ਕੱਪੜਿਆਂ ਦੀ ਦਰਾਮਦ ’ਤੇ ਤੁਰੰਤ ਪਾਬੰਦੀ ਲਗਾਉਣ ਦੀ ਮੰਗ ਕਰਦਾ ਹੈ। ਘਰੇਲੂ ਉਦਯੋਗ ਦੀ ਸੁਰੱਖਿਆ ਲਈ ਕਸਟਮ ਟੈਰਿਫ ਦੇ ਚੈਪਟਰ-60 ਤਹਿਤ ਸਾਰੇ ਐੱਚ. ਐੱਸ. ਐੱਨ. ਕੋਡਾਂ ’ਤੇ ਘੱਟੋ-ਘੱਟ 3.50 ਅਮਰੀਕੀ ਡਾਲਰ ਪ੍ਰਤੀ ਕਿਲੋਗ੍ਰਾਮ ਦੀ ਘੱਟੋ-ਘੱਟ ਦਰਾਮਦ ਕੀਮਤ ਲਗਾਉਣਾ ਮਹੱਤਵਪੂਰਨ ਹੈ। ਅਰੋੜਾ ਨੇ ਕਿਹਾ ਕਿ ਇਕ ਹੋਰ ਮਹੱਤਵਪੂਰਨ ਮੁੱਦਾ 2006 ਦੇ ਸਾਰਕ ਸਮਝੌਤੇ ਤਹਿਤ ਬੰਗਲਾਦੇਸ ਤੋਂ ਮੈਨ ਮੇਡ ਬਣਾਏ ਕੱਪੜੇ ਦੀ ਡਿਊਟੀ ਮੁਕਤ ਦਰਾਮਦ ਹੈ। ਬੰਗਲਾਦੇਸ ਚੀਨ ਤੋਂ ਸਸਤੇ ਕੱਪੜਿਆਂ ਦੀ ਦਰਾਮਦ ਕਰਦਾ ਹੈ। ਉਨ੍ਹਾਂ ਕਿਹਾ ਕਿ ਕੱਪੜਾ ਨਿਰਮਾਣ ਇਕ ਮਜਦੂਰੀ ਵਾਲਾ ਉਦਯੋਗ ਹੈ, ਜੋ ਖਾਸ ਕਰ ਕੇ ਔਰਤਾਂ ਲਈ ਰੋਜਗਾਰ ਦੇ ਮੌਕੇ ਪ੍ਰਦਾਨ ਕਰਦਾ ਹੈ। ਸਥਾਨਕ ਉਦਯੋਗ ਨੂੰ ਹੁਲਾਰਾ ਦੇਣ ਅਤੇ ਨੌਕਰੀਆਂ ਦੀ ਸੁਰੱਖਿਆ ਲਈ ਇਸ ਡਿਊਟੀ ਫ੍ਰੀ ਦਰਾਮਦ ’ਤੇ ਤੁਰੰਤ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਅਰੋੜਾ ਨੇ ਕਿਹਾ ਕਿ ਭਾਰਤੀ ਟੈਕਸਟਾਈਲ ਉਦਯੋਗ ਲਈ ਇਕ ਬਰਾਬਰੀ ਦੇ ਖੇਤਰ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨਾ ਮਹੱਤਵਪੂਰਨ ਹੈ। ਲੁਧਿਆਣਾ ਤੋਂ ਸੰਸਦ ਮੈਂਬਰ (ਰਾਜ ਸਭਾ) ਸੰਜੀਵ ਅਰੋੜਾ ਨੇ ਸੋਮਵਾਰ ਨੂੰ ਸਿਫਰ ਕਾਲ ਦੌਰਾਨ ਰਾਜ ਸਭਾ ਦੇ ਚੱਲ ਰਹੇ ਸੈਸ਼ਨ ’ਚ ਬੋਲਦਿਆਂ ਸਰਕਾਰ ਨੂੰ ਦੇਸ ਭਰ ’ਚ ਇਨਕਮ ਟੈਕਸ ਕਮਿਸਨਰ (ਸੀ. ਆਈ. ਟੀ.) ਦੇ ਸਾਹਮਣੇ ਪੈਂਡਿੰਗ ਵੱਡੀ ਗਿਣਤੀ ’ਚ ਕੇਸਾਂ ਦਾ ਨਿਪਟਾਰਾ ਕਰਨ ਦੀ ਅਪੀਲ ਕੀਤੀ। ਅਰੋੜਾ ਨੇ ਦੇਸ ਭਰ ਦੇ ਇਨਕਮ ਟੈਕਸ ਕਮਿਸਨਰ (ਸੀ. ਆਈ. ਟੀ.) ਅੱਗੇ ਪੈਂਡਿੰਗ ਅਪੀਲਾਂ ਦੇ ਮਹੱਤਵਪੂਰਨ ਬੈਕਲਾਗ ਬਾਰੇ ਡੂੰਘੀ ਚਿੰਤਾ ਜਾਹਿਰ ਕੀਤੀ। ਉਨ੍ਹਾਂ ਕਿਹਾ ਕਿ ਮੌਜੂਦਾ ਸਥਿਤੀ ਚਿੰਤਾਜਨਕ ਹੈ ਕਿਉਂਕਿ ਅਪ੍ਰੈਲ 2024 ਤੱਕ, ਸੀ. ਆਈ. ਟੀ. ਕੋਲ 5 ਲੱਖ ਤੋਂ ਵੱਧ ਅਪੀਲਾਂ ਅਣਸੁਲਝੀਆਂ ਰਹਿੰਦੀਆਂ ਹਨ ਅਤੇ ਇਨ੍ਹਾਂ ’ਚੋਂ ਜਿ਼ਆਦਾਤਰ ਹਾਲ ਹੀ ’ਚ ਲਾਗੂ ਕੀਤੇ ਫਾਸਲੈੱਸ ਅਪੀਲੀ ਪ੍ਰਣਾਲੀ ਤਹਿਤ ਦਾਇਰ ਕੀਤੀਆਂ ਗਈਆਂ ਹਨ। ਅਰੋੜਾ ਨੇ ਇਸਾਰਾ ਕੀਤਾ ਕਿ ਇਹ ਵੱਡਾ ਬੈਕਲਾਗ ਨਾ ਸਿਰਫ ਟੈਕਸਦਾਤਾ ਚਾਰਟਰ ’ਚ ਦਰਸਾਏ ਗਏ ਸਮੇਂ ਸਿਰ ਫੈਸਲੇ ਲੈਣ ਦੀ ਵਚਨਬੱਧਤਾ ਦਾ ਖੰਡਨ ਕਰਦਾ ਹੈ, ਸਗੋਂ ਟੈਕਸ ਪ੍ਰਣਾਲੀ ’ਚ ਬਰਾਬਰੀ ਅਤੇ ਨਿਰਪੱਖਤਾ ਬਾਰੇ ਵੀ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਵਿੱਤੀ ਸਾਲ ’ਚ ਸਿਰਫ 61,311 ਕੇਸ (ਲਗਭਗ 12 ਫੀਸਦੀ) ਹੱਲ ਕੀਤੇ ਗਏ ਸਨ। ਇਸ ਗੰਭੀਰ ਸਥਿਤੀ ਨਾਲ ਨਜਿੱਠਣ ਲਈ ਅਰੋੜਾ ਨੇ ਸਬੰਧਤ ਮੰਤਰੀ ਨੂੰ ਆਉਣ ਵਾਲੇ ਸਮੇਂ ’ਚ ਕੁਝ ਉਪਰਾਲੇ ਕਰਨ ਦੀ ਅਪੀਲ ਕੀਤੀ। ਅਰੋੜਾ ਨੇ ਅਪੀਲਾਂ ਦੇ ਨਿਪਟਾਰੇ ਲਈ ਸੀ. ਆਈ. ਟੀ. ਅਪੀਲਾਂ ’ਤੇ ਸਖਤ ਸਮਾਂ ਹੱਦ ਲਗਾਉਣ ਲਈ ਢੁੱਕਵਾਂ ਕਾਨੂੰਨ ਬਣਾਉਣ ਦਾ ਸੁਝਾਅ ਦਿੱਤਾ। ਇਕ ਸਾਲ ਦੀ ਮੌਜੂਦਾ ਸਲਾਹਕਾਰੀ ਸੀਮਾ ਨਾਕਾਫੀ ਹੈ, ਉਨ੍ਹਾਂ ਕਿਹਾ ਕਿ ਇਹ ਇਕ ਸਲਾਹਕਾਰੀ ਸੀਮਾ ਹੈ ਪਰ ਇਸ ਦੀ ਪਾਲਣਾ ਨਹੀਂ ਕੀਤੀ ਜਾ ਰਹੀ।




# ਸ਼ਹਿਰ ਦੇ ਇਸ਼ਤਿਹਾਰਾਂ ਦਾ ਠੇਕਾ ਲੈਣ ਵਾਲੀ ਕੰਪਨੀ ਨੇ ਜਲੰਧਰ ਨਿਗਮ ’ਤੇ 33 ਕਰੋੜ ਹਰਜਾਨੇ ਦਾ ਠੋਕਿਆ ਦਾਅਵਾ

**ਏਜੰਸੀਆਂ**

ਜਲੰਧਰ 10 ਅਗਸਤ। ਨਗਰ ਨਿਗਮ ਜਲੰਧਰ ਨਾਲ ਸਬੰਧਤ 3 ਵੱਡੇ ਕੇਸ ਇਸ ਸਮੇਂ ਆਰਬੀਟ੍ਰੇਸ਼ਨ ਵਿਚ ਚੱਲ ਰਹੇ ਹਨ ਪਰ ਹੁਣ ਚੌਥੇ ਕੇਸ ਵਿਚ ਅੰਮ੍ਰਿਤਸਰ ਦੀ ਉਸ ਕੰਪਨੀ ਨੇ ਜਲੰਧਰ ਨਿਗਮ ’ਤੇ 33 ਕਰੋੜ ਰੁਪਏ ਦੇ ਹਰਜਾਨੇ ਦਾ ਦਾਅਵਾ ਠੋਕ ਦਿੱਤਾ ਹੈ, ਜਿਸ ਕੰਪਨੀ ਨੇ ਤਤਕਾਲੀ ਲੋਕਲ ਬਾਡੀਜ ਮੰਤਰੀ ਚੌਧਰੀ ਜਗਜੀਤ ਸਿੰਘ (ਹੁਣ ਸਵਰਗੀ) ਦੇ ਕਾਰਜਕਾਲ ਦੌਰਾਨ ਸ਼ਹਿਰ ਦੇ ਸਾਰੇ ਇਸ਼ਤਿਹਾਰਾਂ ਦਾ ਠੇਕਾ 11 ਸਾਲ ਤੋਂ ਜਿ਼ਆਦਾ ਸਮੇਂ ਲਈ ਲਗਭਗ 18 ਕਰੋੜ ਰੁਪਏ ਵਿਚ ਲੈ ਲਿਆ ਸੀ। ਉਸ ਸਮੇਂ ਤਤਕਾਲੀ ਮੇਅਰ ਸੁਰਿੰਦਰ ਮਹੇ (ਹੁਣ ਸਵਰਗੀ) ਸਨ। ਉਦੋਂ ਜਲੰਧਰ ਦੇ ਇਸ ਐਡਵਰਟਾਈਜਮੈਂਟ ਸਕੈਂਡਲ ਦਾ ਰੌਲਾ ਪੂਰੇ ਪੰਜਾਬ ਵਿਚ ਪਿਆ ਸੀ ਅਤੇ ਕਾਂਗਰਸ ਸਰਕਾਰ ਨੂੰ ਕਾਫੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ। ਉਦੋਂ ਸਬੰਧਤ ਕੰਪਨੀ ਨੇ ਸ਼ਹਿਰ ਵਿਚ ਜਿਹੜੀਆਂ ਸਾਈਟਾਂ ’ਤੇ ਆਪਣੇ ਇਸ਼ਤਿਹਾਰ ਲਾਉਣੇ ਸਨ, ਉਨ੍ਹਾਂ ਨੂੰ ਲੈ ਕੇ ਲੰਮਾ ਵਿਵਾਦ ਚੱਲਿਆ, ਜੋ ਹਾਈ ਕੋਰਟ ਤਕ ਪਹੁੰਚਿਆ। ਅਦਾਲਤੀ ਪ੍ਰਕਿਰਿਆ ਕਾਰਨ ਕੰਪਨੀ ਦੇ ਠੇਕੇ ਤਕ ਵਿਚ ਵਾਧਾ ਕੀਤਾ ਗਿਆ। ਨਗਰ ਨਿਗਮ ਨੇ ਇਕ ਵਾਰ ਹਾਈ ਕੋਰਟ ਵਿਚ ਕੇਸ ਜਿੱਤ ਵੀ ਲਿਆ ਪਰ ਉਦੋਂ ਕੰਪਨੀ ਸੁਪਰੀਮ ਕੋਰਟ ਦੀ ਸ਼ਰਨ ਵਿਚ ਚਲੀ ਗਈ, ਜਿਥੇ ਮਾਮਲੇ ਨੂੰ ਸੁਲਝਾਉਣ ਲਈ ਸੋਲ ਆਰਬੀਟ੍ਰੇਟਰ ਦੀ ਨਿਯੁਕਤੀ ਕਰ ਦਿੱਤੀ ਗਈ। ਪਤਾ ਲੱਗਾ ਹੈ ਕਿ ਆਰਬੀਟ੍ਰੇਸ਼ਨ ਦੇ ਇਸ ਕੇਸ ਵਿਚ ਹੁਣ ਤਕ 4 ਮੀਟਿੰਗਾਂ ਹੋ ਚੁੱਕੀਆਂ ਹਨ ਅਤੇ ਕੇਸ ’ਤੇ ਅਗਲੀ ਸੁਣਵਾਈ 20 ਅਗਸਤ ਨੂੰ ਦੁਪਹਿਰ 1.30 ਵਜੇ ਚੰਡੀਗੜ੍ਹ ਆਰਬੀਟ੍ਰੇਸ਼ਨ ਸੈਂਟਰ ਵਿਚ ਹੋਣੀ ਹੈ। ਸ਼੍ਰੀ ਦੁਰਗਾ ਪਬਲੀਸਿਟੀ ਸਰਵਿਸਿਜ ਨੇ ਇਸ ਮਾਮਲੇ ਵਿਚ ਸਟੇਟ ਆਫ ਪੰਜਾਬ ’ਤੇ ਸੈਕਟਰੀ ਲੋਕਲ ਬਾਡੀਜ ਜਰੀਏ ਅਤੇ ਨਗਰ ਨਿਗਮ ਜਲੰਧਰ ’ਤੇ ਕਮਿਸ਼ਨਰ ਜਰੀਏ ਕੇਸ ਦਾਇਰ ਕੀਤਾ ਹੋਇਆ ਹੈ। ਸੁਪਰੀਮ ਕੋਰਟ ਦੇ ਹੁਕਮਾਂ ’ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਰਾਜੀਵ ਨਾਰਾਇਣ ਰੈਣਾ ਨੂੰ ਸੋਲ ਆਰਬੀਟ੍ਰੇਟਰ ਨਿਯੁਕਤ ਕੀਤਾ ਗਿਆ ਹੈ। ਨਗਰ ਨਿਗਮ ਦੇ ਕਮਿਸ਼ਨਰ ਵੱਲੋਂ ਇਸ ਮਾਮਲੇ ਵਿਚ ਪੈਰਵੀ ਲਈ ਐਡਵੋਕੇਟ ਐੱਚ. ਕੇ. ਅਰੋੜਾ ਦੀਆਂ ਸੇਵਾਵਾਂ ਲਈਆਂ ਗਈਆਂ ਹਨ। 2004 ਵਿਚ ਜਲੰਧਰ ਨਿਗਮ ਨੇ ਸ਼ਹਿਰ ਵਿਚ 2 ਥਾਵਾਂ ’ਤੇ ਫੁੱਟਓਵਰ ਬ੍ਰਿਜ ਬਣਾਉਣ ਲਈ ਟੈਂਡਰ ਕੱਢੇ ਸਨ। ਸ਼੍ਰੀ ਦੁਰਗਾ ਪਬਲੀਸਿਟੀ ਨੇ ਇਹ ਟੈਂਡਰ ਹਾਸਲ ਕਰ ਲਿਆ ਸੀ, ਜਿਸ ਤਹਿਤ ਜਨਵਰੀ 2005 ਵਿਚ ਦੋਵਾਂ ਧਿਰਾਂ ਵਿਚਕਾਰ ਐਗਰੀਮੈਂਟ ਹੋਇਆ। 90 ਲੱਖ ਰੁਪਏ ਦੀ ਲਾਗਤ ਨਾਲ ਇਹ ਦੋਵੇਂ ਫੁੱਟਓਵਰ ਬ੍ਰਿਜ ਬਣਾਏ ਜਾਣੇ ਸਨ, ਜਿਨ੍ਹਾਂ ਵਿਚੋਂ ਇਕ ਬੱਸ ਸਟੈਂਡ ਨੇੜੇ ਅਤੇ ਦੂਜਾ ਏ. ਪੀ. ਜੇ. ਸਕੂਲ ਦੇ ਸਾਹਮਣੇ ਬਣਨਾ ਸੀ। ਕੰਪਨੀ ਨੇ ਬੱਸ ਸਟੈਂਡ ਨੇੜੇ ਫੁੱਟਓਵਰ ਬ੍ਰਿਜ ਬਣਾ ਵੀ ਦਿੱਤਾ ਪਰ ਬਾਅਦ ਵਿਚ ਉਸ ਨੂੰ ਤੋੜ ਦਿੱਤਾ ਗਿਆ ਅਤੇ ਦੂਜੇ ਫੁੱਟਓਵਰ ਬ੍ਰਿਜ ਦੀ ਵੀ ਥਾਂ ਬਦਲਣ ਨੂੰ ਕਿਹਾ ਗਿਆ। ਉਦੋਂ ਇਹ ਮਾਮਲਾ ਅਦਾਲਤਾਂ ਦੀ ਸ਼ਰਨ ਵਿਚ ਚਲਾ ਗਿਆ। ਕੰਪਨੀ ਵੱਲੋਂ ਲਗਾਤਾਰ ਮੰਗ ਕੀਤੀ ਜਾਂਦੀ ਰਹੀ ਕਿ ਉਸ ਨੂੰ ਇਸ਼ਤਿਹਾਰ ਲਾਉਣ ਲਈ ਸਾਈਟਾਂ ਮੁਹੱਈਆ ਨਹੀਂ ਕਰਵਾਈਆਂ ਗਈਆਂ, ਇਸ ਲਈ ਉਸਨੂੰ ਵਿੱਤੀ ਨੁਕਸਾਨ ਹੋਇਆ ਹੈ। ਪਤਾ ਲੱਗਾ ਹੈ ਕਿ ਇਸੇ ਕਾਰਨ ਕੰਪਨੀ ਨੇ ਹੁਣ 33 ਕਰੋੜ ਰੁਪਏ ਦੇ ਹਰਜਾਨੇ ਦਾ ਦਾਅਵਾ ਜਲੰਧਰ ਨਿਗਮ ’ਤੇ ਕੀਤਾ ਹੈ। ਖਾਸ ਗੱਲ ਇਹ ਹੈ ਕਿ ਸ਼ਹਿਰ ਦੇ ਸਾਰੇ ਇਸ਼ਤਿਹਾਰਾਂ ਦੇ ਟੈਂਡਰ ਲੈਣ ਵਾਲੀ ਇਸੇ ਕੰਪਨੀ ਨੇ ਡੀ. ਏ. ਵੀ. ਫਲਾਈਓਵਰ ਦਾ ਨਿਰਮਾਣ ਵੀ ਇਨ੍ਹਾਂ ਪੈਸਿਆਂ ਨਾਲ ਕੀਤਾ ਸੀ।




## ਸਰਕਾਰੀ ਸਕੂਲ ਦੇ ਸਾਇੰਸ ਅਧਿਆਪਕ ਨਾਲ ਬੁਰੀ ਤਰ੍ਹਾਂ ਕੁੱਟਮਾਰ, ਹਸਪਤਾਲ ‘ਚ ਚੱਲ ਰਿਹਾ ਇਲਾਜ

ਸ਼ੇਰਪੁਰ 10 ਅਗਸਤ। ਬਲਾਕ ਸ਼ੇਰਪੁਰ ਅਧੀਨ ਪੈਂਦੇ ਪਿੰਡ ਮਾਹਮਦਪੁਰ ਦੇ ਸਰਕਾਰੀ ਸਕੂਲ ’ਚ ਸੇਵਾਵਾਂ ਨਿਭਾ ਰਹੇ ਸਾਇੰਸ ਅਧਿਆਪਕ ਦੀ ਮਾਹਮਦਪੁਰ ਤੋਂ ਕੁਠਾਲਾ ਜਾਂਦੇ ਸਮੇਂ ਅਣਪਛਾਤੇ ਵਿਅਕਤੀਆਂ ਵੱਲੋਂ ਰਸਤੇ ’ਚ ਘੇਰ ਕੇ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਹੈ। ਜਾਣਕਾਰੀ ਦਿੰਦਿਆਂ ਸਿਵਲ ਹਸਪਤਾਲ ਧੂਰੀ ਵਿਖੇ ਜੇਰੇ ਇਲਾਜ ਅਧਿਆਪਕ ਜਤਿੰਦਰ ਸਿੰਘ ਵਾਸੀ ਕੁਠਾਲਾ ਨੇ ਦੱਸਿਆ ਕਿ ਉਹ ਦੁਪਹਿਰ 2 ਵਜੇ ਤੋਂ ਬਾਅਦ ਆਪਣੀ ਡਿਊਟੀ ਖਤਮ ਕਰ ਕੇ ਮਾਹਮਦਪੁਰ ਸਕੂਲ ਤੋਂ ਆਪਣੇ ਘਰ ਪਿੰਡ ਕੁਠਾਲਾ ਵੱਲ ਨੂੰ ਜਾ ਰਿਹਾ ਸੀ ਤਾਂ ਰਸਤੇ ’ਚ ਚਾਰ-ਪੰਜ ਇਕ ਗੱਡੀ ’ਚ ਸਵਾਰ ਪਹਿਲਾਂ ਤੋਂ ਹੀ ਘਾਤ ਲਾ ਕੇ ਬੈਠੇ ਅਣਪਛਾਤੇ ਵਿਅਕਤੀਆਂ ਵੱਲੋਂ ਉਸ ਉੱਪਰ ਰਾਡਾਂ ਜਿਸ ’ਤੇ ਗਰਾਰੀਆਂ ਫਿੱਟ ਕੀਤੀਆਂ ਹੋਈ ਸਨ ਨਾਲ ਜਾਨਲੇਵਾ ਹਮਲਾ ਕਰ ਦਿੱਤਾ। ਨਜਦੀਕ ਖੇਤਾਂ ’ਚ ਕੰਮ ਕਰਦੀਆਂ ਔਰਤਾਂ ਦੇ ਰੌਲਾ ਪਾਉਣ ’ਤੇ ਉਹ ਮੌਕੇ ਤੋਂ ਫਰਾਰ ਹੋਰ ਗਏ। ਅਧਿਆਪਕ ਜਤਿੰਦਰ ਸਿੰਘ ਨੇ ਦੋਸ਼ੀਆਂ ਦੀ ਪਛਾਣ ਕਰ ਕੇ ਉਨ੍ਹਾਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਥਾਣਾ ਸ਼ੇਰਪੁਰ ਦੇ ਮੁਖੀ ਇੰਸਪੈਕਟਰ ਬਲਵੰਤ ਸਿੰਘ ਬਲਿੰਗ ਨੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਸੀ. ਸੀ. ਟੀ. ਵੀ. ਕੈਮਰਿਆਂ ਦੀਆਂ ਤਸਵੀਰਾਂ ਨੂੰ ਖੰਗਾਲਿਆ ਜਾ ਰਿਹਾ ਹੈ। ਪੀੜਤ ਅਧਿਆਪਕ ਜਤਿੰਦਰ ਸਿੰਘ ਦੇ ਬਿਆਨ ਕਲਮਬੰਦ ਕਰ ਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਲਦ ਹੀ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ।